ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 20 | Issue 118| 10 to 16 April, 2024 | Ph.: (510) 240-5949 | Email: asrtimes@gmail.com



## ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ





# ਕੌਣ ਲੁੱਟੇਗਾ ਲੋਕਤੰਤਰ ਦਾ ਮੇਲਾ?

## ਜਨਤਾ ਦੀ ਨਬਜ਼ ਪਛਾਣਨ 'ਚ ਅਜੇ ਸਫ਼ਲ ਨਹੀਂ ਹੋਏ ਸਿਆਸਤਦਾਨ

**ਬਲਰਾਜ ਪੰਨੂੰ**

2024 ਦੀਆਂ ਲੋਕ ਸਭਾ ਚੋਣਾਂ ਬਹੁਤ ਚਰਚਾ ਦੇ ਵਿੱਚ ਨੇ, ਚਾਰੇ ਪਾਸੇ ਸਿਆਸੀ ਰੰਗ ਖਿੱਲਰਿਆ ਹੋਇਆ ਹੈ। ਰਾਜਨੀਤੀ ਦੇ ਵਿੱਚ ਪਰਿਵਾਰਵਾਦ ਪਹਿਲਾਂ ਹੀ ਭਾਰੂ ਰਿਹਾ, ਪਰ ਇਸ ਵਾਰ ਇਸ ਪਰਿਵਾਰਵਾਦ ਦੇ ਵਿੱਚ ਵਾਧਾ ਹੋਇਆ। ਦੂਜਿਆਂ 'ਤੇ ਪਰਿਵਾਰਵਾਦ ਦੇ ਅਟੈਕ ਕਰਦੇ ਕਰਦੇ ਕੁਝ ਨਾਮੀ ਚਿਹਰੇ ਆਪ ਵੀ ਉਸੇ ਰਾਹ ਪੈ ਗਏ ਹਨ। ਵੱਡੀ ਗੱਲ ਇਹ ਹੈ ਕਿ ਪਰਿਵਾਰ ਵੀ ਅੱਗੋਂ ਵੱਖ- ਵੱਖ ਪਾਰਟੀਆਂ ਦੇ ਵਿੱਚ ਵੰਡੇ ਜਾ ਰਹੇ ਨੇ। ਆਪੋ ਧਾਪੀ ਪਈ ਹੋਈ ਹੈ,'ਆਇਆ ਰਾਮ, ਗਯਾ ਰਾਮ' ਵਾਲੀ ਸਕੀਮ ਜਾਂ ਪੱਤੇ ਖੇਡੇ ਜਾ ਰਹੇ ਹਨ। ਆਮ ਲੋਕਾਂ ਦੇ ਲਈ ਲੀਡਰ ਮਜ਼ਾਕ ਦਾ ਪਾਤਰ ਬਣ ਕੇ ਰਹਿ ਗਏ ਨੇ। ਜਨਤਾ ਦਾ ਪੱਲੜਾ ਕਿਹੜੇ ਪਾਸੇ ਝੁੱਕਦਾ ਹੈ, ਸਿਆਸਤਦਾਨ ਇਹ ਬੁਝਾਰਤ ਬੁੱਝਣ ਦੇ ਵਿੱਚ ਹਾਲ ਦੀ ਘੜੀ ਅਸਫ਼ਲ ਨੇ। ਪੰਜਾਬ ਦੇ ਤਕਰੀਬਨ 60 ਪਿੰਡਾਂ ਤੋਂ ਇਲਾਵਾ ਹਿਸਾਰ, ਜੀਂਦ, ਸੋਨੀਪਤ ਆਦਿ ਸਾਰੇ ਪਿੰਡਾਂ ਦੇ ਵਿੱਚ ਪੋਸਟਰ ਲਗਾ ਦਿੱਤੇ ਗਏ ਹਨ, ਕਿ ਕਿਸੇ ਵੀ ਮੰਤਰੀ ਜਾਂ ਪਾਰਟੀ ਦੇ ਨੁਮਾਇੰਦੇ ਨੂੰ ਇੱਥੋਂ ਤੱਕ ਕਿ ਪਾਰਟੀ ਦੇ ਲਈ ਦਰੀਆਂ ਵਿਛਾਉਣ ਵਾਲਿਆਂ ਦੇ ਲਈ ਵੀ ਪਿੰਡ ਵਿੱਚ ਆਉਣ ਦੀ ਪਾਬੰਦੀ ਲਗਾ ਦਿੱਤੀ ਹੈ। ਪੰਜਾਬ ਦੀ ਗੱਲ ਕਰੀਏ ਤਾਂ ਪਰਨੀਤ ਕੌਰ, ਤਰਨਜੀਤ ਸਿੰਘ ਸੰਧੂ, ਹੰਸ ਰਾਜ ਹੰਸ ਆਦਿ ਦਾ ਵਿਰੋਧ ਹੋ ਰਿਹਾ ਹੈ, ਇਹ ਤਿੰਨੇ ਆਗੂ ਇੱਕੋ ਹੀ ਪਾਰਟੀ ਬੀਜੇਪੀ ਨਾਲ ਸਬੰਧਿਤ ਹਨ। ਸਰਕਾਰ ਸੋਚਦੀ ਹੈ ਕਿ ਕਿਸਾਨ ਆਪਣੇ 'ਤੇ ਹੁੰਦੀਆਂ ਵਧੀਕੀਆਂ ਨੂੰ ਭੁੱਲ ਗਿਆ ਹੋਣਾ, ਭਲਿਓ ਲੋਕੋ, ਨਾ ਤਾਂ ਕਿਸਾਨ ਪਹਿਲਾਂ ਵਰਗਾ ਹੈ, ਤੇ ਨਾ ਹੀ ਉਸ ਦੀ ਸੋਚ ਤੁਹਾਡੀ ਗੁਲਾਮ ਰਹਿ ਗਈ ਹੈ। ਏਲਨਾਬਾਦ ਦੀ ਖ਼ਬਰ ਆ ਰਹੀ ਹੈ ਕਿ ਬੀਜੇਪੀ ਦੇ ਝੰਡੇ ਲੈ ਕੇ ਜਾਂਦਾ ਇੱਕ ਟਰੱਕ ਕਿਸਾਨਾਂ ਨੇ ਰੁਕਵਾ ਲਿਆ ਅਤੇ ਸਾਰੇ ਝੰਡਿਆਂ ਨੂੰ ਅੱਗ ਲਗਾ ਦਿੱਤੀ। ਵਿਰੋਧ ਤਾਂ ਸਭ ਪਾਰਟੀਆਂ ਦਾ ਹੋ ਰਿਹਾ ਹੈ ਪਰ ਬੀਜੇਪੀ ਦਾ ਕੁਝ ਜ਼ਿਆਦਾ ਹੋ ਰਿਹਾ ਹੈ।

ਸਿਮਰਨਜੀਤ ਸਿੰਘ ਮਾਨ ਦਾ ਬੇਟਾ ਈਮਾਨ ਸਿੰਘ ਮਾਨ ਅੰਮ੍ਰਿਤਸਰ ਦੀ ਲੋਕ ਸਭਾ ਸੀਟ ਦਾ ਉਮੀਦਵਾਰ ਬਣ ਗਿਆ ਹੈ ਤੇ ਉਧਰ ਸੁੱਚਾ ਸਿੰਘ ਲੰਗਾਹ ਦਾ ਬੇਟਾ ਸ਼ਿਮਲਾ ਪੁਲਿਸ ਨੇ ਨਸ਼ੇ 'ਚ ਗੜੁੱਚ ਫੜ ਲਿਆ ਹੈ । ਕਹਾਵਤ ਹੈ ਕਿ ਜਿਹੋ ਜਿਹੀ ਕੋਕੋ, ਉਹੋ ਜਿਹੇ ਬੱਚੇ। ਜਿਸ ਤਰੀਕੇ ਦੇ ਨਾਲ ਪਾਰਟੀ ਬਦਲੀ ਜਾ ਰਹੀ ਹੈ, ਇੱਕ ਛੋਟੀ ਜਿਹੀ ਕਹਾਣੀ ਸੁਣਾਉਂਦੇ ਹਾਂ ਜੋ ਸਾਡੇ ਬਜ਼ੁਰਗ ਅਕਸਰ ਡੂੰਘੀਆਂ ਗੱਲਾਂ ਸਮਝਾਉਣ ਦੇ ਲਈ ਸੁਣਾਇਆ ਕਰਦੇ ਸੀ। ਕਹਿੰਦੇ ਨੇ ਇੱਕ ਵਾਰ ਇੱਕ ਔਰਤ ਦਾ ਵਿਆਹ ਕਿਸੇ ਰੱਜੇ ਪੁੱਜੇ ਜੱਟ ਨਾਲ ਹੋ ਜਾਂਦਾ ਹੈ, ਇੱਕ ਪੁੱਤਰ ਹੋ ਜਾਂਦਾ ਹੈ, ਜੱਟ ਦੇ ਮਾੜੇ ਦਿਨ ਆਉਂਦੇ ਨੇ ਤੇ ਉਸ ਦੀ ਔਰਤ ਕਿਸੇ ਚੰਗੇ ਦਰਜ਼ੀ ਦੇ ਘਰ ਬੈਠ ਜਾਂਦੀ ਹੈ। ਜਦੋਂ ਦਰਜ਼ੀ ਦੀ ਬੇੜੀ ਡੁੱਬਣ ਲੱਗਦੀ ਹੈ ਤੇ ਉਹ ਔਰਤ ਕਿਸੇ ਅਮੀਰਜ਼ਾਦੇ ਦਾ ਸਾਥ ਲੱਭ ਲੈਂਦੀ ਹੈ। ਵਿਚਾਰੀ ਮਜਬੂਰ, ਤੇ ਅੱਗੋਂ ਉਸ ਦਾ ਪੁੱਤਰ ਵੀ ਮਜਬੂਰ। ਪੁੱਤਰ ਜਦੋਂ ਸਕੂਲ ਵਿੱਚ ਦਾਖ਼ਲਾ ਕਰਵਾਉਂਦਾ ਹੈ ਤੇ ਹੋਰ ਮਜਬੂਰ ਹੋ ਜਾਂਦਾ ਜਦੋਂ ਮਾਸਟਰ ਉਸ ਨੂੰ ਪੁੱਛਦਾ ਕਿ ਜਾਤ ਕੀ ਹੈ ? ਵਿਚਾਰਾ ਸ਼ਸ਼ੋਪੰਜ ਵਿੱਚ ਪੈ ਕੇ ਕਹਿੰਦਾ ਹੈ ਕਿ "ਜੰਮਦੇ ਅਸੀਂ ਜੱਟ ਕਹਾਏ, ਬਾਅਦ ਵਿੱਚ ਬਣ ਗਏ ਦਰਜ਼ੀ, ਹੁਣ ਅਸੀਂ ਅਮੀਰਜ਼ਾਦੇ ਕਹਾਉਂਦੇ, ਅੱਗੋਂ ਬੇਬੇ ਦੀ ਮਰਜ਼ੀ"। ਇੱਥੇ ਔਰਤ ਲਫ਼ਜ਼ ਅਸੀਂ ਸਿਆਸਤਦਾਨਾਂ ਲਈ ਵਰਤਿਆ ਹੈ। ਸੋ ਅਸੀਂ ਪਹਿਲਾਂ ਵੀ ਕਿਹਾ ਸੀ ਕਿ ਵੋਟ ਪਾਉਣ ਵਾਲੇ ਦਿਨ ਵੀ ਚੈੱਕ ਕਰ ਲਿਓ ਕਿ ਤੁਹਾਡਾ ਉਮੀਦਵਾਰ ਪਾਰਟੀ ਤਾਂ ਨਹੀਂ ਬਦਲ ਚੁੱਕਿਐ। ਵੈਸੇ ਤਾਂ ਦਲ ਬਦਲ ਦੇ ਖ਼ਿਲਾਫ਼ ਇੱਕ ਕਾਨੂੰਨ ਵੀ ਬਣਿਆ ਹੈ, ਐਂਟੀ ਡਿਫ਼ੈਕਸ਼ਨ ਕਾਨੂੰਨ। 1967 ਦੀ ਗੱਲ ਹੈ ਕਿ ਹਰਿਆਣਾ ਦੇ ਇੱਕ ਵਿਧਾਇਕ ਗਯਾ ਲਾਲ ਨੇ ਇੱਕ ਦਿਨ ਵਿੱਚ ਤਿੰਨ ਵਾਰ ਪਾਰਟੀ ਬਦਲੀ ਸੀ। ਖ਼ੈਰ ਤੁਸੀਂ ਸੋਚਦੇ ਹੋਵੋਗੇ ਕਿ ਪੰਜਾਬ ਵਾਲੇ ਸੁਸ਼ੀਲ ਕੁਮਾਰ ਰਿੰਕੂ ਨੇ ਤਾਂ ਸਾਲ ਵਿੱਚ ਤਿੰਨ ਵਾਰ ਪਾਰਟੀ ਬਦਲੀ ਹੈ। ਐਨਾ ਵੀ ਬੇਗੈਰਤ ਨਹੀਂ ਰਿੰਕੂ। ਗਿਆ ਲਾਲ ਦੇ ਪਾਰਟੀ ਬਦਲਣ ਤੋਂ ਬਾਅਦ ਕਹਾਵਤ ਹੋ ਗਈ "ਆਇਆ ਰਾਮ ਤੇ ਗਿਆ ਰਾਮ।" 1985 ਦੇ ਵਿੱਚ ਫਿਰ ਰਾਜੀਵ ਗਾਂਧੀ ਵਾਲੀ ਸਰਕਾਰ ਨੇ ਇਸ ਦੇ ਖ਼ਿਲਾਫ਼ ਇੱਕ ਬਿਲ ਲਿਆਂਦਾ, ਸੰਵਿਧਾਨ ਦੀ 52ਵੀਂ ਸੋਧ ਕਰਕੇ ਇਸ ਨੂੰ ਦਸਵੀਂ ਅਨੁਸੂਚੀ ਵਿੱਚ ਸ਼ਾਮਲ ਕੀਤਾ ਤਾਂ ਕਿ ਆਪਣੀ ਸਹੂਲਤ ਮੁਤਾਬਿਕ ਪਾਰਟੀ ਬਦਲਣ ਵਾਲੇ ਵਿਧਾਇਕਾਂ ਤੇ ਸਾਂਸਦਾਂ 'ਤੇ ਲਗਾਮ ਲਗਾਈ ਜਾ ਸਕੇ। 1985 ਤੋਂ ਪਹਿਲਾਂ ਦਲ ਬਦਲ ਵਿਰੁੱਧ ਕੋਈ ਕਾਨੂੰਨ ਨਹੀਂ ਸੀ। ਅਸਲ ਦੇ ਵਿੱਚ ਰਾਜਨੀਤੀ ਗੰਦੀ ਨਹੀਂ ਹੈ, ਰਾਜਨੀਤੀ ਵਿੱਚ ਲੋਕ ਨੀਵੀਂ ਸੋਚ ਵਾਲੇ ਨੇ, ਜਦੋਂ ਗਰਜ਼ ਸਿਰਫ਼ ਆਪਣੇ ਘਰ ਦੀ ਚਾਰ-ਦਿਵਾਰੀ ਤੱਕ ਹੀ ਸੀਮਿਤ ਹੋ ਜਾਵੇ ਤੇ ਫਿਰ ਲੋਕ ਕਿਹੜੀ ਸੇਵਾ ਦੀ ਉਮੀਦ ਰੱਖਣ ਤੇ ਆਪਣੇ ਪਿੰਡਾਂ ਵਿੱਚ ਵੜਨ ਤੋਂ ਕਿਉਂ ਨਾ ਰੋਕਣ?

ਸਿਆਣੇ ਕਹਿੰਦੇ ਨੇ ਕਿ ਰਾਜਨੀਤੀ ਦੇ ਵਿੱਚ ਢੀਠ ਹੋ ਕੇ ਵਿਚਰਨਾ ਪੈਂਦਾ ਹੈ। ਮਾੜੇ ਦਿਲ ਵਾਲੇ ਦੀ ਦਾਲ ਨਹੀਂ ਗਲਦੀ। ਫਿਰ ਇਸ ਹਿਸਾਬ ਨਾਲ ਬੀਜੇਪੀ ਵਾਲਿਆਂ ਦੇ ਦਿਲ ਤਾਂ ਪੱਥਰ ਦੇ ਹੀ ਬਣੇ ਹੋਏ ਨੇ। ਤਰ੍ਹਾਂ ਤਰ੍ਹਾਂ ਦੇ ਦੋਸ਼ਾਂ ਦਾ ਹਾਰ ਪਵਾਉਣ ਵਾਲੀ ਬੀਜੇਪੀ ਨੇ ਵਿਦੇਸ਼ਾਂ ਦੀਆਂ 25 ਤੋਂ ਵੱਧ ਪਾਰਟੀਆਂ ਨੂੰ ਭਾਰਤ ਦੀਆਂ ਲੋਕ ਸਭਾ ਚੋਣਾਂ ਵੇਖਣ ਦੇ ਲਈ ਆਪਣੇ ਨੁਮਾਇੰਦੇ ਭੇਜਣ ਲਈ ਕਹਿ ਦਿੱਤਾ ਹੈ, ਤੇ ਕਿਹਾ ਕਿ 'ਲੋਕਤੰਤਰ ਦਾ ਮੇਲਾ' ਆ ਕੇ ਦੇਖੋ। ਖ਼ੈਰ ਪੰਦਰਾਂ ਕੁ ਹਮ੍ਹਾਤੜ ਦੇਸ਼ਾਂ ਨੇ ਹਾਮੀ ਭਰ ਦਿੱਤੀ ਹੈ ਤੇ ਬਾਕੀਆਂ ਨੇ ਚੀਨ ਸਮੇਤ ਕਹਿ ਦਿੱਤਾ ਹੈ ਕਿ ਅਸੀਂ ਨ੍ਹੀ ਵੇਖਣਾ ਤੁਹਾਡਾ ਲੋਕਤੰਤਰ ਵਾਲਾ ਮੇਲਾ। ਜਿਹੜੇ ਲੋਕ ਆਉਣਗੇ, ਤਾਰੀਫ਼ਾਂ ਦੇ ਪੁੱਲ ਬੰਨ੍ਹਣਗੇ, ਕਿਉਂਕਿ ਉਹਨਾਂ ਨੇ ਕੁਝ ਵਪਾਰਕ ਸੌਦੇ ਵੀ ਤਾਂ ਕਰਨੇ ਨੇ। ਖ਼ੈਰ ਚੋਣਾਂ ਦਾ ਸਮਾਂ ਬੜਾ ਰੰਗੀਨ ਇਤਿਹਾਸ ਆਪਣੇ ਅੰਦਰ ਸਮੋਈ ਬੈਠਾ ਹੈ। ਹੁਣ ਰਾਜਨੀਤੀ ਘੱਟ ਅਤੇ ਧੱਕੇਸ਼ਾਹੀ ਜ਼ਿਆਦਾ ਹੁੰਦੀ ਹੈ। ਥੋੜਾ ਪਿਛਾਂਹ ਵੱਲ ਝਾਤੀ ਮਾਰੀਏ ਤਾਂ ਕਹਿੰਦੇ ਨੇ ਕਿ ਰਾਜਨੀਤੀ ਵਿੱਚ ਗੁੰਡਾਗਰਦੀ 1970 ਦੇ ਬਾਅਦ ਵਿੱਚ ਸ਼ੁਰੂ ਹੋਈ, ਜਦੋਂ ਜੇ.ਪੀ. ਅੰਦੋਲਨ ਨੇ ਆਪਣੀ ਸ਼ੁਰੂਆਤ ਕੀਤੀ ਸੀ। ਕਦੇ ਜੇ.ਪੀ. ਨੇ ਕਿਹਾ ਸੀ ਕਿ ਸੰਘ ਮੇਰੀ 'ਮਸਲ ਪਾਵਰ' ਹੈ। ਸਮਾਂ ਪਿਆ, ਇਸੇ ਮਸਲ ਪਾਵਰ ਨੇ 1973-75 ਤੱਕ ਕਾਫ਼ੀ ਤੋੜ ਫ਼ੋੜ ਕੀਤੀ, ਸਾਂਸਦਾਂ ਨੂੰ ਘੇਰ ਕੇ ਅਸਤੀਫ਼ੇ ਕਰਵਾਏ, ਕੁਝ ਵੀ ਹੋਵੇ ਜੇ. ਪੀ. ਅੰਦੋਲਨ ਤੋਂ ਕਈ ਬਾਹੂਬਲੀ ਨੇਤਾ ਨਿੱਕਲੇ। ਸਮਾਂ ਪਿਆ, ਬੂਥ ਕੈਪਚਰਿੰਗ ਦਾ ਰੁਝਾਨ ਰਿਹਾ, ਉਸ ਸਮੇਂ ਦੋ ਗੱਡੀਆਂ ਦੇ ਵਿੱਚ 10-20 ਗੁੰਡੇ ਆਉਂਦੇ, ਬੂਥ 'ਤੇ ਕਬਜ਼ਾ ਕਰਦੇ, ਕਿਉਂਕਿ ਉਹ ਸੱਤਾਧਾਰੀ ਦੇ ਗੁੰਡੇ ਹੁੰਦੇ ਸਨ। ਆਰਾਮ ਨਾਲ ਬੈਠ ਕੇ ਵੋਟਾਂ 'ਤੇ ਠੱਪਾ ਲਗਾਉਂਦੇ ਅਤੇ ਡੱਬੇ ਵਿੱਚ ਵੋਟ ਪਾਉਂਦੇ, ਇੱਕ ਦੋ ਘੰਟੇ ਵਿੱਚ ਆਪਣਾ ਅਪਰੇਸ਼ਨ ਖ਼ਤਮ ਕਰ ਦਿੰਦੇ। ਠੱਲ੍ਹ ਉਦੋਂ ਪਈ ਜਦੋਂ ਕੈਮਰੇ ਆ ਗਏ, ਨਲਿਨੀ ਸਿੰਘ ਵਰਗੀ ਪੱਤਰਕਾਰ ਨੇ ਵੀਡੀਓਗ੍ਰਾਫ਼ੀ ਕੀਤੀ, ਨਿਊਜ਼ ਟ੍ਰੈਕ 'ਤੇ ਚਲਾਈ ਤੇ ਸਨਸਨੀ ਫੈਲ ਗਈ ਤੇ ਫਿਰ ਬੂਥ ਕੈਪਚਰਿੰਗ ਇਤਿਹਾਸ ਦੇ ਪੰਨਿਆਂ ਵਿੱਚ ਦਫ਼ਨ ਹੋ ਗਿਆ। 1984 ਦੇ ਵਿੱਚ ਈ.ਵੀ.ਐਮ. ਦੇ ਟ੍ਰਾਇਲ ਤੋਂ ਬਾਅਦ ਜਦੋਂ 1996 ਦੇ ਕਰੀਬ ਈ.ਵੀ.ਐਮ. ਦੀ ਵਰਤੋ ਹੋਣੀ ਸ਼ੁਰੂ ਹੋ ਗਈ, ਉਸ ਸਮੇਂ ਐਮ.ਐਸ.ਗਿੱਲ ਮੁੱਖ ਚੋਣ ਕਮਿਸ਼ਨਰ ਸਨ। ਈ.ਵੀ.ਐਮ. ਨੇ ਵੀ ਕਈਆਂ ਨੂੰ ਨਿਰੰਕੁਸ਼ ਰਾਜੇ ਬਣਾ ਦਿੱਤਾ।

ਸੰਨ 1980 ਦੇ ਵਿੱਚ ਉਹ ਵੀ ਸਮਾਂ ਸੀ ਜਦੋਂ ਕੋਈ ਬਾਹੂਬਲੀ ਸਿਆਸਤਦਾਨਾਂ ਦੀ 'ਮਸਲ ਪਾਵਰ' ਬਣ ਕੇ ਰਹਿੰਦੇ ਸੀ ਤੇ ਫਿਰ ਥੋੜੇ ਸਮੇਂ ਬਾਅਦ ਉਹਨਾਂ ਨੂੰ ਮਹਿਸੂਸ ਹੁੰਦਾ ਸੀ ਕਿ ਨੇਤਾ ਦੀ ਰਾਜਨੀਤੀ ਸਾਡੇ ਸਿਰ 'ਤੇ ਚੱਲਦੀ ਹੈ ਤਾਂ ਉਹ ਖ਼ੁਦ ਵੀ ਰਾਜਨੀਤੀ ਵਿੱਚ ਆਉਣ ਲੱਗੇ।ਇਸ ਤੋਂ ਬਾਅਦ ਪੇਡ ਖ਼ਬਰਾਂ ਚੱਲੀਆਂ, ਤੇ ਲੋਕਾਂ ਦੇ ਦਿਮਾਗਾਂ 'ਤੇ ਕਬਜ਼ਾ ਹੋਣ ਲੱਗਿਆ। ਇੱਕ ਸਮਾਂ ਸੀ ਜਦੋਂ ਸਾਰਾ ਟੱਬਰ ਟੀ.ਵੀ. ਅੱਗੇ ਬੈਠ ਕੇ ਖ਼ਬਰਾਂ ਸੁਣਦਾ ਸੀ ਪਰ ਅੱਜ ਦੇ ਸਮੇਂ ਦੇ ਵਿੱਚ ਸਿਆਸਤਦਾਨਾਂ ਦੇ ਸ਼ਗੂਫ਼ਿਆਂ ਨੇ ਲੋਕਾਂ ਦਾ ਟੀ.ਵੀ. ਵੇਖਣਾ ਬੰਦ ਕਰਵਾ ਦਿੱਤਾ ਹੈ। ਚੋਣ ਸਰਵੇਖਣਾਂ ਨੇ ਵੀ ਲੋਕਾਂ ਨੂੰ ਦੋਹਰਾ ਮਿਆਰ ਰੱਖਣ ਦੇ ਲਈ ਮਜਬੂਰ ਕਰ ਦਿੱਤਾ, ਪਰ ਫਿਰ ਚੋਣ ਕਮਿਸ਼ਨ ਨੇ ਇਸ 'ਤੇ ਰੋਕ ਲਗਾ ਦਿੱਤੀ। ਚੋਣ ਕਮਿਸ਼ਨ ਤੋਂ ਯਾਦ ਆਇਆ ਕਿ ਕਦੇ ਚੋਣ ਕਮਿਸ਼ਨ ਵੀ ਸੰਵਿਧਾਨਕ ਪਾਵਰਫ਼ੁੱਲ ਬਾਡੀ ਸੀ, ਉਸ ਨੂੰ ਹੱਥ ਜੋੜ ਕੇ ਕੇਂਦਰ ਤੇ ਰਾਜ ਸਰਕਾਰ ਤੋਂ ਕਿਰਪਾ ਮੰਗਣ ਦੀ ਜ਼ਰੂਰਤ ਨਹੀਂ ਸੀ। ਇੱਥੋਂ ਤੱਕ ਕਿ ਸਰਕਾਰਾਂ ਨੂੰ ਹਾਈਜੈਕ ਕਰਨ ਦੀ ਪਾਵਰ ਰੱਖਦਾ ਸੀ ਚੋਣ ਕਮਿਸ਼ਨ। ਉਸ ਸਮੇਂ ਉਹ ਖ਼ੁਦ ਵੀ ਉਲਟਫ਼ੇਰ ਕਰਦਾ ਕਿਸੇ ਵੀ ਨੇਤਾ ਦੀ ਨਹੀਂ ਸੀ ਸੁਣਦਾ। ਸਖ਼ਤ ਨਿਯਮ ਸੀ, ਫ਼ਰਜ਼ੀ ਵੋਟਾਂ ਨੂੰ ਰੋਕਣ ਦੇ ਲਈ ਵੋਟਰ ਕਾਰਡ ਦਿੱਤੇ ਜਾਂਦੇ ਸੀ। ਮ੍ਰਿਤਕਾਂ ਦੇ ਨਾਮ ਹਟਾ ਦਿੱਤੇ ਜਾਂਦੇ ਸੀ। ਖ਼ੈਰ ਇਹ ਗੱਲਾਂ ਕਹਾਣੀ ਵਰਗੀਆਂ ਲੱਗਦੀਆਂ ਨੇ। ਹੁਣ ਤਾਂ ਚੋਣ ਕਮਿਸ਼ਨ ਮੌਜੂਦਾ ਸਰਕਾਰ ਦੇ ਇਸ਼ਾਰਿਆਂ 'ਤੇ ਨਾਚ ਨੱਚਦਾ ਹੈ, ਕਾਫ਼ੀ ਬਦਲਾਓ ਆ ਗਿਆ ਹੈ। ਨੇਤਾ ਦੀ ਨਜ਼ਰ ਦੇ ਨਾਲ ਵਿਕਾਸ ਵਾਲਾ ਬਦਲਾਓ ਆਇਆ, ਪਰ ਜਨਤਾ ਦੀ ਨਜ਼ਰ ਨਾਲ ਸੋਚ ਵਿੱਚ ਨਿਘਾਰ ਆਇਆ। ਏਨਾ ਕੁ ਨੀਂਵਾਂਪਣ ਆ ਗਿਆ ਕਿ ਇੱਕ ਪਾਸੇ ਕੇਜਰੀਵਾਲ ਦੇ ਸ਼ਰਾਬ ਘੋਟਾਲੇ 'ਚ ਜੇਲ੍ਹ ਜਾਣ ਦਾ ਰੋਸ ਭਗਤ ਸਿੰਘ ਦੀ ਸਮਾਧੀ 'ਤੇ ਜਾ ਕੇ ਜਤਾਇਆ ਜਾਂਦਾ ਹੈ ਤੇ ਵਰਤ ਰੱਖੇ ਜਾਂਦੇ ਨੇ। ਥਾਂ ਥਾਂ ਰੋਸ ਪ੍ਰਦਰਸ਼ਨ ਕੀਤੇ ਜਾਂਦੇ ਨੇ, ਪਰ ਵਰਤ ਕੰਮ ਨਹੀਂ ਆਏ, ਦੂਜੇ ਪਾਸੇ ਇਸੇ ਸਰਕਾਰ ਨੇ ਭਾਈ ਅੰਮ੍ਰਿਤਪਾਲ ਸਿੰਘ, ਜੋ ਕਿ ਆਪਣੇ ਸਾਥੀਆਂ ਸਮੇਤ ਡਿਬਰੂਗੜ੍ਹ ਦੀ ਜੇਲ੍ਹ ਵਿੱਚ ਬੰਦ ਹੈ, ਉਸ ਦੇ ਪਰਿਵਾਰ ਵੱਲੋਂ ਚੇਤਨਾ ਮਾਰਚ ਕੱਢਣ 'ਤੇ ਉਸ ਦੀ ਮਾਤਾ ਸਮੇਤ ਕੁਝ ਹੋਰ ਸ਼ਖ਼ਸੀਅਤਾਂ ਨੂੰ ਚਾਰ ਦਿਨਾਂ ਦੇ ਰਿਮਾਂਡ 'ਤੇ ਭੇਜ ਦਿੱਤਾ ਹੈ। ਇਹ ਸੋਚ ਤੋਂ ਸੱਖਣਾ ਕਹਾਉਣ ਵਾਲੀ ਗੱਲ ਹੀ ਸਾਬਤ ਹੁੰਦੀ ਹੈ। ਚੱਲੋ, ਰੱਬ ਦੀਆਂ ਰੱਬ ਜਾਣੇ, ਇਹ ਲੋਕਤੰਤਰ ਦਾ ਮੇਲਾ ਕੌਣ ਲੁੱਟਦਾ ਹੈ ? ਕੌਣ ਅਮਰੂਦਾਂ ਦੇ ਭਾਅ ਵਿਕਦਾ ਹੈ ? ਅਸੀਂ ਤਾਂ ਕਹਾਵਤ ਦੀ ਗੱਲ ਕੀਤੀ ਹੈ, ਵੈਸੇ ਪੰਜਾਬ ਵਿੱਚ ਤਾਂ ਅਮਰੂਦਾਂ ਦਾ ਘਪਲਾ ਵੀ ਸਾਹਮਣੇ ਆ ਗਿਆ ਹੈ। ਛੱਡੋ ਇਹਨਾਂ ਗੱਲਾਂ ਨੂੰ, ਸੁਖਬੀਰ ਬਾਦਲ ਨੇ ਸਾਫ਼ ਕਰ ਦਿੱਤਾ ਕਿ ਅਸੀਂ ਚੋਣਾਂ ਨਹੀਂ ਜਿੱਤਣੀਆਂ, ਅਸੀਂ ਤਾਂ ਲੋਕਾਂ ਦੇ ਦਿਲ ਜਿੱਤਣੇ ਹਨ। ਸੋਚ ਨੂੰ ਸਲਾਮ ਤਾਂ ਬਣਦੀ ਹੈ।

# ਯੂ. ਕੇ. ਦੀ ਅਖ਼ਬਾਰ 'ਦ ਗਾਰਡੀਅਨ' ਨੇ ਭਾਰਤ 'ਤੇ ਪਾਕਿਸਤਾਨ ਵਿੱਚ ਟਾਰਗੇਟ ਕਿਲਿੰਗ ਨੂੰ ਲੈ ਕੇ ਲਗਾਏ ਦੋਸ਼

## ਪਾਕਿ ਵਿੱਚ ਹੋ ਚੁੱਕੀਆਂ ਨੇ ਹੁਣ ਤੱਕ 20 ਟਾਰਗੇਟ ਕਿਲਿੰਗਜ਼

## ਵਿਦੇਸ਼ ਮੰਤਰੀ ਜੈਸ਼ੰਕਰ ਨੇ ਕਿਹਾ ਕਿ ਟਾਰਗੇਟ ਕਿਲਿੰਗ ਕਰਨਾ ਭਾਰਤ ਦੀ ਵਿਦੇਸ਼ ਨੀਤੀ ਨਹੀਂ

ਬ੍ਰਿਟੇਨ ਦੇ ਮਸ਼ਹੂਰ ਅਖ਼ਬਾਰ 'ਦ ਗਾਰਡੀਅਨ' ਨੇ ਆਪਣੀ ਇੱਕ ਰਿਪੋਰਟ ਵਿੱਚ ਭਾਰਤ 'ਤੇ ਪਾਕਿਸਤਾਨ ਵਿੱਚ ਟਾਰਗੇਟ ਕਿਲਿੰਗ ਨੂੰ ਲੈਕੇ ਗੰਭੀਰ ਇਲਜ਼ਾਮ ਲਗਾਏ ਹਨ। ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਇਹ ਪਹਿਲੀ ਵਾਰ ਹੈ ਜਦੋਂ ਭਾਰਤੀ ਖ਼ੁਫ਼ੀਆ ਏਜੰਸੀਆਂ ਦੇ ਕਰਮਚਾਰੀਆਂ ਨੇ ਪਾਕਿਸਤਾਨ ਵਿੱਚ ਕਥਿਤ ਕਾਰਵਾਈਆਂ 'ਤੇ ਚਰਚਾ ਕੀਤੀ ਹੈ। ਪਾਕਿਸਤਾਨੀ ਏਜੰਸੀਆਂ ਨੇ ਇਨ੍ਹਾਂ ਕਤਲਾਂ ਵਿੱਚ ਰਾਅ ਦੀ ਸਿੱਧੀ ਸ਼ਮੂਲੀਅਤ ਬਾਰੇ ਵੱਡੇ ਦਸਤਾਵੇਜ਼ਾਂ ਦਾ ਖ਼ੁਲਾਸਾ ਕੀਤਾ ਹੈ। ਇਨ੍ਹਾਂ ਦੋਸ਼ਾਂ ਤੋਂ ਪਤਾ ਲੱਗਾ ਹੈ ਕਿ ਇਨ੍ਹਾਂ ਭਾਰਤੀ ਵਿਦੇਸ਼ੀ ਕਾਰਵਾਈਆਂ ਦੇ ਹਿੱਸੇ ਵਜੋਂ ਖ਼ਾਲਿਸਤਾਨ ਲਹਿਰ ਦੇ ਸਿੱਖ ਵੱਖਵਾਦੀਆਂ ਨੂੰ ਪਾਕਿਸਤਾਨ ਅਤੇ ਪੱਛਮੀ ਦੇਸ਼ਾਂ ਵਿੱਚ ਨਿਸ਼ਾਨਾ ਬਣਾਇਆ ਗਿਆ ਸੀ।

ਇਸ 'ਤੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਕਿ ਟਾਰਗੇਟ ਕਿਲਿੰਗ ਕਰਨਾ ਭਾਰਤ ਦੀ ਵਿਦੇਸ਼ ਨੀਤੀ ਨਹੀਂ ਹੈ। ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਇਲਜ਼ਾਮ ਝੂਠੇ ਹਨ ਅਤੇ ਭਾਰਤ ਦੇ ਖਿਲਾਫ ਪ੍ਰੋਪੋਗੈਂਡਾ ਚਲਾਇਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਪਾਕਿਸਤਾਨ ਵਿੱਚ ਖ਼ਾਲਿਸਤਾਨੀ ਆਗੂ ਪਰਮਜੀਤ ਸਿੰਘ ਪੰਜਵੜ ਦਾ ਟਾਰਗੇਟ ਕਿਲਿੰਗ ਦਾ ਮਾਮਲਾ ਸਾਹਮਣੇ ਆਇਆ ਸੀ। ਭਾਈ ਹਰਦੀਪ ਸਿੰਘ ਨਿੱਝਰ ਮਾਮਲੇ ਵਿੱਚ ਅਖ਼ਬਾਰ ਟਾਰਗੇਟ ਕਿਲਿੰਗ ਦਾ ਸ਼ੱਕ ਕਹਿ ਚੁੱਕਿਆ ਸੀ। ਬ੍ਰਿਟੇਨ ਦੀ ਐਮ. ਪੀ. ਪ੍ਰੀਤ ਕੌਰ ਗਿੱਲ ਨੇ ਵੀ ਪਾਰਲੀਮੈਂਟ ਵਿੱਚ ਭਾਰਤੀ ਏਜੰਸੀ ਵੱਲੋਂ ਸਿੱਖਾਂ ਨੂੰ ਟਾਰਗੇਟ ਬਣਾਉਣ ਦਾ ਇਲਜ਼ਾਮ ਲਗਾਇਆ ਸੀ। ਸਿੱਖ ਫਾਰ ਜਸਟਿਸ ਦੇ ਮੁਖੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਮਾਮਲੇ ਵਿੱਚ ਵੀ ਭਾਰਤੀ ਏਜੰਸੀ ਦਾ ਨਾਂ ਸਾਹਮਣੇ ਆਇਆ ਸੀ ਜਿਸ ਦੀ ਜਾਂਚ ਅਮਰੀਕਾ ਅਤੇ ਭਾਰਤ ਮਿਲ ਕੇ ਕਰ ਰਹੇ ਹਨ।





ਉਧਰ 'ਦ ਗਾਰਡੀਅਨ' ਨੇ ਆਪਣੀ ਰਿਪੋਰਟ ਵਿੱਚ ਲਿਖਿਆ ਹੈ ਕਿ ਦੋ ਭਾਰਤੀ ਖ਼ੁਫ਼ੀਆ ਅਫਸਰਾਂ ਦੇ ਅਨੁਸਾਰ, ਜਾਸੂਸੀ ਏਜੰਸੀ ਦਾ ਵਿਦੇਸ਼ਾਂ ਵਿੱਚ ਭਾਰਤ ਵਿਰੋਧੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਤਬਦੀਲੀ 2019 ਵਿੱਚ ਪੁਲਵਾਮਾ ਹਮਲੇ ਤੋਂ ਸ਼ੁਰੂ ਹੋਈ ਸੀ, ਜਦੋਂ ਇੱਕ ਆਤਮਘਾਤੀ ਹਮਲਾਵਰ ਨੇ ਭਾਰਤ-ਪ੍ਰਸ਼ਾਸਿਤ ਕਸ਼ਮੀਰ ਵਿੱਚ ਇੱਕ ਫੌਜੀ ਕਾਫਲੇ ਨੂੰ ਨਿਸ਼ਾਨਾ ਬਣਾਇਆ, ਜਿਸ ਵਿੱਚ ਅਰਧ ਸੈਨਿਕ ਬਲਾਂ ਦੇ 40 ਜਵਾਨ ਮਾਰੇ ਗਏ ਸਨ। ਪਾਕਿਸਤਾਨ ਸਥਿਤ ਅੱਤਵਾਦੀ ਸਮੂਹ ਜੈਸ਼-ਏ-ਮੁਹੰਮਦ ਨੇ ਇਸ ਦੀ ਜ਼ਿੰਮੇਵਾਰੀ ਲਈ ਹੈ।

ਮੋਦੀ ਉਸ ਸਮੇਂ ਦੂਜੇ ਕਾਰਜਕਾਲ ਲਈ ਚੋਣ ਲੜ ਰਹੇ ਸਨ ਅਤੇ ਹਮਲੇ ਤੋਂ ਬਾਅਦ ਉਨ੍ਹਾਂ ਨੂੰ ਸੱਤਾ ਵਿੱਚ ਵਾਪਸ ਲਿਆਂਦਾ ਗਿਆ ਸੀ।

ਇੱਕ ਭਾਰਤੀ ਖ਼ੁਫ਼ੀਆ ਆਪਰੇਟਿਵ ਨੇ ਕਿਹਾ ਕਿ ਪੁਲਵਾਮਾ ਤੋਂ ਬਾਅਦ, ਦੇਸ਼ ਤੋਂ ਬਾਹਰ ਦੇ ਹਿੰਸਕ ਤੱਤਾਂ ਨੂੰ ਨਿਸ਼ਾਨਾ ਬਣਾਉਣ ਲਈ ਪਹੁੰਚ ਬਦਲ ਗਈ ਹੈ ਜੋ ਭਾਰਤ ਵਿੱਚ ਹਿੰਸਾ ਫੈਲਾ ਰਹੇ ਸਨ। ਅਸੀਂ ਹਮਲਿਆਂ ਨੂੰ ਰੋਕ ਨਹੀਂ ਸਕੇ ਕਿਉਂਕਿ ਆਖਰਕਾਰ ਉਨ੍ਹਾਂ ਦੇ ਸੁਰੱਖਿਅਤ ਪਨਾਹਗਾਹ ਪਾਕਿਸਤਾਨ ਵਿੱਚ ਸਨ, ਇਸ ਲਈ ਸਾਨੂੰ ਸਰੋਤ ਤੱਕ ਜਾਣਾ ਪਿਆ। ਉਨ੍ਹਾਂ ਕਿਹਾ ਕਿ ਅਜਿਹੇ ਅਪਰੇਸ਼ਨਾਂ ਨੂੰ ਚਲਾਉਣ ਲਈ ਸਰਕਾਰ ਦੇ ਉੱਚ ਪੱਧਰ ਤੋਂ ਪ੍ਰਵਾਨਗੀ ਦੀ ਲੋੜ ਹੁੰਦੀ ਹੈ।

ਭਾਰਤੀ ਖ਼ੁਫ਼ੀਆ ਅਧਿਕਾਰੀਆਂ ਨੇ ਦੱਸਿਆ ਹੈ ਕਿ ਕੈਨੇਡਾ ਅਤੇ ਅਮਰੀਕਾ ਵੱਲੋਂ ਆਪਣੇ ਦੇਸ਼ਾਂ ਵਿੱਚ ਟਾਰਗੇਟ ਕਿਲਿੰਗ ਦੇ ਮਾਮਲਿਆਂ ਨੂੰ ਜਨਤਕ ਕਰਨ ਤੋਂ ਬਾਅਦ ਪਾਕਿਸਤਾਨ ਵਿੱਚ ਟਾਰਗੇਟ ਕਿਲਿੰਗ ਨੂੰ ਬੰਦ ਕਰਨ ਦਾ ਹੁਕਮ ਆਇਆ ਹੈ। ਇਸ ਸਾਲ ਹੁਣ ਤੱਕ ਕਿਸੇ ਵੀ ਸ਼ੱਕੀ ਦਾ ਕਤਲ ਨਹੀਂ ਹੋਇਆ। 2 ਭਾਰਤੀ ਖ਼ਫ਼ੀਆ ਅਫਸਰਾਂ ਨੇ ਇਹ ਵੀ ਦੱਸਿਆ ਹੈ ਕਿ ਪੰਜਾਬ ਦੀਆਂ ਸਰਹੱਦਾਂ 'ਤੇ ਕਿਸਾਨਾਂ ਵੱਲੋਂ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਕੈਨੇਡਾ, ਅਮਰੀਕਾ ਅਤੇ ਬ੍ਰਿਟੇਨ ਵਿੱਚ ਬੈਠੇ ਖ਼ਾਲਿਸਤਾਨ ਪੱਖੀ ਲੋਕ ਇਸ ਨੂੰ ਭੜਕਾ ਸਕਦੇ ਹਨ। ਇਸ ਦੌਰਾਨ ਇਹ ਵੀ ਦੱਸਿਆ ਗਿਆ ਹੈ ਕਿ ਪੰਜਾਬ ਦੀ ਕਈ ਥਾਵਾਂ 'ਤੇ ਪਿਛਲੇ ਕੁਝ ਮਹੀਨਿਆਂ ਵਿੱਚ ਛਾਪੇਮਾਰੀ ਕੀਤੀ ਗਈ ਹੈ, ਪਰ ਕੈਨੇਡਾ ਤੋਂ ਸਾਰੀਆਂ ਚੀਜ਼ਾਂ ਕੰਟਰੋਲ ਹੋ ਰਹੀਆਂ ਹਨ।

ਬ੍ਰਿਟਿਸ਼ ਅਖ਼ਬਾਰ ਨੇ ਆਪਣੀ ਖ਼ਬਰ ਵਿੱਚ ਲਿਖਿਆ ਹੈ ਕਿ ਭਾਰਤੀ ਅਤੇ ਪਾਕਿਸਤਾਨੀ ਖ਼ੁਫ਼ੀਆ ਆਪਰੇਟਰਾਂ ਨੇ 'ਦ ਗਾਰਡੀਅਨ' ਨੂੰ ਦੱਸਿਆ ਹੈ ਕਿ ਭਾਰਤ ਸਰਕਾਰ ਨੇ ਵਿਦੇਸ਼ੀ ਧਰਤੀ 'ਤੇ ਰਹਿਣ ਵਾਲੇ ਖਾੜਕੂਆਂ ਨੂੰ ਖਤਮ ਕਰਨ ਦੀ ਰਣਨੀਤੀ ਦੇ ਤਹਿਤ ਪਾਕਿਸਤਾਨ ਵਿੱਚ ਕਈ ਲੋਕਾਂ ਦਾ ਕਤਲ ਕਰਵਾਇਆ ਹੈ। ਅਖ਼ਬਾਰ ਨੂੰ ਮਿਲੇ ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੇ 2019 ਵਿੱਚ ਰਾਅ ਦੇ ਜ਼ਰੀਏ ਕਤਲ ਕਰਵਾਉਣੇ ਸ਼ੁਰੂ ਕੀਤੇ ਸਨ। ਭਾਰਤ ਦੀ ਖ਼ੁਫ਼ੀਆ ਏਜੰਸੀ ਰਾਅ ਸਿੱਧਾ ਭਾਰਤ ਦੇ ਪ੍ਰਧਾਨ ਮੰਤਰੀ ਦੇ ਦਫ਼ਤਰ ਵੱਲੋਂ ਕੰਟਰੋਲ ਕੀਤੀ ਜਾਂਦੀ ਹੈ। ਪਾਕਿਸਤਾਨ ਵਿੱਚ ਹੁਣ ਤੱਕ 20 ਟਾਰਗੇਟ ਕਿਲਿੰਗ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋ 7 ਮਾਮਲਿਆਂ ਦੇ ਦਸਤਾਵੇਜ਼ੀ ਸਬੂਤ ਪਾਕਿਸਤਾਨ ਨੇ ਸ਼ੇਅਰ ਕੀਤੇ ਹਨ। ਇਸ ਵਿੱਚ ਕਤਲ ਕਰਨ ਵਾਲਿਆਂ ਦਾ ਗ੍ਰਿਫਤਾਰੀ ਰਿਕਾਰਡ, ਫ਼ਾਇਨਾਸ਼ੀਅਲ ਸਟੇਟਮੈਂਟ, ਵਟਸਐਪ ਮੈਸੇਜ ਅਤੇ ਪਾਸਪੋਰਟ ਸ਼ਾਮਲ ਹਨ। ਪਾਕਿਸਤਾਨ ਜਾਂਚ ਕਰਤਾਵਾਂ ਦਾ ਦਾਅਵਾ ਹੈ ਕਿ ਇੰਨਾਂ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਪਾਕਿਸਤਾਨੀ ਧਰਤੀ 'ਤੇ ਕੀਤੀ ਗਈ ਟਾਰਗੇਟ ਕਿਲਿੰਗ ਵਿੱਚ ਭਾਰਤੀ ਜਾਸੂਸਾਂ ਦਾ ਹੱਥ ਹੈ। ਹਾਲਾਂਕਿ 'ਦ ਗਾਰਜੀਅਨ' ਨੇ ਇੰਨਾਂ ਦਸਤਾਵੇਜ਼ਾਂ ਨੂੰ ਵੈਰੀਫਾਈ ਨਹੀਂ ਕੀਤਾ ਹੈ।

ਪਾਕਿਸਤਾਨੀ ਜਾਂਚਕਰਤਾਵਾਂ ਦੇ ਅਨੁਸਾਰ, ਇਹ ਹੱਤਿਆਵਾਂ ਜ਼ਿਆਦਾਤਰ ਸੰਯੁਕਤ ਅਰਬ ਅਮੀਰਾਤ ਤੋਂ ਸੰਚਾਲਿਤ ਭਾਰਤੀ ਖ਼ੁਫ਼ੀਆ ਸਲੀਪਰ ਸੈੱਲਾਂ ਦੁਆਰਾ ਕੀਤੀਆਂ ਗਈਆਂ ਸਨ। 2023 ਵਿੱਚ ਕਤਲਾਂ ਨੂੰ ਅੰਜਾਮ ਦੇਣ ਲਈ ਸਥਾਨਕ ਅਪਰਾਧੀਆਂ ਨੂੰ ਲੱਖਾਂ ਰੁਪਏ ਦੇਣ ਦੇ ਦੋਸ਼ ਹਨ। 2023 ਵਿੱਚ ਕਤਲ ਦੇ ਮਾਮਲੇ ਕਾਫੀ ਵਧੇ ਸਨ, ਕਿਉਂਕਿ ਕਤਲ ਨੂੰ ਅੰਜਾਮ ਪਾਕਿਸਤਾਨ ਵਿੱਚ ਰਾਅ ਦੇ ਜ਼ਰੀਏ ਦਿੱਤਾ ਗਿਆ ਸੀ। 2023 ਵਿੱਚ 15 ਕਥਿਤ ਖਾੜਕੂਆਂ ਦਾ ਕਤਲ ਕਰਵਾਇਆ ਗਿਆ ਸੀ। ਅਖ਼ਬਾਰ ਅਨੁਸਾਰ ਭਾਰਤੀ ਏਜੰਟਾਂ ਨੇ ਕਥਿਤ ਤੌਰ 'ਤੇ ਜੇਹਾਦੀਆਂ ਨੂੰ ਗੋਲੀਬਾਰੀ ਕਰਨ ਲਈ ਭਰਤੀ ਕੀਤਾ, ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਉਹ 'ਕਾਫ਼ਰ' ਨੂੰ ਮਾਰ ਰਹੇ ਹਨ। ਪਾਕਿਸਤਾਨ ਦੁਆਰਾ ਇਕੱਠੇ ਕੀਤੇ ਸਬੂਤਾਂ ਦੇ ਅਨੁਸਾਰ, ਯੂਏਈ ਦੇ ਬਾਹਰ ਨਿਯਮਿਤ ਤੌਰ 'ਤੇ ਹੱਤਿਆਵਾਂ ਕੀਤੀਆਂ ਜਾਂਦੀਆਂ ਸਨ, ਜਿੱਥੇ ਰਾਅ ਨੇ ਸਲੀਪਰ ਸੈੱਲ ਸਥਾਪਤ ਕੀਤੇ ਸਨ ਜੋ ਵੱਖ-ਵੱਖ ਤੌਰ 'ਤੇ ਕਾਰਵਾਈ ਦੇ ਵੱਖ-ਵੱਖ ਹਿੱਸਿਆਂ ਨੂੰ ਸੰਗਠਿਤ ਕਰਦੇ ਸਨ ਅਤੇ ਕਾਤਲਾਂ ਦੀ ਭਰਤੀ ਕਰਦੇ ਸਨ।

### ਲੱਖਾਂ ਰੁਪਏ ਦਾ ਭੁਗਤਾਨ

ਰਿਪੋਰਟ ਦੇ ਅਨੁਸਾਰ, ਜਾਂਚਕਰਤਾਵਾਂ ਨੇ ਦੋਸ਼ ਲਗਾਇਆ ਹੈ ਕਿ ਅਪਰਾਧੀਆਂ ਜਾਂ ਗਰੀਬ ਸਥਾਨਕ ਲੋਕਾਂ ਨੂੰ ਅਕਸਰ ਕਤਲ ਕਰਨ ਲਈ ਲੱਖਾਂ ਰੁਪਏ ਦਿੱਤੇ ਜਾਂਦੇ ਸਨ। ਦਸਤਾਵੇਜ਼ਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਜ਼ਿਆਦਾਤਰ ਭੁਗਤਾਨ ਦੁਬਈ ਰਾਹੀਂ ਕੀਤੇ ਗਏ ਸਨ। ਨੇਪਾਲ, ਮਾਲਦੀਵ ਅਤੇ ਮਾਰੀਸ਼ਸ ਵਿੱਚ ਕਤਲਾਂ ਦੀ ਨਿਗਰਾਨੀ ਕਰਨ ਵਾਲੇ ਰਾਅ ਦੇ ਕਾਰਕੁਨਾਂ ਦੀਆਂ ਮੀਟਿੰਗਾਂ ਵੀ ਹੋਈਆਂ।

### ਪੀ.ਐਮ.ਓ. ਦੇ ਕੰਟਰੋਲ ਹੇਠ 'ਰਾਅ'

'ਦ ਗਾਰਡੀਅਨ' ਨੇ ਲਿਖਿਆ ਹੈ ਕਿ ਭਾਰਤੀ ਖ਼ੁਫ਼ੀਆ ਆਪਰੇਟਰ ਨੇ ਸਾਨੂੰ ਦੱਸਿਆ ਹੈ ਕਿ ਕਿਸ ਤਰ੍ਹਾਂ ਨਾਲ ਆਪਰੇਸ਼ਨ ਨੂੰ ਕਰਨ ਲਈ ਸਰਕਾਰ ਤੋਂ ਮਨਜ਼ੂਰੀ ਦੀ ਜ਼ਰੂਰਤ ਹੁੰਦੀ ਹੈ। ਭਾਰਤ ਨੂੰ ਅਜਿਹਾ ਕਰਨ ਦੇ ਲਈ ਇਜ਼ਰਾਈਲ ਖ਼ੁਫ਼ੀਆ ਏਜੰਸੀ ਮੋਸਾਦ ਅਤੇ ਰੂਸੀ ਖ਼ੁਫ਼ੀਆ ਏਜੰਸੀ ਕੇਜੀਬੀ ਤੋਂ ਪ੍ਰੇਰਣਾ ਮਿਲੀ ਹੈ। ਦੋਵਾਂ ਏਜੰਸੀਆਂ ਨੂੰ ਵਿਦੇਸ਼ੀ ਧਰਤੀ 'ਤੇ ਕਤਲ ਦੀ ਵਾਰਦਾਤਾਂ ਨੂੰ ਅੰਜਾਮ ਦੇਣ ਲਈ ਜਾਣਿਆ ਜਾਂਦਾ ਹੈ। ਦਾਅਵਾ ਕੀਤਾ ਗਿਆ ਸੀ ਕਿ ਰਿਸਰਚ ਐਂਡ ਐਨਾਲਿਸਿਸ ਵਿੰਗ ਦਾ ਸਿੱਧਾ ਕੰਟਰੋਲ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਫ਼ਤਰ ਦੁਆਰਾ ਕੀਤਾ ਜਾ ਰਿਹਾ ਹੈ। ਦੋਵਾਂ ਦੇਸ਼ਾਂ ਦੇ ਖ਼ੁਫ਼ੀਆ ਅਧਿਕਾਰੀਆਂ ਨਾਲ ਸਾਂਝੀਆਂ ਕੀਤੀਆਂ ਇੰਟਰਵਿਊਆਂ ਅਤੇ ਜਾਣਕਾਰੀਆਂ ਤੋਂ ਪਤਾ ਚੱਲਦਾ ਹੈ ਕਿ ਕਿਵੇਂ ਭਾਰਤ ਦੀ ਵਿਦੇਸ਼ੀ ਖ਼ੁਫ਼ੀਆ ਏਜੰਸੀ ਨੇ ਰਾਸ਼ਟਰੀ ਸੁਰੱਖਿਆ ਪ੍ਰਤੀ ਦਲੇਰਾਨਾ ਪਹੁੰਚ ਦੇ ਹਿੱਸੇ ਵਜੋਂ 2019 ਤੋਂ ਬਾਅਦ ਕਥਿਤ ਤੌਰ 'ਤੇ ਵਿਦੇਸ਼ਾਂ ਵਿੱਚ ਹੱਤਿਆਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

# ਕੈਨੇਡੀਅਨ ਸਿੱਖ ਐਮ.ਪੀ. ਜਗਮੀਤ ਸਿੰਘ ਨੂੰ ਉਸ ਦੀ ਜਾਨ ਨੂੰ ਖ਼ਤਰੇ ਬਾਰੇ ਦਿੱਤੀ ਗਈ ਸੀ ਚਿਤਾਵਨੀ, ਮਾਮਲੇ ਦੀ ਹੋਈ ਸੁਣਵਾਈ

ਕੈਨੇਡਾ ਵਿੱਚ ਐਨ.ਡੀ.ਪੀ. ਆਗੂ ਜਗਮੀਤ ਸਿੰਘ ਉਨ੍ਹਾਂ ਸਿੱਖ ਕੈਨੇਡੀਅਨਾਂ ਵਿੱਚੋਂ ਇੱਕ ਸੀ, ਜਿਨ੍ਹਾਂ ਨੂੰ ਪਿਛਲੇ ਸਾਲ ਬੀ.ਸੀ. ਵਿੱਚ ਇੱਕ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ ਆਪਣੀਆਂ ਜਿੰਦਗੀਆਂ ਲਈ ਸੰਭਾਵੀ ਖਤਰਿਆਂ ਬਾਰੇ ਚਿਤਾਵਨੀ ਦਿੱਤੀ ਗਈ ਸੀ। ਇਸ ਮਾਮਲੇ ਅੰਦਰ ਵਿਦੇਸ਼ੀ ਦਖਲਅੰਦਾਜ਼ੀ ਦੀ ਜਾਂਚ ਲਈ ਸੁਣਵਾਈ ਹੋਈ। ਇਹ ਚਿਤਾਵਨੀ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਇਸ ਦੋਸ਼ ਤੋਂ ਬਾਅਦ ਕਿ ਭਾਰਤ ਸਰਕਾਰ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੋਈ ਮੌਤ ਨਾਲ ਜੁੜੀ ਹੋਈ ਸੀ, ਲਿਬਰਲ, ਕੰਜ਼ਰਵੇਟਿਵ ਅਤੇ ਐਨ.ਡੀ.ਪੀ. ਮੁਹਿੰਮ ਦੇ ਸੰਚਾਲਕਾਂ ਦੀ ਹੋਗ ਕਮਿਸ਼ਨ ਸਾਹਮਣੇ ਗਵਾਹੀ ਦੌਰਾਨ ਸਾਹਮਣੇ ਆਈ, ਜਿਸ ਨੇ ਇਸ ਦੌਰਾਨ ਵਿਦੇਸ਼ੀ ਦਖਲਅੰਦਾਜ਼ੀ ਨਾਲ ਆਪਣੇ ਤਜ਼ਰਬਿਆਂ ਦਾ ਵੇਰਵਾ ਦਿੱਤਾ।



ਜਗਮੀਤ ਸਿੰਘ ਦੇ ਖ਼ਿਲਾਫ਼ ਇਹ ਪੁੱਛਗਿੱਛ ਸਿੱਖ ਜਥੇਬੰਦੀਆਂ ਦੇ ਇੱਕ ਸਮੂਹ ਦੇ ਵਕੀਲ ਦੁਆਰਾ ਉਠਾਈ ਗਈ ਸੀ। ਜਗਮੀਤ ਸਿੰਘ ਦੀ ਪ੍ਰਮੁੱਖ ਸਕੱਤਰ ਐਨੀ ਮੈਕਗ੍ਰਾ ਨੇ ਕਿਹਾ ਕਿ ਉਹ ਰਾਸ਼ਟਰੀ ਸੁਰੱਖਿਆ ਕਾਰਨਾਂ ਕਰਕੇ ਟਿੱਪਣੀ ਨਹੀਂ ਕਰ ਸਕਦੀ।

ਕੈਨੇਡੀਅਨ ਮੀਡੀਆ ਵਿੱਚ ਜਾਰੀ ਹੋਈ ਖ਼ਬਰ ਮੁਤਾਬਿਕ ਜਗਮੀਤ ਸਿੰਘ ਬਾਰੇ ਖੁਲਾਸੇ ਨੇ ਕੈਨੇਡਾ ਦੇ ਲੋਕਤੰਤਰੀ ਪ੍ਰਣਾਲੀਆਂ ਅਤੇ ਇਸ ਦੇ ਸਿਆਸਤਦਾਨਾਂ ਲਈ ਸੰਭਾਵੀ ਖਤਰੇ ਦੇ ਵਿਦੇਸ਼ੀ ਰਾਜਾਂ ਦੇ ਦੋਸ਼ਾਂ ਬਾਰੇ ਵਿਸਥਾਰ ਨਾਲ ਜੋੜਿਆ ਕਿ ਇੱਕ ਖ਼ਤਰਾ, ਜਿਸ ਬਾਰੇ ਕੈਨੇਡਾ ਦੇ ਸੀਨੀਅਰ ਸੁਰੱਖਿਆ ਅਧਿਕਾਰੀਆਂ ਨੇ ਸਾਲਾਂ ਤੋਂ ਚਿਤਾਵਨੀ ਦਿੱਤੀ ਹੈ ਅਤੇ ਇਹ ਹੁਣ ਜਸਟਿਸ ਮੈਰੀ-ਦੀ ਅਗਵਾਈ ਵਾਲੀ ਜਨਤਕ ਜਾਂਚ ਵਿੱਚ ਜਾਂਚ ਅਧੀਨ ਹੈ ਅਤੇ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਸੁਰੱਖਿਆ ਏਜੰਸੀਆਂ ਕਿੰਨੀਆਂ ਜਾਣਦੀਆਂ ਸਨ ਅਤੇ ਬਦਲੇ ਵਿੱਚ, ਸੀਨੀਅਰ ਨੌਕਰਸ਼ਾਹਾਂ, ਮੁਹਿੰਮ ਦੇ ਸੰਚਾਲਕਾਂ ਅਤੇ ਸੀਨੀਅਰ ਰਾਜਨੀਤਿਕ ਨੇਤਾਵਾਂ ਨੂੰ ਕੀ ਦੱਸਿਆ ਗਿਆ ਸੀ ਨਾਲ ਹੀ ਪਿਛਲੀਆਂ ਦੋ ਸੰਘੀ ਚੋਣ ਮੁਹਿੰਮਾਂ ਦੌਰਾਨ ਇਹ ਜਾਣਕਾਰੀ ਕਿਵੇਂ ਸੰਭਾਲੀ ਗਈ ਸੀ ਅਤੇ ਇਸਦੇ ਕੀ ਪ੍ਰਭਾਵ ਸਨ।

ਜਾਂਚ ਦੌਰਾਨ ਪੈਨਲ ਨੂੰ ਪੇਸ਼ ਕੀਤੇ ਗਏ ਦਸਤਾਵੇਜ਼ਾਂ ਵਿੱਚ, ਪ੍ਰੀਵੀ ਕੌਂਸਲ ਦਫ਼ਤਰ, ਗੈਰ-ਪੱਖਪਾਤੀ ਦਫ਼ਤਰ, ਜੋ ਸਰਕਾਰ ਦੀ ਮਸ਼ੀਨਰੀ ਦੀ ਨਿਗਰਾਨੀ ਕਰਦਾ ਹੈ, ਦਾ ਇੱਕ ਸੰਖੇਪ ਨੋਟ ਸੀ।

ਨੋਟ ਵਿੱਚ 2021 ਦੀ ਮੁਹਿੰਮ ਤੋਂ ਬਾਅਦ ਕੰਜ਼ਰਵੇਟਿਵਾਂ ਦੁਆਰਾ ਉਠਾਈਆਂ ਗਈਆਂ ਚਿੰਤਾਵਾਂ ਦਾ ਸਾਰ ਦਿੱਤਾ ਗਿਆ ਸੀ, ਜਿਸਨੂੰ ਸੋਲੀਮਾਨ ਨੇ ਕਿਹਾ ਕਿ ਇਸ ਨੂੰ ਇਕੱਠਾ ਕੀਤਾ ਗਿਆ ਅਤੇ ਪਾਸ ਕੀਤਾ ਗਿਆ ਕਿਉਂਕਿ ਪਾਰਟੀ ਨੇ ਮਹਿਸੂਸ ਕੀਤਾ ਕਿ ਉਹ ਸੁਰੱਖਿਆ ਏਜੰਸੀਆਂ ਦੁਆਰਾ ਨਜ਼ਦੀਕੀ ਨਜ਼ਰੀਏ ਦੇ ਹੱਕਦਾਰ ਹਨ।

ਉਸਨੇ ਕਿਹਾ ਕਿ ਉਸਦੀ ਪਾਰਟੀ ਨੇ ਇਕੱਠੀ ਕੀਤੀ ਗਈ ਸਮੱਗਰੀ ਸੌਂਪੀ ਕਿਉਂਕਿ ਉਸਨੂੰ ਵਿਸ਼ਵਾਸ ਸੀ ਕਿ ਕੁਝ ਗਲਤ ਹੋ ਗਿਆ ਹੈ ਅਤੇ ਇਹ ਕਿ ਲੋਕਤੰਤਰੀ ਪ੍ਰਣਾਲੀ ਦੀ ਸਿਹਤ ਲਈ ਸੁਰੱਖਿਆ ਏਜੰਸੀਆਂ ਨੂੰ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ।

# ਕਾਂਗਰਸ ਦਾ ਚੋਣ ਮੈਨੀਫ਼ੈਸਟੋ ਬਨਾਮ ਮੋਦੀ ਸਰਕਾਰ

## ਕਿੰਝ ਪੂਰੇ ਹੋਣਗੇ ਚੋਣ ਮੈਨੀਫ਼ੈਸਟੋ ਵਿੱਚ ਕਾਂਗਰਸ ਵੱਲੋਂ ਕੀਤੇ ਗਏ ਵਾਅਦੇ







ਅੰਮ੍ਰਿਤਸਰ ਟਾਈਮਜ਼ ਬਿਊਰੋ

ਭਾਰਤ ਦੀ ਰਾਸ਼ਟਰੀ ਸਿਆਸਤ ਵਿੱਚ ਇਸ ਸਮੇਂ ਕਾਂਗਰਸ ਦੇ ਚੋਣ ਮੈਨੀਫ਼ੈਸਟੋ ਦੀ ਚਰਚਾ ਛਿੜੀ ਹੋਈ ਹੈ। ਕਾਂਗਰਸ ਵੱਲੋਂ ਇਸ ਨੂੰ 'ਨਿਆਂ ਪੱਤਰ' ਦਾ ਨਾਂਅ ਦਿੱਤਾ ਗਿਆ ਹੈ, ਜੋ ਕਿ ਕਲਿਆਣਕਾਰੀ ਰਾਜ ਦੀ ਧਾਰਨਾ 'ਤੇ ਆਧਾਰਿਤ ਹੈ। ਇਸ ਚੋਣ ਮੈਨੀਫ਼ੈਸਟੋ ਵਿੱਚ 5 'ਨਿਆਂ' ਅਤੇ 25 'ਗਾਰੰਟੀਆਂ' ਦਾ ਜ਼ਿਕਰ ਕੀਤਾ ਗਿਆ ਹੈ। ਕਾਂਗਰਸ ਪਾਰਟੀ ਦੇ ਚੋਣ ਮੈਨੀਫ਼ੈਸਟੋ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਵਿੱਚ ਕਾਂਗਰਸ ਸਰਕਾਰ ਆਉਣ 'ਤੇ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਬਹਾਲ ਕੀਤਾ ਜਾਵੇਗਾ ਅਤੇ ਪੁਡੂਚੇਰੀ ਨੂੰ ਪੂਰਨ ਰਾਜ ਦਾ ਦਰਜਾ ਦਿੱਤਾ ਜਾਵੇਗਾ। ਇਸ ਮੈਨੀਫ਼ੈਸਟੋ ਵਿੱਚ ਕਾਂਗਰਸ ਵੱਲੋਂ ਹੋਰ ਵੀ ਕਈ ਵਾਅਦੇ ਕੀਤੇ ਗਏ ਹਨ। ਹਾਲਾਂਕਿ ਜਿਵੇਂ ਹੀ ਕਾਂਗਰਸ ਦਾ ਚੋਣ ਮੈਨੀਫ਼ੈਸਟੋ ਸਾਹਮਣੇ ਆਇਆ ਤਾਂ ਭਾਜਪਾ ਨੇ ਇਸ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਮੋਦੀ ਵੱਲੋਂ ਕਾਂਗਰਸ ਦੇ ਚੋਣ ਮੈਨੀਫ਼ੈਸਟੋ 'ਤੇ ਮੁਸਲਿਮ ਲੀਗ ਦਾ ਪ੍ਰਭਾਵ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਇਥੋਂ ਤੱਕ ਕਹਿ ਦਿੱਤਾ ਕਿ ਚੋਣ ਮੈਨੀਫ਼ੈਸਟੋ ਦੇ ਹਰ ਸਫ਼ੇ ਤੋਂ ਭਾਰਤ ਨੂੰ ਟੁਕੜੇ ਟੁਕੜੇ ਕਰਨ ਦੀ ਬੋਅ ਆ ਰਹੀ ਹੈ। ਨਫ਼ਰਤ ਦੀ ਵੀ ਕੋਈ ਹੱਦ ਹੁੰਦੀ ਹੈ, ਯੋਗੀ ਅਦਿੱਤਿਆਨਾਥ ਨੇ ਕਿਹਾ ਸੀ ਕਿ " ਮੁਸਲਿਮ ਲੀਗ ਵਾਇਰਸ ਹੈ, ਤੇ ਕਾਂਗਰਸ ਨੂੰ ਇਹ ਲੱਗ ਗਿਆ ਹੈ।" ਚੋਣ ਕਮਿਸ਼ਨ ਦੇ ਮੁਤਾਬਿਕ ਤੁਸੀਂ ਧਰਮ ਦਾ ਨਾਮ ਨਹੀਂ ਲੈ ਸਕਦੇ, ਪਰ ਬੋਲਣ ਵਾਲਿਆਂ ਦੀ ਜ਼ਬਾਨ ਕਿਥੇ ਟਿਕਦੀ ਹੈ, ਉਹਨਾਂ ਨੇ ਮੁਸਲਿਮ ਦੇ ਨਾਲ 'ਲੀਗ' ਸ਼ਬਦ ਲਗਾ ਦਿੱਤਾ ਹੈ। ਇਸਦੇ ਨਾਲ ਹੀ ਭਾਰਤ ਦੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਐਨ.ਡੀ.ਏ. ਸਾਲ 2047 ਤੱਕ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣਾ ਚਾਹੁੰਦੀ ਹੈ, ਪਰ ਇਸ ਦੀ ਮੁੱਖ ਵਿਰੋਧੀ ਪਾਰਟੀ ਕਾਂਗਰਸ ਦਾ ਚੋਣ ਮੈਨੀਫ਼ੈਸਟੋ ਭਾਰਤ ਨੂੰ ਕਾਫ਼ੀ ਸਮਾਂ ਪਿੱਛੇ ਲੈ ਜਾਵੇਗਾ। ਆਮ ਜਨਤਾ ਦਾ ਸਵਾਲ ਇਹ ਹੈ ਕਿ ਭਾਜਪਾ ਭਾਰਤ ਨੂੰ 2047 ਵਿੱਚ ਹੀ ਕਿਉਂ ਵਿਕਸਤ ਕਰੇਗੀ, ਉਸ ਤੋਂ ਪਹਿਲਾਂ ਕਿਉਂ ਨਹੀਂ ?

ਸਿਆਸੀ ਹਲਕਿਆਂ ਵਿੱਚ ਇਸ ਗੱਲ ਦੀ ਵੀ ਚਰਚਾ ਹੋ ਰਹੀ ਹੈ ਕਿ ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਸਮੇਤ ਹੋਰ ਕਈ ਸਿਆਸੀ ਪਾਰਟੀਆਂ ਨਾਲ 'ਇੰਡੀਆ ਗਠਜੋੜ' ਕੀਤਾ ਹੋਇਆ ਹੈ ਪਰ 'ਇੰਡੀਆ ਗਠਜੋੜ' ਦਾ ਸਾਂਝਾ ਚੋਣ ਮੈਨੀਫ਼ੈਸਟੋ ਜਾਰੀ ਕਰਨ ਦੀ ਥਾਂ ਕਾਂਗਰਸ ਵੱਲੋਂ ਸਿਰਫ਼ ਆਪਣਾ ਚੋਣ ਮੈਨੀਫ਼ੈਸਟੋ ਜਾਰੀ ਕੀਤਾ ਗਿਆ ਹੈ। ਕੋਈ ਸ਼ੱਕ ਨਹੀਂ ਹੈ ਕਿ ਇਸ ਮੈਨੀਫ਼ੈਸਟੋ ਦੀ ਸ਼ਲਾਘਾ ਵੀ ਕੀਤੀ ਜਾ ਰਹੀ ਹੈ ਤੇ ਬੁੱਧੀਜੀਵੀਆਂ ਦੇ ਵਿੱਚ ਚਰਚਾ ਇਹ ਵੀ ਹੈ ਕਿ 'ਆਪ' ਸਾਂਸਦ ਸੰਜੈ ਸਿੰਘ ਵੱਲੋਂ ਇਹ ਕਹਿਣਾ ਕਿ ਇੱਕ ਸਾਂਝਾ ਚੋਣ ਮੈਨੀਫ਼ੈਸਟੋ ਐਲਾਨ ਕਰਨਾ ਚਾਹੀਦਾ ਹੈ, ਦਰਸਾਉਂਦਾ ਹੈ ਕਿ ਅੰਦਰਖਾਤੇ 'ਆਪ' ਚੋਣ ਮੈਨੀਫ਼ੈਸਟੋ ਤੋਂ ਡਰੀ ਹੋਈ ਹੈ। ਕਾਂਗਰਸ ਪਾਰਟੀ ਨੇ ਆਪਣੇ ਚੋਣ ਮਨੋਰਥ ਪੱਤਰ ਵਿੱਚ ਪੰਜ ਤਰ੍ਹਾਂ ਦੇ ਇਨਸਾਫ਼ ਦੀ ਗੱਲ ਕੀਤੀ ਹੈ, ਜਿਵੇਂ ਕਿ ਕਿਸਾਨ ਨਿਆਂ, ਨਾਰੀ ਨਿਆਂ, ਭਾਗਦਾਰੀ ਨਿਆਂ, ਮਜ਼ਦੂਰ ਨਿਆਂ ਤੇ ਨੌਜਵਾਨ ਨਿਆਂ। ਪੂਰੀ ਤਰ੍ਹਾਂ ਗਾਰੰਟੀਆਂ ਨਾਲ ਲਬਰੇਜ਼ ਹੈ ਕਾਂਗਰਸ ਦਾ ਚੋਣ ਮੈਨੀਫ਼ੈਸਟੋ। ਇਹ ਵੀ ਕਿਹਾ ਗਿਆ ਕਿ ਜਾਤੀ ਜਨਗਣਨਾ ਕਰਵਾਵਾਂਗੇ, ਐਮ.ਐਸ.ਪੀ ਦੀ ਗਾਰੰਟੀ ਦੇਵਾਂਗੇ, ਰਾਖਵੇਂਕਰਨ ਦਾ ਕੋਟਾ ਵਧਾਵਾਂਗੇ, ਅਗਨੀਵੀਰ ਵਾਲੀ ਭਰਤੀ ਖ਼ਤਮ ਕਰਾਂਗੇ, 25 ਲੱਖ ਦਾ ਸਿਹਤ ਬੀਮਾ ਹੋਵੇਗਾ ਤੇ ਸਭ ਤੋਂ ਵੱਡਾ ਵਾਅਦਾ ਕਾਂਗਰਸ ਨੇ ਇਹ ਕੀਤਾ ਕਿ ਅਸੀਂ ਲੋਕਤੰਤਰ ਬਚਾਵਾਂਗੇ। ਭੈਅ, ਡਰ, ਹਿਜ਼ਾਬ, ਬੁਲਡੋਜ਼ਰ, ਅਜ਼ਾਨ ਵਰਗੇ ਧਾਰਮਿਕ ਮੁੱਦਿਆਂ 'ਤੇ ਹੁੰਦੀ ਗੁੰਡਾਗਰਦੀ ਨੂੰ ਰੋਕਣ ਬਾਰੇ ਮੈਨੀਫ਼ੈਸਟੋ ਵਿੱਚ ਜ਼ਿਕਰ ਕਰਨਾ ਵੱਡੀ ਗੱਲ ਹੈ। ਇੱਕ ਚੋਣ ਮੈਨੀਫ਼ੈਸਟੋ ਵਿੱਚ ਹੋਰ ਵੱਡੀ ਗੱਲ ਕੀਤੀ ਗਈ ਕਿ ਅਸੀਂ ਸੁਪਰੀਮ ਕੋਰਟ ਨੂੰ ਦੋ ਹਿੱਸਿਆਂ ਦੇ ਵਿੱਚ ਵੰਡਾਂਗੇ ।

ਪਹਿਲੇ ਭਾਗ ਵਿੱਚ 7 ਉੱਚ ਕੋਟੀ ਦੇ ਜੱਜਾਂ ਦਾ ਬੈਂਚ ਬਣਾਵਾਂਗੇ ਜੋ ਕਿ ਸੰਵਿਧਾਨਿਕ ਮਾਮਲੇ ਤੇ ਕਾਨੂੰਨੀ ਮਹੱਤਵਪੂਰਨ ਮਸਲਿਆਂ 'ਤੇ ਸੁਣਵਾਈ ਕਰਨਗੇ। ਦੂਜਾ ਬੈਂਚ ਅਪੀਲ, ਜ਼ਮਾਨਤਾਂ ਦੇ ਮਸਲਿਆਂ ਨਾਲ ਨਜਿੱਠੇਗਾ। ਇੱਕ ਕਮਿਸ਼ਨ ਇਵੇਂ ਦਾ ਵੀ ਤਿਆਰ ਕੀਤਾ ਜਾਵੇਗਾ, ਜਿਹੜਾ ਜੱਜਾਂ ਦੇ ਖ਼ਿਲਾਫ਼ ਸ਼ਿਕਾਇਤਾਂ ਸੁਣੇਗਾ ਤੇ ਇਸ ਕਮਿਸ਼ਨ ਵਿੱਚ ਰਿਟਾਇਰਡ ਜੱਜ ਆਪਣੀ ਭੂਮਿਕਾ ਨਿਭਾਉਣਗੇ।

ਮੈਨੀਫ਼ੈਸਟੋ ਵਿੱਚ ਵੋਟਿੰਗ ਪ੍ਰਣਾਲੀ (ਈ.ਵੀ.ਐਮ.) ਵਿੱਚ ਸੁਧਾਰ ਦੀ ਗੱਲ ਕੀਤੀ ਗਈ ਹੈ। ਕਾਂਗਰਸ ਨੇ ਮੈਨੀਫ਼ੈਸਟੋ ਵਿੱਚ ਕਿਹਾ ਹੈ ਕਿ ਅਸੀਂ ਸ਼ਾਂਤੀਪੂਰਨ ਤਰੀਕੇ ਦੇ ਨਾਲ ਹੁੰਦੇ ਵਿਰੋਧ ਪ੍ਰਦਰਸ਼ਨ ਜਾਂ ਧਰਨਿਆਂ ਨੂੰ ਨਹੀਂ ਰੋਕਾਂਗੇ, ਇੰਟਰਨੈਟ ਬੰਦ ਕਰਕੇ ਲੋਕਾਂ ਦੇ ਵਿਚਾਰਾਂ ਦੀ ਸੰਘੀ ਨਹੀਂ ਘੁੱਟੀ ਜਾਵੇਗੀ। ਹੋਰ ਵੀ ਬਹੁਤ ਕੁਝ ਇਸ ਚੋਣ ਮੈਨੀਫ਼ੈਸਟੋ ਦੇ ਵਿੱਚ ਸ਼ਾਮਲ ਹੈ। ਅਜਿਹੇ 'ਚ ਸਵਾਲ ਇਹ ਹੈ ਕਿ ਕਾਂਗਰਸ ਦੇ ਚੋਣ ਮੈਨੀਫ਼ੈਸਟੋ 'ਚ ਕੀਤੇ ਗਏ ਇਨ੍ਹਾਂ ਵਾਅਦਿਆਂ ਦਾ ਕਿੰਨਾ ਕੁ ਅਸਰ ਹੋਵੇਗਾ ? ਕਾਂਗਰਸ ਨੇ ਆਪਣੇ ਚੋਣ ਮੈਨੀਫ਼ੈਸਟੋ ਵਿੱਚ 'ਮੁਸਲਿਮ ਲੀਗ ਦੀ ਛਾਪ' ਬਾਰੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਟਿੱਪਣੀ ਨੂੰ ਲੈ ਕੇ ਚੋਣ ਕਮਿਸ਼ਨ ਕੋਲ ਪਹੁੰਚ ਕੀਤੀ ਅਤੇ ਇਸ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ।

ਕੋਈ ਸਮਾਂ ਸੀ ਕਿ ਲੋਕ ਰਾਜਨੀਤਿਕ ਪਾਰਟੀਆਂ ਦੇ ਹਰ ਵਾਅਦੇ ਨੂੰ ਸੱਚ ਮੰਨ ਲੈਂਦੇ ਸਨ, ਸਾਡਾ ਖ਼ਿਆਲ ਹੈ ਕਿ ਰਾਜਨੀਤਿਕ ਪਾਰਟੀਆਂ ਬੜੀ ਸੋਚ ਸਮਝ ਕੇ ਤੇ ਲੋਕਾਂ ਦੀ ਨਬਜ਼ ਨੂੰ ਪਛਾਣ ਕੇ ਚੋਣ ਮੈਨੀਫ਼ੈਸਟੋ ਜਾਰੀ ਕਰ ਰਹੀਆਂ ਹਨ। ਜਲਦੀ ਹੀ ਭਾਜਪਾ ਵੀ ਆਪਣਾ ਚੋਣ ਮੈਨੀਫ਼ੈਸਟੋ ਜਾਰੀ ਕਰੇਗੀ ਪਰ ਲੋਕਾਂ ਨੂੰ ਗੁਜ਼ਾਰਿਸ਼ ਹੈ ਕਿ ਚੋਣ ਮੈਨੀਫ਼ੈਸਟੋ ਦੀ ਇੱਕ ਇੱਕ ਲਾਈਨ, ਇੱਕ ਇੱਕ ਵਾਅਦਾ ਕਿਹੜੀ ਪਾਰਟੀ ਵੱਲੋਂ ਕੀਤਾ ਗਿਆ, ਪਿੰਡਾਂ ਦੀਆਂ ਸੱਥਾਂ ਦੇ ਵਿੱਚ ਬੈਠ ਕੇ ਬਜ਼ੁਰਗਾਂ ਨੂੰ ਤੇ ਨੌਜਵਾਨਾਂ ਨੂੰ ਜਾਗਰੂਕ ਕਰੋ ਤਾਂ ਕਿ ਉਹ ਪਿੰਡਾਂ ਵਿੱਚ ਆਏ ਆਗੂਆਂ ਤੋਂ ਮੈਨੀਫ਼ੈਸਟੋ ਦੀ ਹਰ ਲਾਈਨ ਦਾ ਜਵਾਬ ਮੰਗ ਸਕਣ। ਹਰ ਲੀਡਰ ਇਹ ਸੋਚਦਾ ਹੈ ਕਿ 'ਜੇ' ਇਸ ਵਾਰ...ਮੈਂ ਬਣ ਗਿਆ... ਖ਼ੈਰ, ਇਸ ਵਾਰ ਦੀ 'ਜੇ' ਦੇ ਵਿੱਚ ਬੜੀਆਂ ਗੁੰਝਲਾਂ ਨੇ।

## ਕੈਨੇਡਾ 'ਚ ਗੁਰੂ ਘਰ ਦੇ ਪ੍ਰਧਾਨ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ

ਸਰੀ/ਏ.ਟੀ.ਨਿਊਜ਼ : ਕੈਨੇਡਾ ਦੇ ਐਡਮਿੰਟਨ ਦੇ ਇੱਕ ਨਾਮੀ ਬਿਲਡਰ ਅਤੇ ਗੁਰਦੁਆਰਾ ਸਿੱਖ ਟੈਂਪਲ ਦੇ ਪ੍ਰਧਾਨ ਬੂਟਾ ਸਿੰਘ ਗਿੱਲ ਦਾ ਦਿਨ-ਦਿਹਾੜੇ ਗੋਲੀਆਂ ਮਾਰ ਕੇ ਕਤਲ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਹ ਘਟਨਾ ਮ੍ਰਿਤਕ ਬੂਟਾ ਸਿੰਘ ਗਿੱਲ, ਜਿਸਦਾ ਪਿਛਲਾ ਪਿੰਡ ਲਾਂਧੜਾ (ਨੇੜੇ ਫਿਲੌਰ) ਹੈ, ਦੇ ਕਾਰੋਬਾਰ ਨਾਲ ਜੁੜੀ ਇੱਕ ਕੰਸਟ੍ਰਕਸ਼ਨ ਸਾਈਟ 'ਤੇ ਵਾਪਰੀ ਦੱਸੀ ਜਾ ਰਹੀ ਹੈ ਜੋ ਮਿਲਵੁੱਡ ਰਿੱਕ ਸੈਂਟਰ ਦੇ ਨੇੜੇ ਸਥਿੱਤ ਹੈ। ਮਿਲੀਆਂ ਖ਼ਬਰਾਂ ਅਨੁਸਾਰ ਹਮਲਾਵਰ ਨਿੱਕ ਧਾਲੀਵਾਲ ਵੀ ਕੰਸਟ੍ਰਕਸ਼ਨ ਦੇ ਕਿੱਤੇ ਨਾਲ ਬਤੌਰ 'ਰੂਫਰ' ਜੁੜਿਆ ਹੋਇਆ ਸੀ। ਇਸ ਘਟਨਾ ਦਾ ਤੀਜਾ ਸ਼ਿਕਾਰ ਸਰਬਜੀਤ ਸਿੰਘ ਦੱਸਿਆ ਗਿਆ ਹੈ ਜੋ ਇੱਕ ਸਿਵਲ ਇੰਜਨੀਅਰ ਹੈ ਜੋ ਗੰਭੀਰ ਜ਼ਖ਼ਮੀ ਹਾਲਤ ਵਿੱਚ ਜ਼ਿੰਦਗੀ ਅਤੇ ਮੌਤ ਵਿਚਾਲੇ ਲੜਾਈ ਲੜ ਰਿਹਾ ਹੈ।



ਸੂਤਰਾਂ ਮੁਤਾਬਕ ਤਿੰਨੋਂ ਵਿਅਕਤੀ ਕੰਸਟ੍ਰਕਸ਼ਨ ਸਾਈਟ 'ਤੇ ਮੌਜੂਦ ਸਨ, ਜਦੋਂ ਗਿੱਲ ਅਤੇ ਧਾਲੀਵਾਲ ਵਿਚਕਾਰ ਕਿਸੇ ਗੱਲ ਨੂੰ ਲੈ ਕੇ ਬਹਿਸਬਾਜ਼ੀ ਹੋ ਗਈ, ਜਿਸ ਮਗਰੋਂ ਧਾਲੀਵਾਲ ਨੇ ਆਪਣੀ ਪਿਸਤੌਲ ਕੱਢੀ ਅਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਧਾਲੀਵਾਲ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਇੰਜਨੀਅਰ ਸਰਬਜੀਤ ਸਿੰਘ ਜ਼ਖ਼ਮੀ ਹੋ ਗਿਆ। ਸੂਤਰਾਂ ਅਨੁਸਾਰ ਘਟਨਾ ਉਪਰੰਤ ਨਿੱਕ ਧਾਲੀਵਾਲ ਨੇ ਖੁਦ ਨੂੰ ਵੀ ਗੋਲੀ ਮਾਰ ਲਈ ਅਤੇ ਮੌਕੇ 'ਤੇ ਹੀ ਮਾਰਿਆ ਗਿਆ।

ਭਾਵੇਂ ਫਿਲਹਾਲ ਝਗੜੇ ਦਾ ਕੋਈ ਸਪਸ਼ਟ ਕਾਰਨ ਸਾਹਮਣੇ ਨਹੀਂ ਆਇਆ ਪਰ ਚਰਚਾਵਾਂ ਦਾ ਦੌਰ ਜਾਰੀ ਹੈ। ਦੱਸਿਆ ਜਾ ਰਿਹਾ ਹੈ ਕਿ ਜਿਸ ਗੁਰਦੁਆਰਾ ਸਾਹਿਬ ਦਾ ਗਿੱਲ ਪ੍ਰਧਾਨ ਸੀ ਉਹ ਖਾਲਿਸਤਾਨੀ ਲਹਿਰ ਦੀਆਂ ਸੰਚਾਲਕ ਸੰਸਥਾਵਾਂ ਵਿੱਚ ਮੋਹਰੀ ਕਰਕੇ ਜਾਣਿਆ ਜਾਂਦਾ ਹੈ। ਹੁਣ ਦੋਵੇਂ ਮ੍ਰਿਤਕਾਂ ਵਿਚਕਾਰ ਝਗੜੇ ਦਾ ਕਾਰਨ ਖਾਲਿਸਤਾਨੀ ਲਹਿਰ ਦੀ ਸਿਆਸਤ ਬਣੀ ਹੈ ਜਾਂ ਕੋਈ ਕਾਰੋਬਾਰੀ ਲੈਣ-ਦੇਣ ਇਹ ਜਾਂਚ ਦਾ ਵਿਸ਼ਾ ਹੈ। ਸੂਤਰ ਇਹ ਵੀ ਦੱਸਦੇ ਹਨ ਕਿ ਮਰਹੂਮ ਗਿੱਲ ਨੇ ਇਸ ਤੋਂ ਪਹਿਲਾਂ 2-3 ਵਾਰ ਫਿਰੌਤੀਆਂ ਮੰਗੇ ਜਾਣ ਬਾਰੇ ਪੁਲਿਸ ਰਿਪੋਰਟ ਵੀ ਕੀਤੀ ਸੀ। ਪੁਲਿਸ ਨੇ ਮਾਮਲਾ ਆਪਣੇ ਹੱਥਾਂ ਵਿੱਚ ਲੈ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਐਡਮਿੰਟਨ ਦੇ ਕੁਝ ਹੋਰ ਬਿਲਡਰਾਂ ਨੂੰ ਫਿਰੌਤੀ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ ਅਤੇ ਸ਼ਹਿਰ ਵਿੱਚ ਨਵੇਂ ਬਣਨ ਵਾਲੇ ਕੁਝ ਘਰਾਂ ਨੂੰ ਅੱਗ ਦੇ ਹਵਾਲੇ ਕੀਤੇ ਜਾਣ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ।

ਇਸ ਘਟਨਾ ਨਾਲ ਇਲਾਕੇ ਅਤੇ ਭਾਈਚਾਰੇ ਵਿੱਚ ਸੋਗ ਅਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਭਾਈਚਾਰੇ ਦੀਆਂ ਪ੍ਰਮੁੱਖ ਸਖਸ਼ੀਅਤਾਂ ਮੈਂਬਰ ਪਾਰਲੀਮੈਂਟ ਟਿਮ ਉੱਪਲ, ਸ਼ਹਿਰ ਦੇ ਮੇਅਰ ਅਮਰਜੀਤ ਸਿੰਘ ਸੋਹੀ, ਰੇਡੀਓ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਗਿੱਲ ਅਤੇ ਗੁਰਸ਼ਰਨ ਸਿੰਘ ਬੁੱਟਰ ਨੇ ਇਸ ਘਟਨਾ ਨੂੰ ਭਾਈਚਾਰੇ ਲਈ ਮੰਦਭਾਗਾ ਦੱਸਦਿਆਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਸਿੰਘ ਸਾਹਿਬਾਨਾਂ ਨੇ ਮੀਟਿੰਗ ਦੌਰਾਨ 4 ਅਹਿਮ ਮੁੱਦਿਆਂ 'ਤੇ ਲਏ ਫ਼ੈਸਲੇ

## ਵਿਸਾਖੀ ਉੱਪਰ ਸਿੱਖ ਘਰਾਂ 'ਤੇ ਖ਼ਾਲਸਾਈ ਨਿਸ਼ਾਨ ਲਹਿਰਾਉਣ

### ਬੰਦੀ ਸਿੰਘਾਂ, ਘੱਲੂਘਾਰਾ ਤੇ ਅੰਮ੍ਰਿਤਪਾਲ 'ਤੇ ਜਾਰੀ ਕੀਤੇ ਆਦੇਸ਼



ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨਾਂ ਦੀ ਅੰਮ੍ਰਿਤਸਰ ਵਿੱਚ ਅਹਿਮ ਮੀਟਿੰਗ ਹੋਈ। ਜਿਸ ਵਿੱਚ 4 ਅਹਿਮ ਮੁੱਦਿਆਂ 'ਤੇ ਫ਼ੈਸਲੇ ਲਏ ਗਏ। ਇਨ੍ਹਾਂ ਵਿੱਚ 3 ਸਿੱਖ ਸੰਗਤਾਂ ਲਈ ਆਦੇਸ਼ ਜਾਰੀ ਕੀਤਾ ਗਿਆ ਜਦਕਿ ਇੱਕ ਵਿੱਚ ਪੰਜਾਬ ਸਰਕਾਰ ਦੇ ਫ਼ੈਸਲੇ ਦੀ ਤਾੜਨਾ ਕੀਤੀ ਗਈ ।

**ਜਥੇਦਾਰਾਂ ਦੀ ਮੀਟਿੰਗ ਵਿੱਚ ਲਏ ਗਏ ਫ਼ੈਸਲੇ**

1. 5 ਸਿੰਘ ਸਾਹਿਬਾਨਾਂ ਦੀ ਮੀਟਿੰਗ ਵਿੱਚ ਖ਼ਾਲਸਾ ਸਾਜਨਾ ਦਿਵਸ ਦੇ 325 ਸਾਲ ਪੂਰੇ ਹੋਣ 'ਤੇ 13 ਅਪ੍ਰੈਲ 2024 ਨੂੰ ਹਰ ਸਿੱਖ ਨੂੰ ਘਰਾਂ 'ਤੇ ਖ਼ਾਲਸਾਈ ਨਿਸ਼ਾਨ ਝੁਲਾ ਕੇ ਖ਼ਾਲਸਾਈ ਜਾਹੋ-ਜਲਾਲ ਦਾ ਪ੍ਰਗਟਾਵਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ । ਇਸ ਦੇ ਨਾਲ ਹੀ ਸਾਰੀ ਕੌਮ ਨੂੰ ਸੰਦੇਸ਼ ਹੈ ਕਿ ਸਾਬਤ-ਸੂਰਤ ਹੋ ਕੇ ਅੰਮ੍ਰਿਤਧਾਰੀ ਹੋਵੋ ।

2. 13 ਅਪ੍ਰੈਲ ਨੂੰ ਹੀ ਖ਼ਾਲਸਾ ਸਾਜਣਾ ਦਿਵਸ ਵਾਲੇ ਦਿਨ ਸਵੇਰੇ 09.00 ਵਜੇ ਸੰਸਾਰ-ਭਰ ਵਿੱਚ ਵਸਦਾ ਹਰ ਸਿੱਖ, ਸਮੂਹ ਬੰਦੀ ਸਿੰਘਾਂ ਦੀ ਰਿਹਾਈ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਪੰਜ ਮਿੰਟ ਗੁਰਮੰਤਰ ਅਤੇ ਮੂਲਮੰਤਰ ਦਾ ਜਾਪ ਕਰਕੇ ਅਰਦਾਸ ਕਰਨ ਦਾ ਆਦੇਸ਼ ਦਿੱਤਾ।

3. ਤੀਜੇ ਆਦੇਸ਼ ਮੁਤਾਬਿਕ ਜੂਨ 1984 ਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ 'ਤੇ ਸਮੇਂ ਦੀ ਭਾਰਤ ਦੀ ਕਾਂਗਰਸ ਹਕੂਮਤ ਵੱਲੋਂ ਕੀਤੇ ਫ਼ੌਜੀ ਹਮਲੇ ਦੇ 40 ਸਾਲ ਪੂਰੇ ਹੋਣ 'ਤੇ 6 ਜੂਨ 2024 ਨੂੰ ਘੱਲੂਘਾਰਾ ਦਿਵਸ ਮੌਕੇ ਆਪੋ-ਆਪਣੇ ਨੇੜਲੇ ਗੁਰੂ ਘਰਾਂ ਵਿੱਚ ਸ਼ਹੀਦੀ ਸਮਾਗਮ ਉਲੀਕੋ ਤੇ ਦੀਵਾਨ ਲਗਾ ਕੇ ਨਵੀਂ ਪੀੜੀ ਨੂੰ ਭਾਰਤੀ ਹਕੂਮਤ ਵੱਲੋਂ ਸਿੱਖਾਂ ਉੱਤੇ ਕੀਤੇ ਜ਼ੁਲਮਾਂ ਦੀ ਦਾਸਤਾਨ ਸੁਣਾਵੋ।

4. ਚੌਥਾ ਆਦੇਸ਼ ਪੰਜਾਬ ਸਰਕਾਰ ਦੇ ਖ਼ਿਲਾਫ਼ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ 7 ਅਪ੍ਰੈਲ 2024 ਨੂੰ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਅਤੇ ਨਾਲ ਕੁਝ ਹੋਰ ਸਿੰਘਾਂ ਨੂੰ ਪੰਜਾਬ ਸਰਕਾਰ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ, ਜੋ ਕਿ ਬਹੁਤ ਹੀ ਮੰਦਭਾਗਾ ਵਰਤਾਰਾ ਹੈ। ਨਗਰ ਕੀਰਤਨ ਸਿੱਖ ਪਰੰਪਰਾ ਦਾ ਹਿੱਸਾ ਹੈ, ਨਗਰ ਕੀਰਤਨ ਨੂੰ ਰੋਕ ਕੇ ਸੰਗਤਾਂ ਨੂੰ ਤੰਗ ਪਰੇਸ਼ਾਨ ਕਰਨਾ ਸਾਡੀ ਪਰੰਪਰਾ 'ਤੇ ਹਮਲਾ ਹੈ।

# ਅਮਰੀਕਾ 'ਚ ਆਏ ਜ਼ਬਰਦਸਤ ਤੂਫ਼ਾਨ ਨੇ ਜਾਰਜੀਆ ਤੋਂ ਇਲੀਨੋਇਸ ਤੱਕ ਮਚਾਈ ਭਾਰੀ ਤਬਾਹੀ

## ਘਰਾਂ ਤੇ ਹੋਰ ਇਮਾਰਤਾਂ ਨੂੰ ਪੁੱਜਾ ਭਾਰੀ ਨੁਕਸਾਨ



ਸੈਕਰਾਮੈਂਟੋ ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਵਿੱਚ ਆਏ ਜਬਰਦਸਤ ਤੂਫ਼ਾਨ ਨੇ ਭਾਰੀ ਤਬਾਹੀ ਮਚਾਈ ਹੈ ਤੇ ਤੂਫ਼ਾਨ ਜਾਰਜੀਆ ਤੋਂ ਇਲੀਨੋਇਸ ਤੱਕ ਆਪਣੇ ਪਿੱਛੇ ਤਬਾਹੀ ਦੇ ਨਿਸ਼ਾਨ ਛੱਡ ਗਿਆ ਹੈ।ਸ਼ਕਤੀਸ਼ਾਲੀ ਤੂਫ਼ਾਨ ਨੇ ਦੱਖਣ ਤੋਂ ਉਹੀਓ ਵੈਲੀ ਤੱਕ ਭਾਰੀ ਨੁਕਸਾਨ ਕੀਤਾ ਹੈ

ਜਿਸ ਦੀ ਲਪੇਟ ਵਿੱਚ ਆ ਕੇ ਇੱਕ ਵਿਅਕਤੀ ਦੇ ਮਾਰੇ ਜਾਣ ਤੇ ਅਨੇਕਾਂ ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖ਼ਬਰ ਹੈ। ਅਨੇਕਾਂ ਘਰ ਤੇ ਹੋਰ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ। ਗਵਰਨਰ ਐਂਡੀ ਬੇਸ਼ੀਅਰ ਨੇ ਕਿਹਾ ਹੈ ਕਿ ਖਤਰਨਾਕ ਤੂਫ਼ਾਨ ਕਾਰਨ ਕੈਂਟੂਕੀ ਵਿਚ ਘੱਟੋ ਘੱਟ ਇਕ ਵਿਅਕਤੀ ਮਾਰਿਆ ਗਿਆ ਹੈ। ਗਵਰਨਰ ਨੇ ਲੈਕਸਿੰਗਟਨ ਖੇਤਰ ਵਿੱਚ ਤੂਫ਼ਾਨ ਕਾਰਨ ਪੁੱਜੇ ਨੁਕਸਾਨ ਦੇ ਮੱਦੇਨਜਰ ਰਾਜ ਭਰ ਵਿੱਚ ਹੰਗਾਮੀ ਸਥਿੱਤੀ ਦਾ ਐਲਾਨ ਕੀਤਾ ਹੈ।

ਤੂਫ਼ਾਨ ਕਾਰਨ ਲੋਇਸਵਿਲੇ ਦੇ ਉੱਤਰ ਵਿੱਚ ਜੈਫ਼ਰਸਨਵਿਲੇ, ਇੰਡਿਆਨਾ ਵਿੱਚ ਘੱਟੋ ਘੱਟ 10 ਵਿਅਕਤੀ ਜ਼ਖਮੀ ਹੋਏ ਹਨ। ਇਹ ਜਾਣਕਾਰੀ ਸ਼ਹਿਰ ਦੇ ਮੇਅਰ ਨੇ ਦਿੱਤੀ ਹੈ।ਘਰਾਂ ਦੀਆਂ ਛੱਤਾਂ ਉੱਡ ਗਈਆਂ ਹਨ ਤੇ ਮਲਬਾ ਦੂਰ ਤੱਕ ਫ਼ੈਲ ਗਿਆ ਹੈ। ਗਵਰਨਰ ਜਿਮ ਜਸਟਿਸ ਅਨੁਸਾਰ ਪੂਰੇ ਪੱਛਮੀ ਵਰਜੀਨੀਆ ਵਿੱਚ ਮੀਂਹ ਕਾਰਨ ਹਾਲਾਤ ਹੜ੍ਹ ਵਰਗੇ ਬਣ ਗਏ ਹਨ।ਦਰਖਤ ਡਿੱਗੇ ਪਏ ਹਨ ਤੇ ਬਿਜਲੀ ਠੱਪ ਹੋ ਗਈ ਹੈ। ਇਸ ਦੇ ਨਾਲ ਹੀ ਸੜਕਾਂ ਜਾਮ ਹੋ ਗਈਆਂ ਹਨ।ਗਵਰਨਰ ਨੇ ਫ਼ੇਏਟੀ, ਕਾਨਾਵਹਾ, ਲਿਨਕੋਲਨ ਤੇ ਨਿਕੋਲਸ ਕਾਊਂਟੀਆਂ ਵਿੱਚ ਹੰਗਾਮੀ ਹਾਲਤ ਦਾ ਐਲਾਨ ਕੀਤਾ ਹੈ।

ਐਮਰਜੈਂਸੀ ਦਫ਼ਤਰ ਦੇ ਮੈਨੇਜਮੈਂਟ ਡਾਇਰੈਕਟਰ ਕੈਵਿਨ ਵਾਲਕਰ ਅਨੁਸਾਰ ਫ਼ੇਏਟੀ ਕਾਊਂਟੀ ਪੱਛਮੀ ਵਰਜੀਨੀਆ ਵਿੱਚ ਘੱਟੋ ਘੱਟ 13 ਘਰਾਂ ਨੂੰ ਨੁਕਸਾਨ ਪੁੱਜਾ ਹੈ ਤੇ ਕੁਝ ਲੋਕ ਜ਼ਖਮੀ ਵੀ ਹੋਏ ਹਨ।ਉਨ੍ਹਾਂ ਕਿਹਾ ਕਿ ਕੁਝ ਘਰਾਂ ਨੂੰ ਬਹੁਤ ਜਿਆਦਾ ਨੁਕਸਾਨ ਪੁੱਜਾ ਹੈ।

# ਟਰੰਪ ਨੂੰ ਝਟਕਾ, ਜੱਜ ਨੇ ਚੋਣ ਦਖ਼ਲਅੰਦਾਜ਼ੀ ਮਾਮਲੇ 'ਚ ਦੋਸ਼ ਰੱਦ ਕਰਨ ਦੀ ਬੇਨਤੀ ਠੁਕਰਾਈ



ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਜਾਰਜੀਆ ਦੇ ਇੱਕ ਜੱਜ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਦੀ ਚੋਣ ਦਖਲਅੰਦਾਜੀ ਮਾਮਲੇ ਵਿੱਚ ਦੋਸ਼ ਰੱਦ ਕਰਨ ਦੀ ਬੇਨਤੀ ਨੂੰ ਠੁਕਰਾ ਦਿੱਤਾ ਹੈ ਤੇ ਆਦੇਸ਼ ਦਿੱਤਾ ਕਿ ਦੋਸ਼ ਰੱਦ ਕਰਨ ਦੀ ਬਜਾਏ ਇੱਕ ਜਿਊਰੀ ਇਸ ਸਬੰਧੀ ਫ਼ੈਸਲਾ ਲਵੇ ਕਿ ਕੀ ਸਾਬਕਾ ਰਾਸ਼ਟਰਪਤੀ ਨੇ ਕਾਨੂੰਨ ਤੋੜਿਆ ਹੈ ? ਵਕੀਲ ਨੇ ਦਲੀਲ ਦਿੱਤੀ ਕਿ ਪਹਿਲੀ ਸੋਧ ਟਰੰਪ ਨੂੰ ਚੋਣਾਂ ਵਿੱਚ ਦਖਲਅੰਦਾਜੀ ਕਰਨ ਦੇ ਦੋਸ਼ਾਂ ਤੋਂ ਰਾਹਤ ਦਿੰਦੀ ਹੈ ਕਿਉਂਕਿ ਵੱਡੀ ਪੱਧਰ ਉਪਰ ਹੋਈ ਚੋਣ ਧਾਂਦਲੀ ਦਾ ਉਨਾਂ ਦਾ ਦਾਅਵਾ ਰਾਜਸੀ ਭਾਸ਼ਣ ਸੀ।ਟਰੰਪ ਦੇ ਵਕੀਲ ਸਟੀਵ ਸੈਡੋਅ ਨੇ ਦਲੀਲ ਦਿੱਤੀ ਕਿ ਦੋਸ਼ ਰੱਦ ਕੀਤੇ ਜਾਣ ਕਿਉਂਕਿ ਟਰੰਪ ਇਕ ਰਾਸ਼ਟਰਪਤੀ ਵਜੋਂ ਰਾਜਨੀਤੀ ਬਾਰੇ ਗੱਲ ਕਰ ਰਿਹਾ ਸੀ। ਵਕੀਲ ਨੇ ਕਿਹਾ ਕਿ ਜੇਕਰ ਟਰੰਪ ਨੇ ਝੂਠਾ ਬਿਆਨ ਦਿੱਤਾ ਸੀ ਜਿਵੇਂ ਕਿ ਦੋਸ਼ ਲਾਇਆ ਗਿਆ ਹੈ ਤਾਂ ਵੀ ਇਸ ਰਾਜਸੀ ਬਹਿਸ ਲਈ ਉਹ ਰਾਹਤ ਦਾ ਹੱਕਦਾਰ ਹੈ। ਫ਼ਲਟਨ ਕਾਊਂਟੀ ਸੁਪੀਰੀਅਰ ਜੱਜ ਸਕਾਟ ਮੈਕਾਫ਼ੀ ਨੇ ਆਦੇਸ਼ ਦਿੱਤਾ ਕਿ ਪਹਿਲੀ ਸੋਧ ਉਸ ਭਾਸ਼ਣ ਦਾ ਬਚਾਅ ਨਹੀਂ ਕਰਦੀ ਜੋ ਭਾਸ਼ਣ ਅਪਰਾਧ ਦਾ ਹਿੱਸਾ ਹੋਵੇ। ਇਸ ਲਈ ਜਿਊਰੀ ਫ਼ੈਸਲਾ ਲਵੇ ਕਿ ਟਰੰਪ ਦੇ ਮਾਮਲੇ ਵਿੱਚ ਕੀ ਅਜਿਹਾ ਹੋਇਆ ਹੈ। ਮੈਕਾਫ਼ੀ ਨੇ ਆਪਣੇ ਆਦੇਸ਼ ਵਿੱਚ ਲਿਖਿਆ ਹੈ

ਕਿ ਇਹ ਦੋਸ਼ ਕਿ ਮੁਲਜਿਮ ਦੇ ਭਾਸ਼ਣ ਜਾਂ ਵਿਵਹਾਰ ਵਿੱਚ ਅਪਰਾਧਕ ਇਰਾਦਾ ਸ਼ਾਮਿਲ ਸੀ ਇਹ ਇੱਕ ਅਜਿਹਾ ਮਾਮਲਾ ਹੈ ਜਿਸ ਨੂੰ ਜਿਊਰੀ ਹੀ ਹਲ ਕਰ ਸਕਦੀ ਹੈ। ਇਸ ਉਪਰੰਤ ਸਾਬਕਾ ਰਾਸ਼ਟਰਪਤੀ ਦੇ ਵਕੀਲ ਨੇ ਕਿਹਾ ਕਿ ਅਸੀਂ ਮੈਕਾਫ਼ੀ ਦੇ ਆਦੇਸ਼ ਨਾਲ ਸਨਮਾਨ ਸਹਿਤ ਅਸਹਿਮ ਹਾਂ ਤੇ ਸੰਭਾਵੀ ਤੌਰ 'ਤੇ ਇਸ ਮੁੱਦੇ ਨੂੰ ਫ਼ਿਰ ਉਠਾਇਆ ਜਾਵੇਗਾ।

# ਰੂਸ ਦਾ ਪਹਿਲਾ ਨਿਸ਼ਾਨਾ ਹੈ ਵਾਸ਼ਿੰਗਟਨ

## ਪ੍ਰਮਾਣੂ ਹਮਲੇ ਨਾਲ ਇੱਕ ਸਕਿੰਟ ਵਿੱਚ ਹੋ ਜਾਵੇਗਾ ਸਭ ਕੁਛ ਤਹਿਸ ਨਹਿਸ

ਵਾਸ਼ਿੰਗਟਨ/ਏ.ਟੀ.ਨਿਊਜ਼ : ਰੂਸ ਅਤੇ ਯੂਕਰੇਨ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਹੀ ਜੰਗ ਦਰਮਿਆਨ ਰੂਸ ਵੱਲੋਂ ਪਰਮਾਣੂ ਹਮਲੇ ਦੀਆਂ ਧਮਕੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਇਹਨਾਂ ਧਮਕੀਆਂ ਦੇ ਦੌਰਾਨ, ਹੁਣੇ ਜਿਹੇ ਅਣਐਲਾਨੇ ਦਸਤਾਵੇਜ਼ਾਂ ਨੇ ਹੈਰਾਨ ਕਰਨ ਵਾਲੇ ਵੇਰਵਿਆਂ ਦਾ ਖੁਲਾਸਾ ਕੀਤਾ ਹੈ ਕਿ ਜੇਕਰ ਪ੍ਰਮਾਣੂ ਯੁੱਧ ਹੁੰਦਾ ਹੈ ਤਾਂ ਕੀ ਹੋਵੇਗਾ ?

'ਜਨਰਲ ਨਿਊਕਲੀਅਰ ਵਾਰ' ਸਿਰਲੇਖ ਵਾਲੀਆਂ ਗੁਪਤ ਫਾਈਲਾਂ ਅਮਰੀਕੀ ਸਰਕਾਰ ਦੁਆਰਾ ਰੱਖੇ ਗਏ ਸਭ ਤੋਂ ਵੱਧ ਵਰਗੀਕ੍ਰਿਤ ਭੇਦਾਂ ਵਿੱਚੋਂ ਇੱਕ ਹਨ।ਇਹ ਦਸਤਾਵੇਜ਼ ਦਹਾਕਿਆਂ ਤੋਂ ਅਸਪਸ਼ਟ ਸਨ।ਇਹ ਦੱਸਦੇ ਹਨ ਕਿ ਕਿਵੇਂ ਪ੍ਰਮਾਣੂ ਯੁੱਧ ਵਿੱਚ ਵਾਸ਼ਿੰਗਟਨ ਡੀਸੀ ਪਹਿਲਾ ਨਿਸ਼ਾਨਾ ਹੋ ਸਕਦਾ ਹੈ।ਬੀਤੇ ਦਿਨੀਂ ਅਖਬਾਰ ਮੈਟਰੋ ਯੂ.ਕੇ. ਦੀ ਰਿਪੋਰਟ ਦੇ ਮੁਤਾਬਿਕ ਬੀਤੇ ਦਿਨੀਂ ਛਾਪੇ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਪੈਂਟਾਗਨ ਉੱਪਰ ਇੱਕ ਮੈਗਾਟਨ ਥਰਮੋਨਿਊਕਲੀਅਰ ਬੰਬ ਨਾਲ ਅਚਾਨਕ ਹਮਲਾ ਕੀਤਾ ਜਾਵੇਗਾ। ਪਰਮਾਣੂ, ਰਸਾਇਣਕ ਅਤੇ ਜੀਵ-ਵਿਗਿਆਨਕ ਰੱਖਿਆ ਪ੍ਰੋਗਰਾਮਾਂ ਦੇ ਸਾਬਕਾ ਰੱਖਿਆ ਸਹਾਇਕ ਸਕੱਤਰ, ਐਂਡਰਿਊ ਵੇਬਰ ਦਾ ਕਹਿਣਾ ਹੈ ਕਿ ਵਸ਼ਿੰਗਟਨ ਡੀਸੀ ਦੇ ਖਿਲਾਫ 'ਬੋਲਟ ਆਊਟ ਆਫ ਦ ਬਲੂ' ਉਹ ਹਮਲਾ ਹੈ, ਜਿਸ ਤੋਂ ਡੀਸੀ ਵਿੱਚ ਹਰ ਕੋਈ ਡਰਦਾ ਹੈ। ਬੋਲਟ ਆਊਟ ਆਫ ਦ ਬਲੂ ਅਮਰੀਕੀ ਪਰਮਾਣੂ ਕਮਾਂਡ ਅਤੇ ਨਿਯੰਤਰਣ ਬਿਨਾਂ ਭੜਕਾਹਟ ਦੇ ਇੱਕ ਵੱਡੇ ਪ੍ਰਮਾਣੂ ਹਮਲੇ ਨੂੰ ਦਰਸਾਉਂਦਾ ਹੈ। ਇੱਕ ਮੈਗਾਟਨ ਥਰਮੋਨਿਊਕਲੀਅਰ ਬੰਬ ਦਾ ਵਿਸਫੋਟ ਰੋਸ਼ਨੀ ਅਤੇ ਗਰਮੀ ਦੇ ਇੱਕ ਵਿਸ਼ਾਲ ਵਿਸਫੋਟ ਨਾਲ ਸ਼ੁਰੂ ਹੁੰਦਾ ਹੈ, ਜਿਸ ਨੂੰ ਮਨੁੱਖੀ ਮਨ ਸਮਝ ਨਹੀਂ ਸਕਦਾ। ਇੱਕ ਸੌ ਅੱਸੀ ਮਿਲੀਅਨ ਡਿਗਰੀ ਫਾਰਨਹੀਟ ਸੂਰਜ ਦੇ ਕੇਂਦਰ ਦੇ ਤਾਪਮਾਨ ਨਾਲੋਂ ਪੰਜ ਗੁਣਾ ਹੈ। ਇਹ ਸਪੱਸ਼ਟ ਹੈ ਕਿ ਧਮਾਕੇ ਤੋਂ ਬਾਅਦ ਦੇ ਮਿੰਟ ਪੂਰੀ ਤਰ੍ਹਾਂ ਤਬਾਹੀ ਦੇ ਹੋਣਗੇ।

ਭਿਆਨਕ ਨਤੀਜੇ ਕੁਝ ਸਕਿੰਟਾਂ ਵਿੱਚ ਹੋਣਗੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਾਸ਼ਿੰਗਟਨ ਡੀਸੀ ਦੇ ਨੇੜੇ ਪੈਂਟਾਗਨ ਵਿੱਚ ਵਿਸਫੋਟ ਤੋਂ ਬਾਅਦ ਇੱਕ ਮਿਲੀਸਕਿੰਟ ਦੇ ਇੱਕ ਹਿੱਸੇ ਵਿੱਚ ਪ੍ਰਕਾਸ਼ ਦਾ ਇੱਕ ਵਿਸਫੋਟ ਹੋਵੇਗਾ।ਇਹ ਨਰਮ ਐਕਸ-ਰੇ ਲਾਈਟ, ਬਹੁਤ ਛੋਟੀ ਤਰੰਗ-ਲੰਬਾਈ ਦੇ ਨਾਲ, ਆਲੇ ਦੁਆਲੇ ਦੀ ਹਵਾ ਨੂੰ ਲੱਖਾਂ ਡਿਗਰੀ ਦੇ ਤਾਪਮਾਨ ਤੱਕ ਤੁਰੰਤ ਗਰਮ ਕਰ ਦਿੰਦੀ ਹੈ। ਇਹ ਇੱਕ ਵਿਸ਼ਾਲ ਅੱਗ ਦੇ ਗੋਲੇ ਨੂੰ ਜਨਮ ਦਿੰਦੀ ਹੈ ਜੋ ਲੱਖਾਂ ਮੀਲ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਫੈਲਦਾ ਹੈ।ਕੁਝ ਸਕਿੰਟਾਂ ਵਿੱਚ ਅੱਗ ਦਾ ਗੋਲਾ ਇੱਕ ਮੀਲ ਤੋਂ ਵੱਧ ਵਿਆਸ ਵਿੱਚ ਪਹੁੰਚ ਜਾਂਦਾ ਹੈ, ਇਸਦੀ ਤੀਬਰ ਗਰਮੀ ਕਾਰਨ ਕੰਕਰੀਟ ਚਕਨਾਚੂਰ ਹੋ ਜਾਂਦਾ ਹੈ, ਧਾਤ ਤਰਲ ਜਾਂ ਭਾਫ਼ ਬਣ ਜਾਂਦੀ ਹੈ ਅਤੇ ਲੋਕ ਤੁਰੰਤ ਕਾਰਬਨ ਵਿੱਚ ਸੜ ਜਾਂਦੇ ਹਨ। ਪੰਜ ਮੰਜ਼ਿਲਾ ਪੈਂਟਾਗਨ ਇਮਾਰਤ ਇਸ ਦੇ 6.5 ਮਿਲੀਅਨ ਵਰਗ ਫੁੱਟ ਦਫਤਰੀ ਥਾਂ ਦੇ ਅੰਦਰ ਦੀ ਹਰ ਚੀਜ਼ ਝਟਕੇ ਨਾਲ ਤਬਾਹ ਹੋ ਜਾਵੇਗੀ, ਜਿਸ ਨਾਲ ਅੰਦਰਲੇ ਸਾਰੇ 27,000 ਲੋਕ ਮਾਰੇ ਜਾਣਗੇ।

# ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਸਿੱਖ ਚਿਲਡਰਨ ਡੇਅ ਪ੍ਰੋਗਰਾਮ 20 ਅਪ੍ਰੈਲ ਨੂੰ

## ਗੁਰਬਾਣੀ, ਦਸਤਾਰ, ਤਕਰੀਰ, ਕਵਿਤਾ, ਪ੍ਰਸ਼ਾਦੇ ਬਣਾਉਣ ਦੇ ਮੁਕਾਬਲਿਆਂ ਸਮੇਤ ਹੋਣਗੇ ਹੋਰ ਮੁਕਾਬਲੇ




ਫਰੀਮੌਂਟ/ਏ.ਟੀ.ਨਿਊਜ਼ : ਉੱਤਰੀ ਅਮਰੀਕਾ ਵਿੱਚ ਆਪਣੀ ਕਿਸਮ ਦਾ ਵਿਲੱਖਣ ਅਤੇ ਬੱਚਿਆਂ ਦਾ ਮਨਭਾਉਂਦਾ ਪ੍ਰੋਗਰਾਮ 'ਸਿੱਖ ਚਿਲਡਰਨ ਡੇਅ' ਹਰ ਸਾਲ ਵਾਂਗ ਇਸ ਵਾਰੀ 20 ਅਪ੍ਰੈਲ ਨੂੰ ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਦੇ ਪ੍ਰਬੰਧਕਾਂ ਨੇ ਦਸਿਆ ਕਿ ਇਸ ਪ੍ਰੋਗਰਾਮ ਵਿੱਚ ਗੁਰਬਾਣੀ, ਦਸਤਾਰ, ਤਕਰੀਰ, ਕਵਿਤਾ, ਪ੍ਰਸ਼ਾਦੇ ਬਣਾਉਣ ਦੇ ਮੁਕਾਬਲਿਆਂ ਦੇ ਨਾਲ ਨਾਲ ਹੁਕਮਨਾਮਾ ਲੈਣ ਦੀ ਸਿਖਲਾਈ, ਕੇਕ ਬਣਾਉਣ, ਨਿਸ਼ਾਨੇਬਾਜ਼ੀ, ਘੋੜ ਸਵਾਰੀ, ਸੌਕਰ (ਫੁੱਟਬਾਲ), ਫੋਟੋ-ਬੂਥ, 34 ਪ੍ਰਿੰਟਿੰਗ, ਗਤਕੇ ਸਮੇਤ ਹੋਰ ਸਰਗਰਮੀਆਂ ਵੀ ਹੋਣਗੀਆਂ।ਇਸ ਤੋਂ ਇਲਾਵਾ ਇਸ ਦਿਹਾੜੇ ਦੀ ਮੁੱਖ ਖਿੱਚ ਸਾਖੀਲੈਂਡ ਵੀ ਹੋਵੇਗੀ, ਜਿਸ ਵਿੱਚ ਪਿਛਲੇ ਸਾਲਾਂ ਵਾਂਗ ਹੀ ਇਸ ਵਾਰੀ ਵੀ ਸਿੱਖ ਇਤਿਹਾਸ ਦੀ ਕਿਸੇ ਝਲਕ ਵਿੱਚੋਂ ਬੱਚੇ ਸਾਕਾਰ ਰੂਪ ਵਿੱਚ ਗੁਜ਼ਰ ਸਕਣਗੇ।

ਉਹਨਾਂ ਦਸਿਆ ਕਿ ਇਹਨਾਂ ਸਭ ਸਰਗਰਮੀਆਂ ਵਿੱਚ ਭਾਗ ਲੈਣ ਲਈ ਲਈ 19 ਸਾਲ ਤੋਂ ਘੱਟ ਕਿਸੇ ਵੀ ਉਮਰ ਦੇ ਬੱਚੇ, ਇਸ ਕੜੀ (ਲਿੰਕ) 'ਤੇ ਜਾ ਕੇ https://bit.ly/fgsscd24, 14 ਅਪ੍ਰੈਲ ਤੋਂ ਪਹਿਲਾਂ ਅਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ।

ਉਹਨਾਂ ਦਸਿਆ ਕਿ ਵਧੇਰੇ ਜਾਣਕਾਰੀ ਲਈ (408) 887-8854 ਤੇ ਫ਼ੋਨ ਜਾਂ scd@fremontgurdwara.org 'ਤੇ ਈਮੇਲ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu
Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗਾਜ਼ਾ ਪੱਟੀ: ਕਦੋਂ ਤੱਕ ਹੁੰਦਾ ਰਹੇਗਾ ਮਨੁੱਖਤਾ ਦਾ ਘਾਣ

## ਇਜ਼ਰਾਈਲ-ਹਮਾਸ ਜੰਗ ਦੇ ਛੇ ਮਹੀਨੇ ਬਾਅਦ ਵੀ ਜਾਰੀ ਹੈ ਲੜਾਈ

### ਹੁਣ ਤੱਕ ਗਾਜ਼ਾ ’ਚ 33 ਹਜ਼ਾਰ ਲੋਕ ਤੇ ਹਮਾਸ ਦੇ 13 ਹਜ਼ਾਰ ਅੱਤਵਾਦੀ ਮਾਰੇ ਗਏ







ਤੇਲ ਅਵੀਵ/ਏ.ਟੀ.ਨਿਊਜ਼: ਫਲਸਤੀਨੀ ਸੰਗਠਨ ਹਮਾਸ ਨਾਲ ਇਜ਼ਰਾਈਲ ਦੀ ਜੰਗ ਐਤਵਾਰ ਨੂੰ ਛੇਵੇਂ ਮਹੀਨੇ ’ਚ ਦਾਖ਼ਲ ਹੋ ਗਈ। ਪਿਛਲੇ ਸਾਲ 7 ਅਕਤੂਬਰ ਨੂੰ ਹਮਾਸ ਦੇ ਅੱਤਵਾਦੀਆਂ ਨੇ ਇਜ਼ਰਾਈਲ ਦੀ ਸਰਹੱਦ ’ਚ ਦਾਖ਼ਲ ਹੋ ਕੇ ਜ਼ੁਲਮ ਢਾਹੁੰਦਿਆਂ ਲਗਭਗ 1200 ਲੋਕਾਂ ਦੀ ਹੱਤਿਆ ਕਰ ਦਿੱਤੀ ਸੀ ਤੇ 253 ਲੋਕਾਂ ਨੂੰ ਅਗਵਾ ਕਰਕੇ ਗਾਜ਼ਾ ਲੈ ਗਏ ਸਨ। ਹਮਾਸ ਵੱਲੋਂ ਕੀਤੀ ਗਈ ਹਿੰਸਾ ਦਾ ਬਦਲਾ ਲੈਣ ਲਈ ਇਜ਼ਰਾਈਲ ਗਾਜ਼ਾ ’ਚ ਹਮਾਸ ਵਿਰੁੱਧ ਵੱਡੇ ਹਮਲੇ ਕਰ ਰਿਹਾ ਹੈ। ਕੁਝ ਬੰਦੀਆਂ ਦੀ ਰਿਹਾਈ ਤੋਂ ਬਾਅਦ ਹਾਲੇ ਵੀ ਗਾਜ਼ਾ ’ਚ 130 ਬੰਦੀਆਂ ਦੇ ਬਾਕੀ ਰਹਿਣ ਦੀ ਸੂਚਨਾ ਹੈ। ਇਜ਼ਰਾਈਲ ਨੇ ਹਾਲ ਹੀ ’ਚ 34 ਬੰਦੀਆਂ ਨੂੰ ਮ੍ਰਿਤਕ ਐਲਾਨ ਦਿੱਤਾ ਸੀ।

ਜੰਗ ਦੇ ਛੇਵੇਂ ਮਹੀਨੇ ’ਚ ਦਾਖ਼ਲ ਹੋਣ ਦੇ ਮੌਕੇ ’ਤੇ ਆਈ. ਡੀ. ਐੱਫ. ਨੇ ਗਾਜ਼ਾ ਪੱਟੀ, ਵੈਸਟ ਬੈਂਕ ਤੇ ਲੇਬਨਾਨ ’ਚ ਆਪਣੀਆਂ ਫੌਜੀ ਕਾਰਵਾਈਆਂ ਦੇ ਨਵੇਂ ਅੰਕੜੇ ਪ੍ਰਕਾਸ਼ਿਤ ਕੀਤੇ ਹਨ, ਜਿਸ ’ਚ ਮਾਰੇ ਗਏ ਅੱਤਵਾਦੀ ਕਾਰਕੁੰਨਾਂ ਦੀ ਗਿਣਤੀ ਤੋਂ ਲੈ ਕੇ ਹਮਲਿਆਂ ਰਾਹੀਂ ਨਿਸ਼ਾਨਾ ਬਣਾਏ ਗਏ ਸਥਾਨਾਂ ਦੀ ਗਿਣਤੀ ਤੱਕ ਸਭ ਕੁਝ ਦੱਸਿਆ ਗਿਆ ਹੈ। ਜੰਗ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਗਾਜ਼ਾ ਪੱਟੀ ’ਚ ਲਗਭਗ 32,000 ਟੀਚਿਆਂ ’ਤੇ ਹਮਲੇ ਕੀਤੇ ਗਏ ਹਨ, ਜਿਨ੍ਹਾਂ ’ਚ 3,600 ਤੋਂ ਵੱਧ ਉਹ ਸ਼ਾਮਲ ਹਨ, ਜੋ ਲੜਾਈ ਦੌਰਾਨ ਹਮਾਸ ਦੇ ਟਿਕਾਣਿਆਂ ਵਜੋਂ ਲੱਭੇ ਗਏ ਸਨ।

ਅੰਕੜਿਆਂ ਅਨੁਸਾਰ ਜੰਗ ਦੀ ਸ਼ੁਰੂਆਤ ਤੋਂ ਹੀ ਗਾਜ਼ਾ ਪੱਟੀ ’ਚ ਆਈ. ਡੀ. ਐੱਫ. ਵਲੋਂ ਹਮਾਸ ਦੇ 13,000 ਤੋਂ ਵੱਧ ਕਾਰਕੁੰਨ ਤੇ ਹੋਰ ਅੱਤਵਾਦੀ ਸਮੂਹਾਂ ਦੇ ਮੈਂਬਰ ਮਾਰੇ ਗਏ ਹਨ। ਇਸ ਤੋਂ ਇਲਾਵਾ 7 ਅਕਤੂਬਰ ਨੂੰ ਇਜ਼ਰਾਈਲ ਅੰਦਰ ਕਰੀਬ 1,000 ਅੱਤਵਾਦੀ ਮਾਰੇ ਗਏ ਹਨ।

ਆਈ. ਡੀ. ਐੱਫ. ਦੇ ਅੰਕੜਿਆਂ ਮੁਤਾਬਕ ਫੌਜ ਨੇ ਹਮਾਸ ਦੇ 5 ਬ੍ਰਿਗੇਡ ਕਮਾਂਡਰਾਂ ਤੇ ਬਰਾਬਰ ਰੈਂਕ ਦੇ ਕਮਾਂਡਰਾਂ ਦੇ ਨਾਲ-ਨਾਲ 20 ਤੋਂ ਵੱਧ ਬਟਾਲੀਅਨ ਕਮਾਂਡਰਾਂ ਨੂੰ ਵੀ ਮਾਰ ਦਿੱਤਾ ਹੈ। ਇਸ ਤੋਂ ਇਲਾਵਾ ਹਮਾਸ ਦੇ 100 ਤੋਂ ਵੱਧ ਕੰਪਨੀ ਕਮਾਂਡਰ ਤੇ ਬਰਾਬਰ ਰੈਂਕ ਦੇ ਆਪ੍ਰੇਟਿਵ ਵੀ ਮਾਰੇ ਗਏ ਹਨ। ਲੇਬਨਾਨ ’ਚ 330 ਤੋਂ ਵੱਧ ਅੱਤਵਾਦੀ ਮਾਰੇ ਗਏ ਹਨ, ਜਿਨ੍ਹਾਂ ’ਚੋਂ ਜ਼ਿਆਦਾਤਰ ਈਰਾਨ ਸਮਰਥਿਤ ਹਿਜ਼ਬੁੱਲਾ ਦੇ ਮੈਂਬਰ ਹਨ। ਇਸ ਗਿਣਤੀ ’ਚ 30 ਹਿਜ਼ਬੁੱਲਾ ਕਮਾਂਡਰ ਸ਼ਾਮਲ ਹਨ।

ਅੰਕੜਿਆਂ ਮੁਤਾਬਕ ਜੰਗ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਗਾਜ਼ਾ ਤੋਂ ਲਗਭਗ 9,100 ਤੇ ਲੇਬਨਾਨ ਤੋਂ 3,100 ਤੇ ਸੀਰੀਆ ਤੋਂ 35 ਮਿਜ਼ਾਈਲਾਂ ਦਾਗੀਆਂ ਗਈਆਂ ਹਨ। ਵੈਸਟ ਬੈਂਕ ’ਚ ਆਈ. ਡੀ. ਐੱਫ. ਨੇ 3,700 ਤੋਂ ਵੱਧ ਫਿਲਸਤੀਨੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ’ਚ 1,600 ਤੋਂ ਵੱਧ ਹਮਾਸ ਨਾਲ ਸਬੰਧਤ ਹਨ। ਫੌਜੀਆਂ ਨੇ ਵੈਸਟ ਬੈਂਕ ’ਚ 420 ਬੰਦੂਕਧਾਰੀਆਂ ਨੂੰ ਵੀ ਮਾਰ ਦਿੱਤਾ ਹੈ। ਗਾਜ਼ਾ ’ਚ ਸਿਹਤ ਮੰਤਰਾਲੇ ਨੇ ਕਿਹਾ ਕਿ ਜੰਗ ਸ਼ੁਰੂ ਹੋਣ ਤੋਂ ਬਾਅਦ 33,175 ਲੋਕ ਮਾਰੇ ਜਾ ਚੁੱਕੇ ਹਨ। ਮੰਤਰਾਲੇ ਮੁਤਾਬਕ ਮਰਨ ਵਾਲਿਆਂ ’ਚ ਦੋ ਤਿਹਾਈ ਬੱਚੇ ਤੇ ਔਰਤਾਂ ਹਨ। ਹੋਰ 75,886 ਜ਼ਖ਼ਮੀ ਹੋਏ ਹਨ। 7 ਅਕਤੂਬਰ ਤੋਂ ਹੁਣ ਤੱਕ 604 ਇਜ਼ਰਾਈਲੀ ਫੌਜੀ ਲੜਾਈ ’ਚ ਮਾਰੇ ਗਏ ਹਨ, ਜਿਨ੍ਹਾਂ ’ਚ 260 ਗਾਜ਼ਾ ’ਚ ਜ਼ਮੀਨੀ ਜੰਗ ’ਚ ਮਾਰੇ ਗਏ।

**ਸੁਰੰਗ ਵਿਚੋਂ ਨਿਕਲ ਕੇ ਕੀਤਾ ਹਮਲਾ :**

ਜੰਗ ਦੇ ਛੇਵੇਂ ਮਹੀਨੇ ’ਚ ਦਾਖ਼ਲ ਹੋਣ ਵਾਲੇ ਦਿਨ ਹਮਾਸ ਦੀ ਸੁਰੰਗ ਇੱਕ ਵਾਰ ਫਿਰ ਇਜ਼ਰਾਈਲੀ ਫੌਜੀਆਂ ਲਈ ਤਬਾਹੀ ਬਣ ਗਈ। ਸ਼ਨੀਵਾਰ ਨੂੰ ਇਜ਼ਰਾਈਲੀ ਫੌਜੀ ਗਾਜ਼ਾ ਅੰਦਰ ਇੱਕ ਮਿਲਟਰੀ ਸਪਲਾਈ ਕੋਰੀਡੋਰ ਦੀ ਰਾਖੀ ਕਰ ਰਹੇ ਸਨ ਤੇ ਤਬਾਹ ਹੋਈਆਂ ਇਮਾਰਤਾਂ ਦੇ ਇੱਕ ਖ਼ੇਤਰ ’ਚ ਗਸ਼ਤ ਕਰ ਰਹੇ, ਉਦੋਂ ਹਮਾਸ ਦੇ ਅੱਤਵਾਦੀ ਅਚਾਨਕ ਇੱਕ ਸੁਰੰਗ ਤੋਂ ਬਾਹਰ ਆਏ ਤੇ ਨੇੜਿਓਂ ਇਜ਼ਰਾਈਲੀ ਫੌਜੀਆਂ ’ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਅਚਾਨਕ ਹੋਏ ਹਮਲੇ ’ਚ 4 ਇਜ਼ਰਾਈਲੀ ਫੌਜੀਆਂ ਦੀ ਮੌਤ ਹੋ ਗਈ। ਹਮਲੇ ਤੋਂ ਬਾਅਦ ਹਮਾਸ ਦੇ ਅੱਤਵਾਦੀ ਸੁਰੰਗ ’ਚ ਵਾਪਸ ਭੱਜ ਗਏ। ਇਸ ਹਮਲੇ ’ਚ ਇਜ਼ਰਾਈਲੀ ਫੌਜ ਨੂੰ ਇਕੋ ਸਮੇਂ ਆਪਣੇ 4 ਫੌਜੀਆਂ ਨੂੰ ਗੁਆਉਣ ਨਾਲ ਵੱਡਾ ਨੁਕਸਾਨ ਹੋਇਆ ਹੈ। ਫੌਜ ਨੇ ਕਿਹਾ ਕਿ ਉਹ ਜਾਂਚ ਕਰ ਰਹੀ ਹੈ

ਕਿ ਇਹ ਹਾਦਸਾ ਕਿਵੇਂ ਵਾਪਰਿਆ।

**4 ਮਹੀਨਿਆਂ ਦੀ ਲੜਾਈ ਤੋਂ ਬਾਅਦ ਗਾਜ਼ਾ ਪੱਟੀ ਤੋਂ ਸਾਰੇ ਜ਼ਮੀਨੀ ਇਜ਼ਰਾਈਲੀ ਫੌਜੀ ਪਰਤੇ :** ਇਜ਼ਰਾਈਲੀ ਰੱਖਿਆ ਬਲਾਂ ਨੇ ਖ਼ਾਨ ਯੂਨਿਸ ਖ਼ੇਤਰ ’ਚ 4 ਮਹੀਨਿਆਂ ਦੀ ਲੜਾਈ ਤੋਂ ਬਾਅਦ ਦੱਖਣੀ ਗਾਜ਼ਾ ਪੱਟੀ ਤੋਂ ਸਾਰੀਆਂ ਜ਼ਮੀਨੀ ਫੌਜਾਂ ਨੂੰ ਵਾਪਸ ਬੁਲਾ ਲਿਆ ਹੈ। ਆਈ. ਡੀ. ਐੱਫ. ਨੇ ਸ਼ਨੀਵਾਰ ਰਾਤ ਨੂੰ ਆਪਣੀਆਂ ਫੌਜਾਂ ਨੂੰ ਵਾਪਸ ਲੈ ਲਿਆ।

(ਬਾਕੀ ਸਫ਼ਾ 31 ’ਤੇ)



# ਪੰਜਾਬ ’ਚ ਕੈਂਸਰ ਨੇ ਪਿਛਲੇ ਵਰ੍ਹੇ 23 ਹਜ਼ਾਰ ਤੋਂ ਵੱਧ ਵਿਅਕਤੀਆਂ ਨੂੰ ਨਿਗਲਿਆ



## ਰੋਜ਼ਾਨਾ 65 ਵਿਅਕਤੀ ਜਾਂਦੇ ਨੇ ਮੌਤ ਦੇ ਮੂੰਹ ’ਚ

## ਵਿਸ਼ਵ ਸਿਹਤ ਸੰਗਠਨ ਅਨੁਸਾਰ 2050 ਤੱਕ ਕੈਂਸਰ ਕਾਰਨ ਹੋਵੇਗੀ ਤਬਾਹੀ, ਭਾਰਤ ਵਿੱਚ ਹਰ ਸਾਲ 3.5 ਕਰੋੜ ਮਾਮਲੇ

ਪ੍ਰੋ. ਬਲਵਿੰਦਰਪਾਲ ਸਿੰਘ

ਪੰਜਾਬ ਨੂੰ ਜਿੱਥੇ ਕਈ ਤਰ੍ਹਾਂ ਦੇ ਮੁੱਦਿਆਂ ਨੇ ਘੇਰਿਆ ਹੋਇਆ ਹੈ ਉੱਥੇ ਹੀ ਸਿਹਤ ਦੇ ਮੁੱਦਿਆਂ ’ਤੇ ਵੀ ਕਈ ਪਾਸਿਓਂ ਪੱਛੜਦਾ ਨਜ਼ਰ ਆ ਰਿਹਾ ਹੈ। ਸਿਹਤ ਪੱਖੋਂ ਸਭ ਤੋਂ ਭਿਆਨਕ ਬਿਮਾਰੀ ਕੈਂਸਰ ਦੀ ਹੈ ਜਿਸ ਦਾ ਨਾਂ ਸੁਣਦਿਆਂ ਹੀ ਸ਼ਮਸ਼ਾਨਘਾਟ ਦਾ ਦ੍ਰਿਸ਼ ਅੱਖਾਂ ਸਾਹਮਣੇ ਆ ਜਾਂਦਾ ਹੈ ਅਤੇ ਬਹੁਤੀ ਵਾਰ ਇਹ ਸੱਚ ਵੀ ਹੁੰਦਾ ਹੈ। ਇਸੇ ਸਾਲ ਵਿਸ਼ਵ ਸਿਹਤ ਸੰਗਠਨ ਨੇ ਚਿਤਾਵਨੀ ਦਿੱਤੀ ਸੀ ਕਿ ਸਾਲ 2050 ਤੱਕ ਦੁਨੀਆਂ ਭਰ ਵਿੱਚ ਕੈਂਸਰ ਦੇ ਮਾਮਲਿਆਂ ਦੌਰਾਨ 77 ਫੀਸਦੀ ਵਾਧਾ ਹੋਵੇਗਾ ਤੇ ਇਸ ਖਤਰਨਾਕ ਬਿਮਾਰੀ ਦੇ ਸਾਲਾਨਾ ਮਾਮਲਿਆਂ ਦੀ ਗਿਣਤੀ 35 ਮਿਲੀਅਨ ਤੱਕ ਪਹੁੰਚ ਜਾਵੇਗੀ। ਵਿਸ਼ਵ ਸਿਹਤ ਸੰਗਠਨ ਦੀ ਕੈਂਸਰ ਏਜੰਸੀ ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ ਨੇ ਕੈਂਸਰ ਦੇ ਮਾਮਲਿਆਂ ਵਿੱਚ ਇਸ ਚਿੰਤਾਜਨਕ ਵਾਧੇ ਲਈ ਲੋਕਾਂ ਦੀ ਜੀਵਨਸ਼ੈਲੀ ਅਤੇ ਵਿਗੜ ਰਹੀ ਵਾਤਾਵਰਣਕ ਸਥਿਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਕੈਂਸਰ ‘ਤੇ ਖੋਜ ਕਰ ਰਹੀ ਇਸ ਅੰਤਰਰਾਸ਼ਟਰੀ ਏਜੰਸੀ ਨੇ ਤੰਬਾਕੂ, ਸ਼ਰਾਬ, ਮੋਟਾਪਾ ਅਤੇ ਹਵਾ ਪ੍ਰਦੂਸ਼ਣ ਨੂੰ ਕੈਂਸਰ ਦੇ ਮੁੱਖ ਕਾਰਕ ਮੰਨਿਆ ਹੈ।ਵਿਸ਼ਵ ਸਿਹਤ ਸੰਗਠਨ ਨੇ 115 ਦੇਸ਼ਾਂ ਤੋਂ ਸਰਵੇਖਣ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਅਤੇ ਕਿਹਾ ਕਿ ਜ਼ਿਆਦਾਤਰ ਦੇਸ਼ ਯੂਨੀਵਰਸਲ ਹੈਲਥ ਕਵਰੇਜ ਦੇ ਹਿੱਸੇ ਵਜੋਂ ਕੈਂਸਰ ਅਤੇ ਦਰਦ ਦੇਖਭਾਲ ਸੇਵਾਵਾਂ ਨੂੰ ਉਚਿਤ ਰੂਪ ਵਿੱਚ ਵਿੱਤ ਨਹੀਂ ਦਿੰਦੇ ਹਨ। ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ (ਆਈ.ਏ.ਆਰ.ਏ.ਸੀ.) ਦੇ ਅਨੁਮਾਨਾਂ ਅਨੁਸਾਰ, ਬੁੱਲ੍ਹਾਂ, ਮੂੰਹ ਅਤੇ ਫੇਫੜਿਆਂ ਦਾ ਕੈਂਸਰ ਪੁਰਸ਼ਾਂ ਵਿੱਚ ਸਭ ਤੋਂ ਵੱਧ ਆਮ ਸੀ, ਕ੍ਰਮਵਾਰ 15.6 ਪ੍ਰਤੀਸ਼ਤ ਅਤੇ 8.5 ਪ੍ਰਤੀਸ਼ਤ ਨਵੇਂ ਕੇਸਾਂ ਲਈ। ਇਸ ਦੇ ਨਾਲ ਹੀ, ਔਰਤਾਂ ਵਿੱਚ ਛਾਤੀ ਦਾ ਕੈਂਸਰ ਅਤੇ ਸਰਵਾਈਕਲ ਕੈਂਸਰ ਸਭ ਤੋਂ ਆਮ ਸੀ। ਨਵੇਂ ਮਾਮਲਿਆਂ ਵਿੱਚ ਉਨ੍ਹਾਂ ਦੀ ਹਿੱਸੇਦਾਰੀ ਕ੍ਰਮਵਾਰ 27 ਅਤੇ 18 ਪ੍ਰਤੀਸ਼ਤ ਸੀ।



ਆਈ.ਏ.ਆਰ.ਏ.ਸੀ. ਦੀ ਕੈਂਸਰ ਏਜੰਸੀ ਹੈ। ਇਸ ਦੇ ਅਨੁਮਾਨ ਦਰਸਾਉਂਦੇ ਹਨ ਕਿ 2024 ਵਿੱਚ ਵਿਸ਼ਵ ਪੱਧਰ ’ਤੇ 10 ਕਿਸਮਾਂ ਦੇ ਕੈਂਸਰ ਨਵੇਂ ਕੇਸਾਂ ਅਤੇ ਮੌਤਾਂ ਦਾ ਲਗਭਗ ਦੋ ਤਿਹਾਈ ਹਿੱਸਾ ਹੋਣਗੇ। ਉਨ੍ਹਾਂ ਦੇ ਡੇਟਾ ਵਿੱਚ 185 ਦੇਸ਼ਾਂ ਅਤੇ 36 ਕਿਸਮਾਂ ਦੇ ਕੈਂਸਰ ਸ਼ਾਮਲ ਹਨ।

ਪੰਜਾਬ ਵਿੱਚ ਕੈਂਸਰ ਪੀੜਤਾਂ ਦੀ ਗਿਣਤੀ ਕੌਮੀ ਔਸਤ ਨਾਲੋਂ ਵੱਧ

ਮਾਲਵਾ ਖੇਤਰ ਨੂੰ ਕੈਂਸਰ ਬੈਲਟ ਦਾ ਨਾਮ ਦਿੱਤਾ ਗਿਆ ਹੈ। ਪੰਜਾਬ ਵਿੱਚ ਕੈਂਸਰ ਦੀ ਬਿਮਾਰੀ ਕਾਰਨ ਰੋਜ਼ਾਨਾ 65 ਵਿਅਕਤੀ ਮੌਤ ਦੇ ਮੂੰਹ ਜਾ ਰਹੇ ਹਨ। ਪੰਜਾਬ ਵਿੱਚ ਕੈਂਸਰ ਪੀੜਤਾਂ ਦੀ ਗਿਣਤੀ ਕੌਮੀ ਔਸਤ ਨਾਲੋਂ ਵੱਧ ਦੱਸੀ ਜਾ ਰਹੀ ਹੈ ।ਕੈਂਸਰ ਤੋਂ ਪੀੜਤ ਹਜ਼ਾਰਾਂ ਵਿਅਕਤੀ ਮੰਜਾ ਮੱਲ੍ਹੀ ਪਏ ਹਨ। ਇਸ ਬਿਮਾਰੀ ਨੇ ਪਿਛਲੇ ਵਰ੍ਹੇ 23 ਹਜ਼ਾਰ ਤੋਂ ਵੱਧ ਵਿਅਕਤੀਆਂ ਨੂੰ ਨਿਗਲ ਲਿਆ ਹੈ।ਪੰਜਾਬ ਸਰਕਾਰ ਦੇ ਸਿਹਤ ਵਿਭਾਗ ਵੱਲੋਂ 2012 ਵਿੱਚ ਕੈਂਸਰ ਪੀੜਤਾਂ ਸਬੰਧੀ ਕਰਵਾਏ ਸਰਵੇਖਣ ’ਚ ਰੋਜ਼ਾਨਾ 18 ਵਿਅਕਤੀਆਂ ਦੇ ਮਰਨ ਸਬੰਧੀ ਅੰਕੜਾ ਜਾਰੀ ਕੀਤਾ ਗਿਆ ਸੀ ਪਰ 10 ਸਾਲਾਂ ਦੌਰਾਨ ਬਿਮਾਰੀ ਵਿੱਚ ਹੈਰਾਨੀਜਨਕ ਵਾਧਾ ਹੋਇਆ ਹੈ। ਪੰਜਾਬ ਅੰਦਰ ਕਾਰਪੋਰੇਟ ਘਰਾਣਿਆਂ ਵੱਲੋਂ ਕੈਂਸਰ /ਮਲਟੀ ਸੁਪਰਸਪੈਸ਼ਲਿਟੀ ਹਸਪਤਾਲ ਖੋਲ੍ਹਣ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਹਰ ਵੱਡੇ ਸ਼ਹਿਰ ਅੰਦਰ ਕੈਂਸਰ ਹਸਪਤਾਲ ਵੇਖਣ ਨੂੰ ਮਿਲ ਰਹੇ ਹਨ। ਇਹ ਵੀ ਕਿ 2012 ਵਿੱਚ ਕੈਂਸਰ ਸਬੰਧੀ ਪ੍ਰਾਪਤ ਹੋਈ ਰਿਪੋਰਟ ਤੋਂ ਬਾਅਦ ਸੂਬਾ ਸਰਕਾਰ ਨੇ ਪੰਜਾਬ ਖ਼ਾਸ ਕਰ ਮਾਲਵਾ ਪੱਟੀ ਵਿੱਚ ਲੋਕਾਂ ਨੂੰ ਪੀਣ ਦਾ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਵੱਡੀ ਗਿਣਤੀ ਵਿੱਚ ਆਰ.ਓ ਪਲਾਂਟ ਲਗਾਏ ਅਤੇ ਕੈਂਸਰ ਪੀੜਤਾਂ ਦੇ ਇਲਾਜ ਲਈ ਪ੍ਰਬੰਧ ਵੀ ਕੀਤੇ ਗਏ। ਇਸ ਦੇ ਬਾਵਜੂਦ ਕੈਂਸਰ ਦੀ ਬਿਮਾਰੀ ਦੇ ਪਾਸਾਰ ਵਿੱਚ ਆਈ ਤੇਜ਼ੀ ਕਈ ਸਵਾਲ ਖੜ੍ਹੇ ਕਰਦੀ ਹੈ । ਪੰਜਾਬ ਅੰਦਰ ਮਾਨਸਾ, ਬਠਿੰਡਾ, ਮੁਕਤਸਰ, ਬਰਨਾਲਾ ਤੇ ਫ਼ਾਜ਼ਿਲਕਾ ਨੂੰ ਕੈਂਸਰ ਨੇ ਸਭ ਤੋਂ ਵੱਧ ਲਪੇਟ ਵਿੱਚ ਲਿਆ ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਵੇਰਵੇ ਅਨੁਸਾਰ ਪੰਜਾਬ ਵਿੱਚ 2020 ਦੌਰਾਨ ਕੈਂਸਰ ਨੇ ਕਰੀਬ 22,200 ਜਾਨਾਂ ਲਈਆਂ ਜਦੋਂ ਕਿ 2022 ਵਿਚ ਇਹ ਅੰਕੜਾ 23,300 ’ਤੇ ਪੁੱਜ ਗਿਆ । ਸਾਲ 2014 ਤੋਂ 2020 ਤੱਕ ਪੰਜਾਬ ਅੰਦਰ ਕੈਂਸਰ ਨੇ 1,45,000 ਜਾਨਾਂ ਲੈ ਲਈਆਂ ਜਦੋਂ ਕਿ ਇਨ੍ਹਾਂ ਸਾਲਾਂ ਵਿੱਚ 2.5 ਲੱਖ ਕੈਂਸਰ ਦੇ ਕੇਸ ਸਾਹਮਣੇ ਆਏ। ਜਾਣਕਾਰੀ ਅਨੁਸਾਰ 2012 ਵਿੱਚ ਪੰਜਾਬ ਵਿਚ ਕੈਂਸਰ ਨਾਲ ਰੋਜ਼ਾਨਾ ਔਸਤਨ ਮੌਤਾਂ ਦੀ ਗਿਣਤੀ 18 ਸੀ ਜੋ ਕਿ ਸਾਲ 2014 ਵਿੱਚ ਵੱਧ ਕੇ 53 ਹੋ ਗਈ ।2017 ਵਿੱਚ ਇਹ ਗਿਣਤੀ 56 ਅਤੇ ਹੁਣ ਇਹ ਅੰਕੜਾ 65 ਮੌਤਾਂ ਰੋਜ਼ਾਨਾ ’ਤੇ ਪੁੱਜ ਗਿਆ ਹੈ ।ਪੰਜਾਬ ਵਿੱਚ ਕੈਂਸਰ ਦੇ ਨਵੇਂ ਮਰੀਜ਼ਾਂ ਦਾ ਅੰਕੜਾ ਔਸਤਨ 92 ਕੇਸਾਂ ਦਾ ਸੀ ਜੋ ਕਿ ਪਿਛਲੇ ਵਰ੍ਹੇ ਇਹ ਗਿਣਤੀ 105 ਕੇਸ ਰੋਜ਼ਾਨਾ ਦੀ ਹੋ ਗਈ। ਬੁੱਧੀਜੀਵੀ ਵਰਗ ਦਾ ਕਹਿਣਾ ਹੈ ਕਿ ਸੂਬਾ ਅਤੇ ਕੇਂਦਰ ਸਰਕਾਰ ਲੋਕਾਂ ਨੂੰ ਕੈਂਸਰ ਦੀ ਬਿਮਾਰੀ ਤੋਂ ਬਚਣ ਦੇ ਉਪਾਅ ਦੱਸਣ ਦੇ ਨਾਲ ਨਾਲ ਕੈਂਸਰ ਦਾ ਇਲਾਜ ਸਰਕਾਰੀ ਹਸਪਤਾਲਾਂ ਵਿੱਚ ਸਸਤੀਆਂ ਦਰਾਂ ’ਤੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਕੈਂਸਰ ਪੀੜਤ ਨੂੰ ਦਿੱਤੀ ਜਾਂਦੀ ਡੇਢ ਲੱਖ ਦੀ ਰਾਸ਼ੀ ਤਾਂ ਪੀੜਤ ਦੇ ਆਉਣ ਜਾਣ ਅਤੇ ਮੁੱਢਲੇ ਟੈਸਟਾਂ ’ਤੇ ਹੀ ਖ਼ਰਚ ਹੋ ਜਾਂਦੀ ਹੈ।

## ਔਰਤਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਵੱਧ ਹੁੰਦੈ ਕੈਂਸਰ

ਇੰਡੀਅਨ ਕਾਊਂਸਿਲ ਆਫ਼ ਮੈਡੀਕਲ ਰਿਸਰਚ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਹਰ ਸਾਲ ਲਗਭਗ ਨੌਂ ਲੱਖ ਵਿਅਕਤੀ ਕੈਂਸਰ ਕਾਰਨ ਆਪਣੀਆਂ ਕੀਮਤੀ ਜਾਨਾਂ ਗੁਆ ਬੈਠਦੇ ਹਨ, ਜਿਨ੍ਹਾਂ ਵਿੱਚ ਔਰਤਾਂ ਦੀ ਗਿਣਤੀ ਪੁਰਸ਼ਾਂ ਦੇ ਮੁਕਾਬਲੇ ਵੱਧ ਹੈ। ਇਸ ਰਿਪੋਰਟ ਨੇ ਛਾਤੀ ਦੇ ਕੈਂਸਰ ਨੂੰ ਔਰਤਾਂ ਦੀ ਮੌਤ ਲਈ ਸਭ ਤੋਂ ਵੱਧ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਦੂਸਰੇ ਸਥਾਨ ਉੱਪਰ ਔਰਤਾਂ ਦੀ ਮੌਤ ਲਈ ਜ਼ਿੰਮੇਵਾਰ ਮੰਨਿਆ ਗਿਆ ਹੈ। ਔਰਤਾਂ ਵਿੱਚ ਛਾਤੀ ਦਾ ਕੈਂਸਰ ਸਾਰੇ ਕੈਂਸਰਾਂ ਦਾ 25-32 ਫ਼ੀਸਦ ਹੁੰਦਾ ਹੈ, ਸਰਵਾਈਕਲ ਜਾਂ



ਸਰਵਿਕਸ ਕੈਂਸਰ ਔਰਤਾਂ ਵਿੱਚ ਦੂਸਰਾ ਸਭ ਤੋਂ ਆਮ ਕੈਂਸਰ ਹੈ ਅਤੇ ਕੈਂਸਰ ਦੇ ਮਾਮਲਿਆਂ ਦਾ 16.5 ਫ਼ੀਸਦ ਹਿੱਸਾ ਹੈ। ਓਵੇਰਿਅਨ ਕੈਂਸਰ ਤੀਸਰਾ ਮੁੱਖ ਕੈਂਸਰ ਹੈ ਅਤੇ ਦੇਸ਼ ਵਿੱਚ ਔਰਤਾਂ ਵਿੱਚ ਹੋਣ ਵਾਲੇ ਸਾਰੇ ਕੈਂਸਰ ਦਾ ਲਗਭਗ 6.2 ਫ਼ੀਸਦ ਹੈ। ਭਾਰਤ ਵਿੱਚ ਕੇਵਲ 1 ਫ਼ੀਸਦ ਔਰਤਾਂ 2 ਸਾਲਾਂ ਦੀ ਮਿਆਦ ਵਿੱਚ ਕਿਸੇ ਵੀ ਕਿਸਮ ਦੀ ਕੈਂਸਰ ਸਕ੍ਰੀਨਿੰਗ ਪ੍ਰਕਿਰਿਆ ਵਿਚੋਂ ਲੰਘਦੀਆਂ ਹਨ। ਇਸ ਲਈ ਔਰਤਾਂ ਵਿੱਚ ਕੈਂਸਰ ਬਾਰੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ।

ਨੈਸ਼ਨਲ ਇੰਸਟੀਚਿਊਟ ਆਫ਼ ਕੈਂਸਰ ਪਰੀਵੈਨਸ਼ਨ ਐਂਡ ਰਿਸਰਚ ਨੋਇਡਾ ਦੀ ਰਿਪੋਰਟ ਅਨੁਸਾਰ ਵੀ 27 ਫ਼ੀਸਦ ਭਾਰਤੀ ਔਰਤਾਂ ਬਰੈਸਟ ਕੈਂਸਰ ਅਤੇ 23 ਫ਼ੀਸਦ ਔਰਤਾਂ ਨੂੰ ਸਰਵਿਕਸ ਕੈਂਸਰ ਦੀ ਬਿਮਾਰੀ ਨਾਲ ਪੀੜਤ ਦੱਸਿਆ ਗਿਆ। ਇਸ ਰਿਪੋਰਟ ਮੁਤਾਬਕ ਸ਼ਹਿਰੀ ਔਰਤਾਂ ਦੇ ਮੁਕਾਬਲੇ ਪੇਂਡੂ ਔਰਤਾਂ ਵਿੱਚ ਸਰਵਿਕਸ ਕੈਂਸਰ ਹੋਣ ਦੀ ਵੱਧ ਸੰਭਾਵਨਾ ਹੁੰਦੀ ਹੈ।

(ਬਾਕੀ ਸਫ਼ਾ 30 ’ਤੇ)

## ਦੁਨੀਆਂ ਵਿੱਚ ਲਗਭਗ 200 ਕਿਸਮ ਦੇ ਵੱਖ-ਵੱਖ ਕੈਂਸਰ

ਦੁਨੀਆਂ ਵਿੱਚ ਲਗਭਗ 200 ਕਿਸਮ ਦੇ ਵੱਖ-ਵੱਖ ਕੈਂਸਰ ਹਨ। ਵਿਸ਼ਵ ਸਿਹਤ ਸੰਗਠਨ ਮੁਤਾਬਕ ਛਾਤੀ, ਫੇਫੜੇ, ਆਂਦਰ, ਗੁਦਾ ਅਤੇ ਪਰੋਸਟੇਟ ਦਾ ਕੈਂਸਰ ਸਭ ਤੋਂ ਆਮ ਕੈਂਸਰ ਹੈ। ਵਿਸ਼ਵ ਸਿਹਤ ਸੰਗਠਨ ਮੁਤਾਬਕ ਦੁਨੀਆਂ ਵਿੱਚ ਹੋਣ ਵਾਲੀਆਂ ਛੇ ਵਿੱਚੋਂ ਇੱਕ ਮੌਤ ਕੈਂਸਰ ਕਾਰਨ ਹੁੰਦੀ ਹੈ। ਉਮਰ ਦੇ ਵਧਣ ਨਾਲ ਕੈਂਸਰ ਦਾ ਖ਼ਤਰਾ ਵੀ ਵਧ ਜਾਂਦਾ ਹੈ। ਇਸਦਾ ਕਾਰਨ ਹੈ ਕਿ ਉਮਰ ਦੇ ਵਧਣ ਨਾਲ ਸਾਡੇ ਸਰੀਰ ਦੇ ਤੰਤੂ ਵੀਵ ਕਮਜ਼ੋਰ ਹੋਣ ਲਗਦੇ ਹਨ। ਜ਼ਿਆਦਾਤਰ ਕੈਂਸਰਾਂ ਬਾਰੇ 50 ਦੀ ਉਮਰ ਤੋਂ ਬਾਅਦ ਪਤਾ ਲਗਦਾ ਹੈ। ਮੈਡੀਕਲ ਪੱਤਰਿਕਾ ਬੀ.ਐਮ.ਸੀ. ਪਬਲਿਕ ਹੈਲਥ ਦੇ ਅੰਕੜਿਆਂ ਮੁਤਾਬਕ ਦੁਨੀਆਂ ਵਿੱਚ ਕੈਂਸਰ ਦੇ ਜਿੰਨੇ ਮਰੀਜ਼ਾਂ ਦੀ ਪੁਸ਼ਟੀ ਹੁੰਦੀ ਹੈ ਉਨ੍ਹਾਂ ਵਿੱਚੋਂ ਇੱਕ ਤਿਹਾਈ 75 ਸਾਲ ਤੋਂ ਵੱਡੀ ਉਮਰ ਦੇ ਲੋਕ ਹੁੰਦੇ ਹਨ। ਕੈਂਸਰ ਐਟਲਸ ਮੁਤਾਬਕ— ਯੂਰਪ, ਚੀਨ ਭਾਰਤ ਅਤੇ ਉੱਤਰੀ ਅਮਰੀਕਾ ਦੀ ਵਸੋਂ ਵਿੱਚ ਸਭ ਤੋਂ ਜ਼ਿਆਦਾ ਕੈਂਸਰ ਦੇ ਮਾਮਲੇ ਪਾਏ ਜਾਂਦੇ ਹਨ।

**ਕੈਂਸਰ ਦੇ ਮੁੱਖ ਇਲਾਜ ਕਿਹੜੇ ਹਨ ?**

ਕੁਝ ਕੈਂਸਰ ਅਪਰੇਸ਼ਨ ਕਰਕੇ ਕੱਢੇ ਜਾ ਸਕਦੇ ਹਨ। ਇਸ ਤੋਂ ਇਲਾਵਾ ਕੀਮੋਥੈਰਿਪੀ ਦਵਾਈਆਂ ਵੀ ਨਾੜ ਰਾਹੀਂ ਜਾਂ ਗੋਲੀਆਂ ਦੇ ਰੂਪ ਵਿੱਚ ਕੈਂਸਰ ਸੈਲਾਂ ਨੂੰ ਨਸ਼ਟ ਕਰਨ ਲਈ ਦਿੱਤੀਆਂ ਜਾ ਸਕਦੀਆਂ ਹਨ। ਹਾਲਾਂਕਿ ਸਾਰੇ ਇਲਾਜ ਠੀਕ ਨਹੀਂ ਕਰ ਸਕਦੇ। ਕੈਂਸਰ ਦੇ ਇੱਕ ਨਵੇ ਇਲਾਜ ਨੇ ਵੀ ਉਮੀਦ ਜਗਾਈ ਹੈ, ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਇਹ ਕੀਮੋ ਥੈਰਿਪੀ ਦੇ ਮੁਕਾਬਲੇ ਵਧੇਰੇ ਲਾਭਦਾਇਕ ਹੈ।



# ਕੀ ਹੈ ਕੈਂਸਰ ਦਾ ਕਾਰਨ?

ਕੈਂਸਰ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਅਸਲ ਵਿੱਚ ਇੱਕ ਬੜੀ ਪ੍ਰਚਲਿਤ ਧਾਰਨਾ ਹੈ ਕਿ ਕੈਂਸਰ ਕਿਸਾਨਾਂ ਵੱਲੋਂ ਫ਼ਸਲਾਂ ’ਤੇ ਵੱਧ ਖਾਦਾਂ ਤੇ ਕੀਟਨਾਸ਼ਕ ਪਾਉਣ ਨਾਲ ਹੋ ਰਿਹਾ ਹੈ। ਪਰ ਸ਼ਾਇਦ ਇਹ ਪੂਰੀ ਸੱਚਾਈ ਨਹੀਂ ਹੈ, ਕਿਉਂਕਿ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਸਿੱਕਾ ਆਦਿ ਵੀ ਸ਼ਾਮਲ ਹਨ। ਇਹ ਤੱਥ ਪੰਜਾਬ ਲਈ ਨਵੇਂ ਨਹੀਂ ਹਨ ਪਰ ਪੰਜਾਬ ਦੀ ਚਿੰਤਾ ਇਸ ਲਈ ਵੀ ਵਧ ਰਹੀ ਹੈ ਕਿ ਪੰਜਾਬ ਦੇ ਪੰਜ ਅਜਿਹੇ ਬਲਾਕਾਂ ਦੀ ਪਛਾਣ ਕੀਤੀ ਗਈ ਹੈ ਜਿਥੇ ਆਰਸੈਨਿਕ ਦੀ ਮਾਤਰਾ ਵੱਧ ਪਾਈ ਜਾ ਰਹੀ ਹੈ। ਆਰਸੈਨਿਕ ਦਾ ਖਤਰਾ ਇਸ ਲਈ ਵੀ ਜ਼ਿਆਦਾ ਹੈ ਕਿਉਂਕਿ ਪੰਜਾਬ ਵਿੱਚ ਪਹਿਲਾਂ ਹੀ ਮਾਲਵਾ ਖੇਤਰ ਵਿੱਚ ਕੈਂਸਰ ਦਾ ਕਹਿਰ ਵਧ ਰਿਹਾ ਹੈ ਤੇ ਆਰਸੈਨਿਕ ਨਾਲ ਦੂਸ਼ਿਤ ਪਾਣੀ ਪੀਣ ਕਾਰਨ ਚਮੜੀ ਦਾ ਕੈਂਸਰ ਤੇ ਹੋਰ ਅੰਦਰੂਨੀ ਅੰਗਾਂ ਤੇ ਫੇਫੜੇ, ਅਮਾਸ਼ਯ ਤੇ ਗੁਰਦਿਆਂ ਦਾ ਕੈਂਸਰ ਹੋ ਸਕਦਾ ਹੈ। ਕੇਂਦਰੀ ਭੂਜਲ ਬੋਰਡ ਨੇ ਸਾਲ 2022-23 ਦੀ ਜਿਹੜੀ ਰਿਪੋਰਟ ਜਾਰੀ ਕੀਤੀ ਹੈ, ਉਸ ਵਿੱਚ ਦੇਸ਼ ਭਰ ਵਿੱਚ ਹੇਠਾਂ ਜਾ ਰਹੇ ਪਾਣੀ ਦੇ ਪੱਧਰ ’ਤੇ ਚਿੰਤਾ ਜਤਾਈ ਗਈ ਹੈ, ਨਾਲ ਹੀ ਵੱਖ-ਵੱਖ ਥਾਵਾਂ ਦੀ ਸੈਂਪਲਿੰਗ ਕਰ ਕੇ ਇਹ ਵੀ ਪਤਾ ਲਾਇਆ ਹੈ ਕਿ ਕਿੰਨੇ ਬਲਾਕਾਂ ਵਿੱਚ ਭੂਜਲ ਪੀਣ ਲਾਇਕ ਵੀ ਨਹੀਂ ਰਹਿ ਗਿਆ ਹੈ ਜਾਂ ਇਹ ਦੂਸ਼ਿਤ ਪਾਣੀ ਪੀਣ ਨਾਲ ਬਿਮਾਰੀਆਂ ਦਾ ਖ਼ਤਰਾ ਵੱਧ ਸਕਦਾ ਹੈ। ਪੰਜਾਬ ਦੇ ਜਿਨ੍ਹਾਂ ਪੰਜ ਬਲਾਕਾਂ ਦੇ ਪਾਣੀ ਵਿੱਚ ਆਰਸੈਨਿਕ ਦੀ ਮੌਜੂਦਗੀ ਪਾਈ ਗਈ ਹੈ, ਉਨ੍ਹਾਂ ਵਿੱਚ ਅੰਮ੍ਰਿਤਸਰ ਦੇ ਅਜਨਾਲਾ, ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ, ਹੁਸ਼ਿਆਰਪੁਰ ਦਾ ਮੁਕੇਰੀਆਂ, ਰੋਪੜ ਦਾ ਬਲਾਕ ਰੋਪੜ ਤੇ ਤਰਨਤਾਰਨ ਜ਼ਿਲ੍ਹੇ ਦਾ ਬਲਾਕ ਭਿੱਖੀਵਿੰਡ ਸ਼ਾਮਿਲ ਹਨ।

ਇਸ ਤੋਂ ਇਲਾਵਾ ਪੰਜ ਬਲਾਕ ਅਜਿਹੇ ਵੀ ਹਨ ਜਿਥੇ ਫਲੋਰਾਈਡ ਦੀ ਮਾਤਰਾ ਵੱਧ ਹੈ। ਪਾਣੀ ਵਿੱਚ ਫਲੋਰਾਈਡ ਦੀ ਵੱਧ ਮਾਤਰਾ ਫਲੋਰੋਸਿਸ ਨੂੰ ਜਨਮ ਦਿੰਦੀ ਹੈ। ਇਸ ਦਾ ਅਸਰ ਦੰਦਾਂ ਤੇ ਹੱਡੀਆਂ ’ਤੇ ਪੈਂਦਾ ਹੈ। ਅੱਠ ਸਾਲ ਦੀ ਉਮਰ ਦੇ ਬਾਅਦ ਬੱਚਿਆਂ ਦੇ ਦੰਦਾਂ ’ਤੇ ਇਸ ਦਾ ਪ੍ਰਭਾਵ ਸਾਫ ਦਿਖਾਈ ਦੇਣ ਲੱਗਦਾ ਹੈ। ਦੰਦ ਪੀਲੇ ਹੋਣ ਲੱਗਦੇ ਹਨ। ਪੰਜਾਬ ਦੇ ਜਿਨ੍ਹਾਂ ਬਲਾਕਾਂ ਦੇ ਭੂਜਲ ਵਿੱਚ ਫਲੋਰਾਈਡ ਦੀ ਮਾਤਰਾ ਜ਼ਿਆਦਾ ਹੈ, ਉਨ੍ਹਾਂ ਵਿੱਚ ਬਠਿੰਡਾ ਦਾ ਨਥਾਣਾ, ਮਾਨਸਾ ਦਾ ਭੀਖੀ, ਮੋਗਾ ਦਾ ਮੋਗਾ-2, ਸੰਗਰੂਰ ਦਾ ਲਹਿਰਾਗਾਗਾ, ਤਰਨਤਾਰਨ ਦਾ ਪੱਟੀ ਸ਼ਾਮਿਲ ਹਨ।

ਇਹੀ ਨਹੀਂ, ਰਿਪੋਰਟ ਵਿੱਚ ਉਨ੍ਹਾਂ ਚਾਰ ਬਲਾਕਾਂ ਬਾਰੇ ਵੀ ਦੱਸਿਆ ਗਿਆ ਹੈ ਜਿਥੇ ਪਾਣੀ ਪੀਣਯੋਗ ਨਹੀਂ ਹੈ ਜਾਂ ਦੂਜੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਇਸ ਪਾਣੀ ਨੂੰ ਪੀਣ ਕਾਰਨ ਲੀਵਰ ਖਰਾਬ ਹੋਣ ਦੀ ਸਮੱਸਿਆ ਆ ਸਕਦੀ ਹੈ। ਇਨ੍ਹਾਂ ਬਲਾਕਾਂ ਵਿੱਚ ਸੰਗਤ ਮੰਡੀ, ਬਠਿੰਡਾ, ਤਲਵੰਡੀ ਸਾਬੋ, ਫਰੀਦਕੋਟ, ਫਾਜ਼ਿਲਕਾ, ਖੁਈਆਂ ਸਰਵਰ, ਅਬੋਹਰ, ਜਲਾਲਾਬਾਦ, ਮਾਨਸਾ, ਝੁਨੀਰ, ਲੰਬੀ, ਬੁਢਲਾਡਾ, ਮੁਕਤਸਰ ਤੇ ਮਲੋਟ ਸ਼ਾਮਿਲ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁੱਲ 143 ਬਲਾਕਾਂ ਵਿਚੋਂ 114 ਦਿਹਾਤੀ ਤੇ ਤਿੰਨ ਸ਼ਹਿਰੀ ਬਲਾਕ (ਕੁੱਲ 76.47 ਫੀਸਦੀ ਖੇਤਰ) ਵਿਚੋਂ ਲੋੜ ਤੋਂ ਕਿਤੇ ਵੱਧ ਪਾਣੀ ਕੱਢਿਆ ਜਾ ਰਿਹਾ ਹੈ। ਤਿੰਨ ਬਲਾਕਾਂ ਨੂੰ ਘੱਟ ਗੰਭੀਰ, 13 ਬਲਾਕਾਂ ਦਾ ਗੰਭੀਰ ਰੂਪ ’ਚ ਵਰਗੀਕਰਨ ਕੀਤਾ ਗਿਆ ਹੈ। ਸਿਰਫ਼ 20 ਬਲਾਕ ਹੀ ਸੁੱਰਖਿਅਤ ਐਲਾਨੇ ਗਏ ਹਨ। ਇਸ ਨੂੰ ਸਾਫ਼ ਕਰਨ ਲਈ ਆਰ.ਓ. ਸਿਸਟਮ ਲਾਏ ਹਨ। ਪਰ ਇਹ ਪਾਣੀ ਸਿਰਫ਼ ਪੀਣ ਅਤੇ ਰਸੋਈ ਵਿੱਚ ਖਾਣਾ ਪਕਾਉਣ ਵਾਲੇ ਪਾਣੀ ਨੂੰ ਹੀ ਮਸਾਂ ਪੂਰੇ ਆਉਂਦੇ ਹਨ।

(ਬਾਕੀ ਸਫ਼ਾ 30 ’ਤੇ)

## ਤਾਨਾਸ਼ਾਹ ਨੂੰ ਹਟਾਓ, ਚੋਣਾਂ ਕਰਵਾਓ

# ਨੇਤਨਯਾਹੂ ਖ਼ਿਲਾਫ਼ ਇਜ਼ਰਾਈਲ ਦੀਆਂ ਸੜਕਾਂ 'ਤੇ ਆਏ ਹਜ਼ਾਰਾਂ ਲੋਕ

### ਸੀ.ਐਨ.ਐਨ. ਅਤੇ ਇਜ਼ਰਾਈਲੀ ਅਖ਼ਬਾਰ ਹਾਰੇਟਜ਼ ਨੇ ਦਿੱਤੀ ਜਾਣਕਾਰੀ

ਤੇਲ ਅਵੀਵ/ਏ.ਟੀ.ਨਿਊਜ਼ : ਇਜ਼ਰਾਈਲ ਵਿੱਚ ਲੋਕ ਇੱਕ ਵਾਰ ਫਿਰ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਅਸਤੀਫੇ ਦੀ ਮੰਗ ਕਰਦੇ ਹੋਏ ਅਤੇ ਹਮਾਸ ਨਾਲ ਚੱਲ ਰਹੀ ਜੰਗ ਨੂੰ ਖਤਮ ਕਰਨ ਅਤੇ ਦੇਸ਼ ਵਿੱਚ ਜਲਦੀ ਚੋਣਾਂ ਕਰਵਾਉਣ ਦੀ ਮੰਗ ਕਰਦੇ ਹੋਏ ਸੜਕਾਂ 'ਤੇ ਉਤਰ ਆਏ ਹਨ। ਸੀ.ਐਨ.ਐਨ. ਅਤੇ ਇਜ਼ਰਾਈਲੀ ਅਖਬਾਰ ਹਾਰੇਟਜ਼ ਦੇ ਅਨੁਸਾਰ, ਪ੍ਰਦਰਸ਼ਨਕਾਰੀ ਬੀਤੇ ਦਿਨੀਂ ਤੇਲ ਅਵੀਵ, ਕੈਸਰੀਆ ਅਤੇ ਹਾਈਫਾ ਦੀਆਂ ਸੜਕਾਂ 'ਤੇ ਉਤਰੇ, ਇਜ਼ਰਾਈਲੀ ਝੰਡੇ ਲਹਿਰਾਉਂਦੇ ਹੋਏ ਅਤੇ ਤਸਵੀਰਾਂ ਵਾਲੀਆਂ ਤਖ਼ਤੀਆਂ ਲੈ ਕੇ ਜੰਗ ਨੂੰ ਖਤਮ ਕਰਨ ਅਤੇ ਬੰਧਕਾਂ ਦੀ ਰਿਹਾਈ ਦੀ ਮੰਗ ਕੀਤੀ। ਹੈਰਾਨੀ ਦੀ ਗੱਲ ਹੈ ਕਿ ਇਜ਼ਰਾਈਲੀ ਬੰਧਕ ਸੱਤ ਮਹੀਨਿਆਂ ਤੋਂ ਹਮਾਸ ਦੀ ਹਿਰਾਸਤ ਵਿੱਚ ਹਨ। ਇਜ਼ਰਾਈਲ ਨੇ ਪੂਰੇ ਗਾਜ਼ਾ ਨੂੰ ਤਬਾਹ ਕਰ ਦਿੱਤਾ ਹੈ ਪਰ ਇੱਕ ਵੀ ਬੰਧਕ ਨੂੰ ਆਜ਼ਾਦ ਨਹੀਂ ਕਰਵਾ ਸਕਿਆ। ਇਜ਼ਰਾਈਲੀ ਬੰਬਾਰੀ ਕਾਰਨ ਇਸ ਜੰਗ ਵਿੱਚ ਕੁਝ ਬੰਧਕਾਂ ਦੀ ਮੌਤ ਵੀ ਹੋਈ ਹੈ। ਹੁਣ ਇਜ਼ਰਾਈਲ ਦੇ ਲੋਕ ਬਚੇ ਹੋਏ ਲੋਕਾਂ ਦੀ ਸੁਰੱਖਿਅਤ ਰਿਹਾਈ ਚਾਹੁੰਦੇ ਹਨ।

ਸੀ.ਐਨ.ਐਨ. ਦੁਆਰਾ ਸਾਂਝੀ ਕੀਤੀ ਗਈ ਵੀਡੀਓ ਵਿੱਚ ਤੇਲ ਅਵੀਵ ਵਿੱਚ ਲੋਕਾਂ ਨੂੰ ਇਹ ਕਹਿੰਦੇ ਹੋਏ ਸੁਣਿਆ ਜਾ ਸਕਦਾ ਹੈ - 'ਅਸੀਂ ਡਰਦੇ ਨਹੀਂ ਹਾਂ; ਤੁਸੀਂ ਦੇਸ਼ ਨੂੰ ਤਬਾਹ ਕਰ ਦਿੱਤਾ ਹੈ ਅਤੇ ਅਸੀਂ ਇਸਨੂੰ ਠੀਕ ਕਰਾਂਗੇ। ਅਸੀਂ ਉਨ੍ਹਾਂ (ਬੰਧਕਾਂ) ਨੂੰ ਤਾਬੂਤ ਵਿੱਚ ਨਹੀਂ, ਸਗੋਂ ਜ਼ਿੰਦਾ ਵਾਪਸ ਲੈਣਾ ਚਾਹੁੰਦੇ ਹਾਂ।' ਇੱਕ ਹੋਰ ਬੈਨਰ ਵਿੱਚ 'ਧਰਮ ਅਤੇ ਰਾਜ ਨੂੰ ਵੱਖ ਵੱਖ ਕਰਨ' ਦਾ ਸੱਦਾ ਦਿੱਤਾ ਗਿਆ, ਅਰਥਾਤ, ਰਾਜਨੀਤੀ ਅਤੇ ਧਰਮ ਨੂੰ ਨਾ ਰਲਾਉਣ। ਸੀ.ਐਨ.ਐਨ. ਮੁਤਾਬਕ ਇਜ਼ਰਾਈਲੀ ਲੋਕਾਂ ਨੇ ਆਪਣੇ ਹੱਥਾਂ ਵਿੱਚ ਬੈਨਰ ਫੜੇ ਹੋਏ ਸਨ, ਜਿਨ੍ਹਾਂ ਉੱਤੇ ਲਿਖਿਆ ਸੀ - 'ਨੇਤਨਯਾਹੂ ਇਜ਼ਰਾਈਲ ਲਈ ਖਤਰਨਾਕ ਹਨ।' ਸੀ.ਐਨ.ਐਨ. ਦੇ ਅਨੁਸਾਰ, ਹਾਈਫਾ ਵਿੱਚ ਪ੍ਰਦਰਸ਼ਨਕਾਰੀਆਂ ਨੇ ਨੇਤਨਯਾਹੂ ਨੂੰ 'ਦੋਸ਼ੀ, ਦੋਸ਼ੀ, ਦੋਸ਼ੀ' ਕਹਿੰਦੇ ਹੋਏ ਸਰਕਾਰ ਨੂੰ ਤਾਨਾਸ਼ਾਹ ਕਿਹਾ। ਕੁਝ ਬੈਨਰਾਂ 'ਤੇ ਲਿਖਿਆ ਸੀ- 'ਤੁਰੰਤ ਚੋਣਾਂ ਕਰਵਾਓ, ਨੇਤਨਯਾਹੂ ਨੂੰ ਬਾਹਰ ਕੱਢੋ।'



ਨੇਤਨਯਾਹੂ ਦੇ ਲਗਾਤਾਰ ਯੁੱਧ ਅਤੇ 7 ਅਕਤੂਬਰ ਤੋਂ ਗਾਜ਼ਾ ਵਿੱਚ ਬੰਧਕਾਂ ਦੀ ਵਧਦੀ ਗਿਣਤੀ ਨੂੰ ਲੈ ਕੇ ਇਜ਼ਰਾਈਲੀ ਨਾਰਾਜ਼ ਹਨ। ਇਜ਼ਰਾਈਲੀ ਪੁਲਿਸ ਅਨੁਸਾਰ, ਬੀਤੇ ਦਿਨੀਂ ਤੇਲ ਅਵੀਵ ਵਿੱਚ ਇੱਕ ਸਰਕਾਰ ਵਿਰੋਧੀ ਰੈਲੀ ਦੌਰਾਨ ਇੱਕ ਪੁਲਿਸ ਅਧਿਕਾਰੀ ਨੂੰ ਮੁੱਕਾ ਮਾਰਨ ਅਤੇ ਜ਼ਖਮੀ ਕਰਨ ਲਈ ਇੱਕ ਪ੍ਰਦਰਸ਼ਨਕਾਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਅਸਤੀਫੇ ਅਤੇ ਗਾਜ਼ਾ ਵਿੱਚ ਨਜ਼ਰਬੰਦਾਂ ਦੀ ਰਿਹਾਈ ਲਈ ਮੰਗ ਕਰਦੇ ਹੋਏ ਹਜ਼ਾਰਾਂ ਇਜ਼ਰਾਈਲੀਆਂ ਨੇ ਹੁਣੇ ਜਿਹੇ ਵਿੱਚ ਯਰੂਸ਼ਲਮ ਵਿੱਚ ਵੀ ਪ੍ਰਦਰਸ਼ਨ ਕੀਤਾ।

ਇਜ਼ਰਾਇਲੀ ਸੰਸਦ ਦੇ ਸਾਹਮਣੇ ਪ੍ਰਦਰਸ਼ਨ ਕਰਨ ਤੋਂ ਬਾਅਦ, ਜਿੱਥੇ ਉਨ੍ਹਾਂ ਨੇ ਅੱਗ ਲਗਾਈ ਅਤੇ ਝੰਡਾ ਲਹਿਰਾਇਆ। ਪ੍ਰਦਰਸ਼ਨਕਾਰੀਆਂ ਨੇ ਨਗਰ ਨਿਗਮ ਦੀ ਮੁੱਖ ਸੜਕ ਨੂੰ ਜਾਮ ਕਰ ਦਿੱਤਾ। ਉਨ੍ਹਾਂ ਦਾਅਵਾ ਕੀਤਾ ਕਿ ਅਕਤੂਬਰ ਵਿੱਚ ਗਾਜ਼ਾ ਜੰਗ ਦੀ ਸ਼ੁਰੂਆਤ ਤੋਂ ਬਾਅਦ ਇਹ ਸਭ ਤੋਂ ਵੱਡਾ ਪ੍ਰਦਰਸ਼ਨ ਸੀ। ਪ੍ਰਦਰਸ਼ਨਕਾਰੀਆਂ ਨੇ 'ਨੇਤਨਯਾਹੂ ਨੂੰ ਹਟਾਇਆ ਜਾਣਾ ਚਾਹੀਦਾ ਹੈ' ਦੇ ਨਾਅਰੇ ਲਗਾਏ ਅਤੇ ਪੁਲਿਸ ਨੇ ਭੀੜ ਵਿੱਚ ਪਾਣੀ ਦੀਆਂ ਤੋਪਾਂ ਚਲਾ ਕੇ, ਉਨ੍ਹਾਂ ਨੂੰ ਧੱਕਾ ਮਾਰ ਕੇ ਪਿੱਛੇ ਧੱਕ ਦਿੱਤਾ।

ਪ੍ਰਧਾਨ ਮੰਤਰੀ 'ਤੇ ਦਬਾਅ ਵਧ ਰਿਹਾ ਹੈ। ਹਮਾਸ ਦੇ ਕਬਜ਼ੇ ਵਾਲੇ ਗਾਜ਼ਾ ਵਿੱਚ ਅਜੇ ਵੀ ਬੰਧਕ ਬਣਾਏ ਗਏ ਲਗਭਗ 100 ਦੇ ਪਰਿਵਾਰ ਨੇਤਨਯਾਹੂ ਦੀ ਸੱਜੇ-ਪੱਖੀ ਸਰਕਾਰ ਦੇ ਵਿਰੋਧ ਵਿੱਚ ਇੱਕਜੁੱਟ ਹੋ ਗਏ ਹਨ। ਇਜ਼ਰਾਇਲੀ ਇਨ੍ਹਾਂ 100 ਬੰਧਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਪ੍ਰਤੀ ਹਮਦਰਦੀ ਪ੍ਰਗਟ ਕਰ ਰਹੇ ਹਨ।

ਗਾਜ਼ਾ 'ਤੇ ਇਜ਼ਰਾਈਲ ਦੀ ਲੜਾਈ ਤੋਂ ਪਹਿਲਾਂ ਵੀ, ਨਿਆਂਇਕ ਸੁਧਾਰਾਂ ਦੀ ਮੰਗ ਕਰਨ ਅਤੇ ਨੇਤਨਯਾਹੂ ਨੂੰ ਤਾਨਾਸ਼ਾਹ ਕਹਿਣ ਲਈ ਕਈ ਮਹੀਨਿਆਂ ਤੱਕ ਪ੍ਰਦਰਸ਼ਨ ਹੋਏ ਸਨ।

## ਕੋਰੋਨਾ ਤੋਂ ਵੀ 100 ਗੁਣਾ ਵੱਧ ਖ਼ਤਰਨਾਕ ਮਹਾਂਮਾਰੀ ਬਰਡ ਫਲੂ ਫੈਲਣ ਦਾ ਖ਼ਤਰਾ

### ਅਖ਼ਬਾਰ ਡੇਲੀ ਮੇਲ ਦੀ ਰਿਪੋਰਟ ਮੁਤਾਬਕ, ਖੋਜਕਰਤਾਵਾਂ ਨੇ ਡਰ ਜ਼ਾਹਰ ਕੀਤਾ



ਲੰਡਨ/ਏ.ਟੀ.ਨਿਊਜ਼ : ਮੈਡੀਕਲ ਮਾਹਿਰਾਂ ਨੇ ਇੱਕ ਹੋਰ ਮਹਾਂਮਾਰੀ ਬਰਡ ਫਲੂ ਦੀ ਚਿਤਾਵਨੀ ਜਾਰੀ ਕੀਤੀ ਹੈ। ਇਹ ਕੋਰੋਨਾ ਤੋਂ ਵੀ ਭਿਆਨਕ ਰੂਪ ਧਾਰ ਸਕਦੀ ਹੈ। ਖੋਜਕਰਤਾਵਾਂ ਨੇ ਹਾਲ ਹੀ ਵਿੱਚ ਬਰਡ ਫਲੂ ਦੇ ਐਚ5 ਐਨ1 ਨਾਲ ਜੁੜੀਆਂ ਚਿੰਤਾਵਾਂ 'ਤੇ ਚਰਚਾ ਕਰਦੇ ਹੋਏ ਫਿਕਰ ਜ਼ਾਹਰ ਕੀਤਾ ਸੀ। ਬ੍ਰਿਟੇਨ ਦੇ ਅਖਬਾਰ ਡੇਲੀ ਮੇਲ ਦੀ ਰਿਪੋਰਟ ਮੁਤਾਬਕ, ਖੋਜਕਰਤਾਵਾਂ ਨੇ ਡਰ ਜ਼ਾਹਰ ਕੀਤਾ ਹੈ ਕਿ ਇਹ ਵਾਇਰਸ ਇੱਕ ਗੰਭੀਰ ਸੀਮਾ ਤੱਕ ਪਹੁੰਚ ਸਕਦਾ ਹੈ ਜੋ ਇੱਕ ਵਿਸ਼ਵਵਿਆਪੀ ਮਹਾਂਮਾਰੀ ਨੂੰ ਜਨਮ ਦੇ ਸਕਦਾ ਹੈ।

**ਕੋਵਿਡ-19 ਨਾਲੋਂ ਜ਼ਿਆਦਾ ਘਾਤਕ**

ਮੈਡੀਕਲ ਮਾਹਿਰਾਂ ਨੇ ਬਰਡ ਫਲੂ ਮਹਾਮਾਰੀ ਦੇ ਸੰਭਾਵੀ ਖ਼ਤਰੇ ਉਤੇ ਚਿੰਤਾ ਪ੍ਰਗਟ ਕੀਤੀ ਹੈ ਤੇ ਚਿਤਾਵਨੀ ਦਿੱਤੀ ਹੈ ਕਿ ਇਹ ਕੋਵਿਡ ਨਾਲੋਂ 100 ਗੁਣਾ ਖਤਰਨਾਕ ਹੋ ਸਕਦੀ ਹੈ। ਇੰਨਾ ਹੀ ਨਹੀਂ, ਇਹ ਮਹਾਂਮਾਰੀ ਸੰਭਾਵਿਤ ਤੌਰ 'ਤੇ ਸੰਕਰਮਿਤ ਲੋਕਾਂ ਵਿੱਚੋਂ ਅੱਧੇ ਲੋਕਾਂ ਦੀ ਮੌਤ ਦਾ ਕਾਰਨ ਬਣ ਸਕਦੀ ਹੈ। ਪ੍ਰੈਸ ਬ੍ਰੀਫਿੰਗ ਦੌਰਾਨ ਪਿਟਸਬਰਗ ਵਿੱਚ ਇੱਕ ਪ੍ਰਮੁੱਖ ਬਰਡ ਫਲੂ ਰੀਸਰਚਰ ਡਾ. ਸੁਰੇਸ਼ ਕੁਚੀਪੁੜੀ ਨੇ ਚਿਤਾਵਨੀ ਦਿੱਤੀ ਕਿ ਐਚ5 ਐਨ1 ਵਿੱਚ ਮਹਾਂਮਾਰੀ ਪੈਦਾ ਕਰਨ ਦੀ ਸਮਰੱਥਾ ਹੈ, ਕਿਉਂਕਿ ਇਹ ਮਨੁੱਖਾਂ ਸਮੇਤ ਕਈ ਥਣਧਾਰੀ ਜੀਵਾਂ ਨੂੰ ਸੰਕਰਮਿਤ ਕਰਨ ਦੀ ਸਮਰੱਥਾ ਰੱਖਦੀ ਹੈ।

ਉਨ੍ਹਾਂ ਕਿਹਾ, 'ਅਸੀਂ ਇੱਕ ਅਜਿਹੇ ਵਾਇਰਸ ਬਾਰੇ ਗੱਲ ਕਰ ਰਹੇ ਹਾਂ ਜੋ ਪਹਿਲਾਂ ਹੀ ਦੁਨੀਆਂ ਵਿੱਚ ਮੌਜੂਦ ਹੈ ਅਤੇ ਕਈ ਥਣਧਾਰੀ ਜੀਵਾਂ ਨੂੰ ਸੰਕਰਮਿਤ ਕਰ ਰਿਹਾ ਹੈ ਅਤੇ (ਬਾਕੀ ਸਫ਼ਾ 31 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 600947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# 'ਖ਼ਾਲਸਾ ਸਾਜਨਾ ਦਿਵਸ' ਦੇ ਸਮਾਗਮਾਂ ਦਾ ਮਾਹੌਲ ਗੁਰਮਤਿ ਅਨੁਸਾਰੀ ਕੀਤਾ ਜਾਵੇ

## ਸ੍ਰੀ ਦਮਦਮਾ ਸਾਹਿਬ ਵਿਖੇ ਤਖ਼ਤ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਗੁਰਮਤਿ ਤੋਂ ਉਲਟ ਦੁਕਾਨਾਂ ਨਾ ਲਗਾਈਆਂ ਜਾਣ

➢ ਟਰੈਕਟਰਾਂ 'ਤੇ ਡੈੱਕ ਅਤੇ ਲੰਗਰਾਂ ਵਿੱਚ ਸਪੀਕਰਾਂ 'ਤੇ ਵੀ ਹੋਵੇ ਪਾਬੰਦੀ ➢ ਬੀਤੇ ਸਾਲ ਵੀ ਇਸ ਸਬੰਧੀ ਤਖ਼ਤ ਸਾਹਿਬ 'ਤੇ ਦਿੱਤੇ ਗਏ ਸਨ ਲਿਖਤੀ ਸੁਝਾਅ ਪੱਤਰ






ਬਠਿੰਡਾ/ਏ.ਟੀ.ਨਿਊਜ਼ : ਬਾਬਾ ਹਰਦੀਪ ਸਿੰਘ ਮਹਿਰਾਜ, ਲੱਖੀ ਜੰਗਲ ਖ਼ਾਲਸਾ ਜਥਾ ਅਤੇ ਸਿੱਖ ਜਥਾ ਮਾਲਵਾ ਵੱਲੋਂ ਬਠਿੰਡਾ ਵਿਖੇ ਪੱਤਰਕਾਰ ਵਾਰਤਾ ਕੀਤੀ ਗਈ, ਜਿਸ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਹਰ ਸਾਲ ਗੁਰੂ ਖ਼ਾਲਸਾ ਪੰਥ ਦੇ ਸਾਜਨਾ ਦਿਹਾੜੇ ਦੌਰਾਨ ਹੁੰਦੇ ਸਮਾਗਮਾਂ ਵਿੱਚ ਮਾਹੌਲ ਨੂੰ ਗੁਰਮਤਿ ਅਨੁਸਾਰੀ ਕਰਨ ਸਬੰਧੀ ਕਿਹਾ ਗਿਆ।

ਇਸ ਮੌਕੇ ਮੌਜੂਦ ਜਥਿਆਂ ਅਤੇ ਸਖਸ਼ੀਅਤਾਂ ਨੇ ਕਿਹਾ ਕਿ ਇਹ ਜੋੜ ਮੇਲਾ ਹਰ ਸਾਲ ਬਹੁਤ ਚੜ੍ਹਦੀਕਲਾ ਨਾਲ ਮਨਾਇਆ ਜਾਂਦਾ ਹੈ, ਜਿਥੇ ਦੂਰੋਂ ਨੇੜਿਓ ਵੱਡੀ ਗਿਣਤੀ ਵਿੱਚ ਸੰਗਤ ਇਸ ਪਵਿੱਤਰ ਦਿਹਾੜੇ 'ਤੇ ਹਾਜ਼ਰੀ ਭਰਦੀ ਹੈ ਪਰ ਪਿਛਲੇ ਕੁਝ ਵਰ੍ਹਿਆਂ ਤੋਂ ਸਾਡੇ ਪਵਿੱਤਰ ਜੋੜ ਮੇਲਿਆਂ ਨੂੰ ਆਮ ਮੇਲਿਆਂ ਵਜੋਂ ਜਾਣਿਆ ਜਾਣ ਲੱਗਾ ਹੈ, ਇਕਾਗਰਤਾ ਅਤੇ ਸ਼ਾਂਤੀ ਵਰਤਾਉਣ ਵਾਲੇ ਪਾਸੇ ਇਹਨਾਂ ਜੋੜ ਮੇਲਿਆਂ ਨੂੰ ਲਿਜਾਣ ਦੀ ਬਜਾਏ ਇਹਨਾਂ ਸਮਾਗਮਾਂ ਦੀ ਦਿਸ਼ਾ ਹੁਣ ਚਿੱਤ ਵਿੱਚ ਕਾਹਲ ਵਰਤਾਉਣ, ਮਨ ਨੂੰ ਭਟਕਾਉਣ ਵਾਲੇ, ਦੁਨਿਆਵੀਂ ਮੌਜ ਮੇਲੇ ਦੇ ਵੱਲ ਮੁੜਦੀ ਜਾ ਰਹੀ ਹੈ। ਗੁਰੂ ਖ਼ਾਲਸਾ ਪੰਥ ਦੇ ਸਾਜਨਾ ਦਿਹਾੜੇ ਨੂੰ ਜਿਸ ਤਰ੍ਹਾਂ ਯਾਦ ਕਰਨਾ ਚਾਹੀਦਾ ਹੈ ਉਸ ਦਿਸ਼ਾ ਵੱਲ ਲਿਜਾਣ ਲਈ ਉਦਮ ਵਧਾਉਣ ਦੀ ਲੋੜ ਹੁਣ ਕਾਫ਼ੀ ਬਣ ਗਈ ਹੈ। ਜੋੜ ਮੇਲਿਆਂ ਦੇ ਮਾਹੌਲ ਵਿੱਚ ਲੋੜੀਂਦੀ ਤਬਦੀਲੀ ਲਈ ਮਸਤੂਆਣਾ ਸਾਹਿਬ ਵਿਖੇ ਇਲਾਕੇ ਦੀ ਸੰਗਤ ਅਤੇ ਪ੍ਰਬੰਧਕਾਂ ਦੇ ਸਾਂਝੇ ਉੱਦਮ ਸਦਕਾ ਪਹਿਲਕਦਮੀ ਵੀ ਕੀਤੀ ਗਈ ਜਿਸ ਵਿੱਚ ਗੁਰਮਤਿ ਤੋਂ ਉਲਟ ਦੁਕਾਨਾਂ, ਝੂਲੇ/ਚੰਡੋਲ, ਟ੍ਰੈਕਟਰਾਂ 'ਤੇ ਡੈੱਕ, ਲੰਗਰਾਂ 'ਚ ਸਪੀਕਰ ਆਦਿ ਹੋਰ ਬਹੁਤ ਕੁਝ ਜੋ ਮਨ ਭਟਕਾਉਣ ਅਤੇ ਇਕਾਗਰਤਾ ਭੰਗ ਕਰਨ ਦਾ ਸਬੱਬ ਬਣਦਾ ਸੀ, ਉਹ ਸਭ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰੋਂ ਬੰਦ ਕਰ ਦਿੱਤਾ ਗਿਆ। ਜੋੜ ਮੇਲਿਆਂ ਅਤੇ ਆਮ ਦੁਨਿਆਵੀ ਮੇਲਿਆਂ ਦੇ ਮਾਹੌਲ ਵਿੱਚ ਹੋਈ ਰਲਗੱਡ ਨੂੰ ਦੂਰ ਕਰਦਿਆਂ ਮਸਤੂਆਣਾ ਸਾਹਿਬ ਨੇੜਲੇ ਪਿੰਡਾਂ ਦੀ ਸੰਗਤ ਅਤੇ ਉਥੋਂ ਦੇ ਪ੍ਰਬੰਧਕਾਂ ਦੀ ਇਹ ਕਾਰਵਾਈ ਮਿਸਾਲੀ ਹੈ।

ਇਸ ਪਹਿਲਕਦਮੀ ਤੋਂ ਬਾਅਦ ਹੁਣ ਲੋੜ ਹੈ ਕਿ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਵੀ ਅਗਲੇ ਕੁਝ ਦਿਨਾਂ ਵਿੱਚ ਹੋਣ ਜਾ ਰਹੇ ਸਮਾਗਮਾਂ ਦੌਰਾਨ ਸ੍ਰੀ ਦਮਦਮਾ ਸਾਹਿਬ ਵਿਖੇ ਤਖਤ ਸਾਹਿਬ ਅਤੇ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਗੁਰਮਤਿ ਤੋਂ ਉਲਟ ਦੁਕਾਨਾਂ ਨਾ ਲਗਾਈਆਂ ਜਾਣ ਅਤੇ ਇਸ ਦੇ ਨਾਲ ਟਰੈਕਟਰਾਂ 'ਤੇ ਡੈੱਕ ਅਤੇ ਲੰਗਰਾਂ ਵਿੱਚ ਸਪੀਕਰਾਂ 'ਤੇ ਵੀ ਪਾਬੰਦੀ ਲਗਾਈ ਜਾਵੇ।

ਆਗੂਆਂ ਨੇ ਕਿਹਾ ਕਿ ਇਸ ਸਬੰਧੀ ਬੀਤੇ ਸਾਲ ਵੀ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਲਿਖਤੀ ਸੁਝਾਅ ਪੱਤਰ ਦਿੱਤੇ ਗਏ ਸਨ, ਜਿਸ ਵਿੱਚ ਕਿਹਾ ਗਿਆ ਸੀ ਕਿ ਕਿ ਉਹ ਸਾਰੀਆਂ ਦੁਕਾਨਾਂ ਜੋ ਗੁਰਮਤਿ ਅਨੁਸਾਰੀ ਨਹੀਂ ਹਨ, ਮੇਲੇ ਵਾਲੇ ਮਾਹੌਲ ਨਾਲ ਸਬੰਧਿਤ ਹਨ, ਉਹ ਨਹੀਂ ਹੋਣੀਆਂ ਚਾਹੀਦੀਆਂ ਜਾਂ ਘੱਟੋ-ਘੱਟ ਬਾਹਰ ਕਿਸੇ ਖੇਤ ਵਿੱਚ ਹੋਣ। ਇਸ ਦੇ ਨਾਲ ਹੀ ਇਹ ਵੀ ਸੁਝਾਅ ਦਿੱਤਾ ਗਿਆ ਕਿ ਲੰਗਰਾਂ ਵਿੱਚੋਂ ਸਪੀਕਰਾਂ ਰਾਹੀਂ ਲੰਗਰ ਛਕਣ ਦੀਆਂ ਅਵਾਜ਼ਾਂ ਦੇਣ ਅਤੇ ਮਾਇਆ ਭੇਟਾ ਕਰਨ ਵਾਲਿਆਂ ਸਬੰਧੀ ਸਪੀਕਰਾਂ ਵਿੱਚ ਬੋਲਣ 'ਤੇ ਪੂਰਨ ਪਾਬੰਦੀ ਹੋਵੇ। ਜੇਕਰ ਕੋਈ ਸਪੀਕਰ ਲਾਉਣਾ ਹੈ ਤਾਂ ਸਿਰਫ਼ ਗੁਰਬਾਣੀ ਦੇ ਪ੍ਰਵਾਹ ਹੀ ਚੱਲਣ ਉਹਨਾਂ ਦੀ ਵੀ ਆਵਾਜ਼ ਜ਼ਿਆਦਾ ਨਾ ਹੋਵੇ।

ਉਹਨਾਂ ਕਿਹਾ ਕਿ ਬੀਤੇ ਸਾਲ ਸਾਡੇ ਵੱਲੋਂ ਤਲਵੰਡੀ ਸਾਬੋ ਦੇ ਐਸ.ਡੀ.ਐਮ ਨੂੰ ਵੀ ਇੱਕ ਲਿਖਤੀ ਸੁਝਾਵਾਂ ਦੀ ਕਾਪੀ ਦਿੱਤੀ ਗਈ ਸੀ ਜਿਸ ਵਿੱਚ ਲਿਖਿਆ ਸੀ ਕਿ ਸ਼ਹਿਰ ਵਿੱਚ ਦਾਖਲ ਹੁੰਦਿਆਂ ਹੀ ਟ੍ਰੈਕਟਰਾਂ ਦੇ ਡੈੱਕ 'ਤੇ ਪੂਰਨ ਪਾਬੰਦੀ ਹੋਵੇ ਅਤੇ ਮੋਟਰਸਾਈਕਲਾਂ 'ਤੇ ਵੱਡੇ ਹਾਰਨ ਅਤੇ ਬਿਨਾ ਕੰਮ ਤੋਂ ਸ਼ੋਰ ਸ਼ਰਾਬਾ ਪਾਉਣ ਵਾਲਿਆਂ ਨੂੰ ਸਖਤੀ ਨਾਲ ਤਾੜਨਾ ਕੀਤੀ ਜਾਵੇ।

ਜੇਕਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਪਾਸੇ ਕੋਈ ਸਾਰਥਿਕ ਯਤਨ ਕਰਦੀ ਹੈ ਤਾਂ ਸਾਡੇ ਵੱਲੋਂ ਹਰ ਪੱਖ ਤੋਂ ਇਸ ਕਾਰਜ ਲਈ ਉਹਨਾਂ ਦਾ ਸਹਿਯੋਗ ਕੀਤਾ ਜਾਵੇਗਾ। ਇਸ ਜੋੜ ਮੇਲੇ ਵਿੱਚ ਹਾਜ਼ਰੀ ਭਰਦੀ ਸੰਗਤ ਦਾ ਵੀ ਫਰਜ਼ ਹੈ ਕਿ ਅਸੀਂ ਇਸ ਦਿਹਾੜੇ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਆਪੋ ਆਪਣੀ ਸਮਰੱਥਾ ਅਨੁਸਾਰ ਯਤਨ ਕਰੀਏ। ਇਸ ਮੌਕੇ ਬਾਬਾ ਹਰਦੀਪ ਸਿੰਘ, ਭਾਈ ਸਵਰਨ ਸਿੰਘ ਕੋਟਧਰਮੂ, ਭਾਈ ਮਲਕੀਤ ਸਿੰਘ ਭਵਾਨੀਗੜ੍ਹ, ਗੁਰਵਿੰਦਰ ਸਿੰਘ ਬਠਿੰਡਾ, ਗਮਦੂਰ ਸਿੰਘ, ਬਾਬਾ ਸੁਖਪਾਲ ਸਿੰਘ, ਗੁਰਪਾਲ ਸਿੰਘ, ਮੱਖਣ ਸਿੰਘ ਰਾਜੋਮਾਜਰਾ, ਤਰਨਜੀਤ ਸਿੰਘ, ਪਰਵਿੰਦਰ ਸਿੰਘ, ਰਣਜੀਤ ਸਿੰਘ ਆਦਿ ਸਿੰਘ ਹਾਜ਼ਰ ਸਨ।

# ਸਿੱਖ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕਾਰਨ ਨਹੀਂ ਸਜਾਇਆ ਜਾ ਸਕਿਆ 'ਖ਼ਾਲਸਾ ਚੇਤਨਾ ਮਾਰਚ'

➢ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਤੇ ਹੋਰ ਸਿੰਘ ਗ੍ਰਿਫ਼ਤਾਰ ➢ ਸ਼੍ਰੋਮਣੀ ਕਮੇਟੀ ਤੇ ਜਥੇਦਾਰਾਂ ਨੇ ਪੰਜਾਬ ਸਰਕਾਰ ਨੂੰ ਕੀਤੀ ਤਾੜਨਾ

ਤਲਵੰਡੀ ਸਾਬੋ/ਏ.ਟੀ.ਨਿਊਜ਼ : ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਅਤੇ ਸਾਥੀਆਂ ਸਮੇਤ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰਨ ਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਲਈ ਬੰਦੀ ਸਿੰਘਾਂ ਦੇ ਮਾਪਿਆਂ ਵੱਲੋਂ ਸਿੱਖ ਜਥੇਬੰਦੀਆਂ ਦੇ ਸਹਿਯੋਗ ਨਾਲ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੱਕ ਸਜਾਇਆ ਜਾਣ ਵਾਲਾ 'ਖ਼ਾਲਸਾ ਚੇਤਨਾ ਮਾਰਚ' ਸਿੱਖ ਆਗੂਆਂ ਦੀ ਬੀਤੀ ਦਿਨਾਂ ਤੋਂ ਪੁਲਿਸ ਵੱਲੋਂ ਫ਼ੜੋ-ਫ਼ੜੀ ਕਾਰਨ ਨਹੀਂ ਸਜਾਇਆ ਜਾ ਸਕਿਆ ਅਤੇ ਸਾਰਾ ਦਿਨ ਇਤਿਹਾਸਕ ਨਗਰ ਤਲਵੰਡੀ ਸਾਬੋ ਪੁਲਿਸ ਛਾਉਣੀ ਬਣਿਆ ਰਿਹਾ । ਤਖਤ ਸਾਹਿਬ ਕੰਪਲੈਕਸ ਦੇ ਅੰਦਰ ਵੱਡੀ ਗਿਣਤੀ ਚਿੱਟ ਕੱਪੜੀਏ ਪੁਲਿਸ ਮੁਲਾਜ਼ਮ ਘੁੰਮਦੇ ਦਿਖਾਈ ਦਿੱਤੇ ।

ਦੱਸਣਾ ਬਣਦਾ ਹੈ ਕਿ 'ਖ਼ਾਲਸਾ ਚੇਤਨਾ ਮਾਰਚ' ਦੇ ਮੱਦੇਨਜ਼ਰ ਪੁਲਿਸ ਵੱਲੋਂ ਬੀਤੇ ਦਿਨੀਂ ਭਾਈ ਅੰਮ੍ਰਿਤਪਾਲ ਸਿੰਘ ਦੀ ਮਾਤਾ ਬੀਬੀ ਬਲਵਿੰਦਰ ਕੌਰ , ਚਾਚਾ ਸੁਖਚੈਨ ਸਿੰਘ ਤੇ 4 ਹੋਰਾਂ ਨੂੰ ਸਮੇਤ ਸਿੱਖ ਜਥੇਬੰਦੀਆਂ ਦੇ ਆਗੂਆਂ ਨੂੰ ਜਾਂ ਤਾਂ ਗ੍ਰਿਫ਼ਤਾਰ ਕਰ ਲਿਆ ਗਿਆ ਜਾਂ ਫ਼ਿਰ ਘਰਾਂ ਵਿੱਚ ਨਜ਼ਰਬੰਦ





ਕਰ ਦਿੱਤਾ ਗਿਆ। ਉੱਧਰ ਤਖ਼ਤ ਸ੍ਰੀ ਦਮਦਮਾ ਸਾਹਿਬ ਪੁੱਜੇ ਅਕਾਲੀ ਦਲ ਅੰਮ੍ਰਿਤਸਰ (ਫ਼ਤਹਿ) ਦੇ ਪ੍ਰਧਾਨ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੂੰ ਵੀ ਤੜਕਸਾਰ ਪੁਲਿਸ ਵੱਲੋਂ ਫ਼ੜ ਕੇ ਫ਼ਰੀਦਕੋਟ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੂੰ ਦੋ ਹੋਰ ਸਾਥੀਆਂ ਸਮੇਤ ਉਨ੍ਹਾਂ ਦੀ ਭੈਣ ਦੇ ਘਰ ਨਜ਼ਰਬੰਦ ਕਰ ਦਿੱਤਾ ਗਿਆ ।

ਅੰਮ੍ਰਿਤਪਾਲ ਸਿੰਘ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਮੇਰੀ ਪਤਨੀ ਬਲਵਿੰਦਰ ਕੌਰ ਨੇ ਦਮਦਮਾ ਸਾਹਿਬ ਤੋਂ ਨਿਕਲ ਰਹੇ ਚੇਤਨਾ ਮਾਰਚ ਵਿੱਚ ਸ਼ਮੂਲੀਅਤ ਕਰਨ ਲਈ ਜਾਣਾ ਸੀ। ਜਦੋਂ ਇੱਥੋਂ ਨਿਕਲੇ ਹਨ ਤਾਂ ਅੰਮ੍ਰਿਤਸਰ ਵਿੱਚ ਕਿਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਉਨ੍ਹਾਂ ਨੂੰ ਅੰਮ੍ਰਿਤਸਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ। ਗੁਰਮਤਿ ਚੇਤਨਾ ਮਾਰਚ ਨੂੰ ਫ਼ੇਲ੍ਹ ਕਰਨ ਲਈ ਹੀ ਸਰਕਾਰ ਨੇ ਇਹ ਸਾਰਾ ਅਡੰਬਰ ਕੀਤਾ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਨਸ਼ਿਆ ਤੋਂ ਬਚਾਉਣ ਲਈ, ਉਨ੍ਹਾਂ ਦੇ ਭਲੇ ਲਈ ਇਹ ਮਾਰਚ ਹੋ ਰਿਹਾ ਅਤੇ ਸ਼ਾਇਦ ਸਰਕਾਰ ਨਹੀਂ ਚਾਹੁੰਦੀ ਕਿ ਲੋਕ ਨਸ਼ਿਆਂ ਤੋਂ ਬਚੇ ਰਹਿਣ। ਜੇ ਕੋਈ ਅਵਾਜ਼ ਚੁੱਕਦਾ ਹੈ ਤਾਂ ਉਸ ਨੂੰ ਡਰਾ-ਧਮਕਾ ਕੇ ਰੋਕ ਦਿੱਤਾ ਜਾਂਦਾ ਹੈ। ਉਨ੍ਹਾਂ ਨੇ ਕਿਹਾ, 'ਇਹ ਧਰਮ ਵਿੱਚ ਸਿੱਧੀ ਦਖ਼ਲਅੰਦਾਜ਼ੀ ਹੈ। ਸਾਰੀਆਂ ਧਾਰਮਿਕ ਜਥੇਬੰਦੀਆਂ, ਜਥੇਦਾਰ ਅਕਾਲ ਤਖ਼ਤ ਸਾਹਿਬ ਤੇ ਹੋਰ ਜਥੇਦਾਰਾਂ ਨੂੰ ਇਸ ਮਾਮਲੇ ਵਿੱਚ ਵੱਡਾ ਇਕੱਠਾ ਕਰ ਕੇ ਕੋਈ ਫ਼ੈਸਲਾ ਲੈਣਾ ਚਾਹੀਦਾ ਹੈ। '

(**ਬਾਕੀ ਸਫ਼ਾ 30 'ਤੇ**)

# ਬੈਲਜੀਅਮ ਵਿੱਚ ਵਿਸਾਖੀ ਪੁਰਬ ਨੂੰ ਸਮਰਪਿਤ ਸਜਾਇਆ ਗਿਆ ਨਗਰ ਕੀਰਤਨ

ਨਵੀਂ ਦਿੱਲੀ/ਮਨਪ੍ਰੀਤ ਸਿੰਘ ਖਾਲਸਾ :-ਸਿੱਖ ਪੰਥ ਦੇ ਜਨਮ ਦਿਹਾੜੇ ਵਿਸਾਖੀ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਯੂਰੋਪ ਅੰਦਰ ਬੈਲਜੀਅਮ ਦੇ ਗੁਰਦੁਆਰਾ ਸੰਗਤ ਸਾਹਿਬ ਸਿੰਤਰੁਦਨ ਤੋਂ ਸਜਾਇਆ ਗਿਆ। ਹੈੱਡ ਗ੍ਰੰਥੀ ਸਾਹਿਬ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਨਗਰ ਕੀਰਤਨ ਗੁਰਦੁਆਰਾ ਸੰਗਤ ਸਾਹਿਬ ਸਿੰਤਰੁਦਨ ਤੋਂ ਸ਼ਹਿਰ ਦੀ ਪਰਿਕਰਮਾ ਲਈ ਰਵਾਨਾ ਹੋਇਆ। ਫੁੱਲਾਂ ਨਾਲ ਸਜੀ ਸੁੰਦਰ ਪਾਲਕੀ 'ਚ ਸੁਸ਼ੋਭਿਤ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ। ਸ਼ਬਦੀ ਜਥਿਆਂ ਵੱਲੋਂ ਨਗਰ ਕੀਰਤਨ ਦੀ ਸ਼ੋਭਾ ਵਧਾਈ




ਗਈ। ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਵੱਖ-ਵੱਖ ਪੜਾਵਾਂ 'ਤੇ ਨਗਰ ਕੀਰਤਨ ਦਾ ਜੈਕਾਰਿਆਂ ਦੀ ਗੂੰਜ ਨਾਲ ਸਵਾਗਤ ਕੀਤਾ ਗਿਆ ਉਪਰੰਤ ਨਗਰ ਕੀਰਤਨ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਤੇ ਮੁਹੱਲਿਆਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸਾਹਿਬ ਸੈਂਟਰਮ ਵਿਖੇ ਸੰਪੂਰਨ ਹੋਇਆ। ਨਗਰ ਕੀਰਤਨ ਵਿੱਚ ਸੰਗਤਾਂ ਉੱਪਰ ਹੈਲੀਕਾਪਟਰ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ ਜੋ ਕਿ ਹਾਜ਼ਰੀਨ ਸੰਗਤਾਂ ਲਈ ਬਹੁਤ ਹੀ ਮਨਮੋਹਕ ਯਾਦਗਾਰ ਬਣ ਗਿਆ ਸੀ ।

ਇਸ ਮੌਕੇ ਯੂਰੋਪੀਅਨ ਪਾਰਲੀਮੈਂਟ ਮੈਂਬਰ ਹਿਲਡੇ ਵੈਟਮਨਸ ਦੇ ਨਾਲ ਮੇਅਰ ਇੰਗਰਿੱਡ ਕੈਮਪੈਨੀਅਰ ਨੇ ਵੀ ਉਚੇਚੇ ਤੌਰ 'ਤੇ ਹਾਜ਼ਿਰੀ ਭਰੀ। ਪਾਰਲੀਮੈਂਟ ਮੈਂਬਰ ਹਿਲਡੇ ਵੈਟਮਨਸ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀ ਸਮੂਹ ਸਿੱਖ ਪੰਥ ਨੂੰ ਵਿਸਾਖੀ ਪੁਰਬ ਦੀ ਵਧਾਈ ਦਿੰਦੇ ਹਾਂ ਤੇ ਯੂਰੋਪ ਅੰਦਰ ਸਿੱਖਾਂ ਨੂੰ ਜੋ ਮੁਸ਼ਕਿਲਾਂ ਆ ਰਹੀਆਂ ਹਨ ਓਸ ਲਈ ਯੂਰੋਪੀਅਨ ਸਿੱਖ ਓਰਗੇਨਾਈਜੇਸ਼ਨ ਵੱਲੋਂ ਯੂਰੋਪ ਅੰਦਰ ਸਿੱਖ ਧਰਮ ਨੂੰ ਮਾਨਤਾ ਦਿਵਾਉਣ ਦੇ ਕੀਤੇ ਜਾ ਰਹੇ ਜਤਨ ਦਾ ਅਸੀ ਪੂਰਾ ਸਾਥ ਦੇਵਾਂਗੇ ।ਉਨ੍ਹਾਂ ਕਿਹਾ ਕਿ ਇਸੇ ਮਸਲੇ 'ਤੇ ਅਤੇ ਯੂਰੋਪੀਅਨ ਪਾਰਲੀਮੈਂਟ ਅੰਦਰ ਮਨਾਏ ਜਾ ਰਹੇ ਵਿਸਾਖੀ ਪੁਰਬ ਤੇ ਜੱਥੇਦਾਰ ਅਕਾਲ ਤਖਤ ਸਾਹਿਬ ਉਚੇਚੇ ਤੌਰ 'ਤੇ ਹਿੱਸਾ ਲੈਣ ਲਈ ਆ ਰਹੇ ਹਨ,

(**ਬਾਕੀ ਸਫ਼ਾ 31 'ਤੇ**)

## ਦਰਪਣ ਝੂਠ ਨਹੀਂ ਬੋਲਦਾ

# ਭਾਰਤ ਦੀ ਰਾਜਨੀਤੀ ਵਿੱਚ ਸਿੱਖ ਕਿਉਂ ਪਿਛੜੇ?

## ਸੱਤਾ ਨੂੰ ਤਰਜੀਹ ਦੇਣ ਕਰਕੇ, ਸਿੱਖ ਸਿਧਾਂਤ ਤਿਆਗਣ ਕਾਰਨ ਸਿੱਖ ਰਾਜਨੀਤੀ ਪੱਛੜੀ

## ਵਿਸ਼ਵ ਸੰਕਟ ਦੌਰਾਨ ਸਿੱਖਾਂ ਨੇ ਲੋੜਵੰਦਾਂ ਦੀ ਸੇਵਾ ਕਰਕੇ ਵਿਸ਼ਵ ਦੀਆਂ ਸਰਕਾਰਾਂ ਦਾ ਮਨ ਜਿੱਤਿਆ





ਭਾਵੇਂ ਸਿੱਖ ਪੰਥ ਨੂੰ 47 ਦੀ ਵੰਡ ਦੇ ਉਜਾੜੇ ਤੋਂ ਬਾਅਦ 84 ਜੂਨ ਤੇ ਨਵੰਬਰ ਦੌਰਾਨ ਦੋ ਵੱਡੇ ਘਲੂਘਾਰੇ ਹੰਢਾਉਣੇ ਪਏ ਪਰ ਇਸ ਦੇ ਬਾਵਜੂਦ ਸਿੱਖ ਚੜ੍ਹਦੀਕਲਾ ਵਿੱਚ ਰਹੇ ਤੇ ਰਾਜਨੀਤੀ ਵਿੱਚ ਕਈ ਮੱਲਾਂ ਮਾਰਦੇ ਰਹੇ। ਇਸ ਤੋਂ ਪਹਿਲਾਂ ਵੀ ਅਤੇ ਬਾਅਦ ਵੀ ਸਿੱਖ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਫ਼ੌਜ ਮੁਖੀ, ਸੁਪਰੀਮ ਕੋਰਟ ਦੇ ਮੁੱਖ ਜੱਜ ਤੇ ਵੱਡੇ ਮੰਤਰਾਲਿਆਂ ਦੇ ਮੰਤਰੀ ਬਣਦੇ ਰਹੇ। ਕੇਂਦਰੀ ਸਕੱਤਰੇਤ ਵਿੱਚ ਅੱਧੀ-ਅੱਧੀ ਦਰਜਨ ਵੱਡੇ ਸਿੱਖ ਅਫ਼ਸਰ, ਰਾਜਪਾਲ ਅਤੇ ਕਈ ਹੋਰਾਂ ਵਿੱਚ ਵੱਖ-ਵੱਖ ਸਮਿਆਂ 'ਤੇ ਸਿੱਖ ਵੱਡੀਆਂ ਪਾਰਟੀਆਂ ਦੇ ਲੋਕ ਸਭਾ ਅਤੇ ਵਿਧਾਨ ਸਭਾ ਦੇ ਉਮੀਦਵਾਰ ਹੀ ਨਹੀਂ ਬਣੇ ਸਗੋਂ ਕਈ ਵਾਰ ਜਿੱਤਦੇ ਵੀ ਰਹੇ। ਪਰ ਸ਼ਾਇਦ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਇਸ ਵਾਰ ਇਹ ਪਹਿਲੀ ਵਾਰ ਹੈ ਕਿ ਪੰਜਾਬ ਤੋਂ ਬਾਹਰ ਕਿਸੇ ਵੀ ਵੱਡੀ ਪਾਰਟੀ ਨੇ ਕਿਸੇ ਵੀ ਸਿੱਖ ਨੂੰ ਉਮੀਦਵਾਰ ਨਹੀਂ ਬਣਾਇਆ। ਇਸ ਤਰ੍ਹਾਂ ਜਾਪਦਾ ਹੈ ਕਿ ਦੇਸ਼ ਵਿੱਚ ਸਿੱਖ ਪੰਥ ਨੂੰ ਰਾਜਨੀਤੀ ਵਿੱਚ ਹਾਸ਼ੀਏ ਉਪਰ ਧੱਕਿਆ ਜਾ ਰਿਹਾ ਹੈ ਪਰ ਇਸ ਦੇ ਉਲਟ ਦੁਨੀਆਂ ਭਰ ਦੀ ਰਾਜਨੀਤੀ ਵਿੱਚ ਵੱਖ-ਵੱਖ ਦੇਸ਼ਾਂ ਵਿੱਚ ਸਿੱਖਾਂ ਦੀ ਚੜ੍ਹਦੀ ਕਲਾ ਹੋ ਰਹੀ ਹੈ। ਕੈਨੇਡਾ ਵਿੱਚ ਤਾਂ ਇਕ ਰਾਸ਼ਟਰੀ ਪਾਰਟੀ ਦਾ ਮੁਖੀ ਹੀ ਇਕ ਅੰਮ੍ਰਿਤਧਾਰੀ ਸਿੱਖ ਜਗਮੀਤ ਸਿੰਘ ਹੈ, ਕਿੰਨੇ ਕੇਂਦਰੀ ਵਜ਼ੀਰ ਤੇ ਐਮ.ਪੀ. ਸਿੱਖ ਹਨ, ਬਰਤਾਨੀਆ ਦੀ ਰਾਜਨੀਤੀ ਵਿੱਚ ਵੀ ਸਿੱਖਾਂ ਦੀ ਚੜ੍ਹਤ ਵਧ ਰਹੀ ਹੈ। ਆਸ ਕੀਤੀ ਜਾਂਦੀ ਹੈ ਕਿ ਅਗਲੀ ਸਰਕਾਰ ਵਿੱਚ ਤਨਮਨਜੀਤ ਸਿੰਘ ਢੇਸੀ ਯੂ.ਕੇ. ਦੇ ਪ੍ਰਮੁੱਖ ਵਜ਼ੀਰ ਹੋ ਸਕਦੇ ਨੇ। ਆਸਟ੍ਰੇਲੀਆ ਤੇ ਨਿਊਜ਼ੀਲੈਂਡ ਦੀ ਰਾਜਨੀਤੀ ਵਿੱਚ ਵੀ ਸਿੱਖ ਰਾਜਨੀਤੀ ਦੇ ਖੇਤਰ ਵਿੱਚ ਤਰੱਕੀ ਕਰ ਰਹੇ ਹਨ, ਯੂਰਪ ਵਿਚਲੇ ਕੁਝ ਦੇਸ਼ਾਂ ਵਿੱਚ ਵੀ ਸਿੱਖ ਲਾਬੀ ਮਜ਼ਬੂਤ ਹੋ ਰਹੀ ਹੈ। ਸਿੰਗਾਪੁਰ ਵਿੱਚ ਤਾਂ ਵਿਰੋਧੀ ਧਿਰ ਦਾ ਨੇਤਾ ਹੀ ਇੱਕ ਸਿੱਖ ਪਰਿਵਾਰ ਦਾ ਵਿਅਕਤੀ ਹੈ, ਸਿੰਗਾਪੁਰ ਦਾ ਚੀਫ਼ ਜਸਟਿਸ ਇੱਕ ਸਿੱਖ ਰਿਹਾ ਹੈ। ਕਈ ਪਾਰਲੀਮੈਂਟ ਮੈਂਬਰ ਵੀ ਰਹੇ, ਉਥੋਂ ਦੀ ਨੇਵੀ ਅਤੇ ਫ਼ੌਜ ਦੇ ਮੁਖੀ ਵੀ ਸਿੱਖ ਰਹੇ। ਅਮਰੀਕਾ ਵਿੱਚ ਵੀ ਸਿੱਖ ਲਾਬੀ ਮਜ਼ਬੂਤ ਹੋ ਰਹੀ ਹੈ। ਮਲੇਸ਼ੀਆ ਵਿੱਚ ਵੀ ਕਈ ਐਮ.ਪੀ. ਸਿੱਖ ਰਹੇ ਹਨ ਅਤੇ ਹੁਣ ਵੀ ਸਿੱਖਾਂ ਦੀ ਰਾਜਨੀਤਕ ਲਾਬੀ ਤਕੜੀ ਹੈ। ਯੂਗਾਂਡਾ ਵਿੱਚ ਸਿੱਖ ਚੰਗੀ ਪੁਜ਼ੀਸ਼ਨ ਵਿੱਚ ਰਹੇ ਹਨ। ਹੋਰ ਤਾਂ ਹੋਰ ਹੁਣੇ-ਹੁਣੇ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦਾ ਘੱਟ-ਗਿਣਤੀਆਂ ਦੇ ਮਾਮਲਿਆਂ ਸੰਬੰਧੀ ਇੱਕ ਵਜ਼ੀਰ ਰਮੇਸ਼ ਸਿੰਘ ਬਣਿਆ ਹੈ। ਅਫ਼ਗਾਨਿਸਤਾਨ ਦੀ ਪਾਰਲੀਮੈਂਟ ਵਿੱਚ ਸਿੱਖ ਮੈਂਬਰ ਰਹੇ ਹਨ। ਹੁਣ ਭਾਵੇਂ ਇਸ ਵੇਲੇ ਅਫ਼ਗਾਨਿਸਤਾਨ ਵਿੱਚ ਰਹਿੰਦੇ ਸਿੱਖਾਂ ਦੀ ਗਿਣਤੀ 100 ਵੀ ਨਹੀਂ ਰਹੀ ਪਰ ਉਥੋਂ ਦੀ ਅਫ਼ਗਾਨ ਹਕੂਮਤ ਵੱਲੋਂ ਸਿੱਖਾਂ ਨੂੰ ਵਾਪਸ ਬੁਲਾਉਣ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਚਰਚਾ ਹੈ ਕਿ ਕਿਸੇ ਸਿੱਖ ਨੂੰ ਪਾਰਲੀਮੈਂਟ ਮੈਂਬਰ ਨਾਮਜ਼ਦ ਕੀਤਾ ਜਾ ਸਕਦਾ ਹੈ। ਬੇਸ਼ੱਕ ਹੁਣੇ ਮੋਦੀ ਸਰਕਾਰ ਨੇ ਵੀ ਇੱਕ ਸਿੱਖ ਨੂੰ ਨਾਮਜ਼ਦ ਰਾਜ ਸਭਾ ਮੈਂਬਰ ਬਣਾਇਆ ਹੈ ਪਰ ਉਹ ਵੀ ਪੰਜਾਬ ਦਾ ਰਹਿਣ ਵਾਲਾ ਹੈ, ਗੱਲ ਤਾਂ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਦੀ ਦੇਸ਼ ਦੀ ਰਾਜਨੀਤੀ 'ਤੇ ਘਟਦੀ ਪਕੜ ਦੀ ਹੈ। ਸੋਚਣ ਵਾਲੀ ਗੱਲ ਹੈ ਕਿ ਕਰੋਨਾ ਸੰਕਟ ਤੇ ਹੋਰ ਕੁਦਰਤੀ ਬਿਪਤਾਵਾਂ ਤੋਂ ਬਾਅਦ ਸਿੱਖ ਸੇਵਾ ਤੇ ਲੋੜਵੰਦਾਂ ਦੀ ਮਦਦ ਕਰਕੇ ਵਿਸ਼ਵ ਦੀਆਂ ਸਰਕਾਰਾਂ ਦੀ ਪ੍ਰਸੰਸਾ ਖਟ ਰਹੇ ਹਨ ਤੇ ਵਿਸ਼ਵ ਭਰ ਦੀ ਰਾਜਨੀਤੀ ਵਿੱਚ ਤਾਂ ਇੱਕ ਤਾਕਤ ਵਜੋਂ ਉਭਰ ਰਹੇ ਹਨ। ਸੁਆਲ ਇਹ ਹੈ ਕਿ ਭਾਰਤ ਵਿੱਚ ਹੀ ਸਿੱਖ ਰਾਜਨੀਤੀ ਵਿੱਚ ਕਿਉਂ ਪੱਛੜ ਰਹੇ ਹਨ? ਅਸਲ ਗੱਲ ਇਹ ਹੈ ਕਿ ਸਿੱਖ ਉਥੋਂ ਦੀਆਂ ਸਥਿਤੀਆਂ ਮੁਤਾਬਿਕ ਰਾਜਨੀਤੀ ਅਪਣਾਉਂਦੇ ਰਹੇ ਹਨ ਪਰ 1984 ਤੋਂ ਬਾਅਦ ਸਿੱਖਾਂ ਦੀ (ਬਾਕੀ ਸਫ਼ਾ 30 'ਤੇ)

# ਭਾਰਤ ਦੇ ਸੈਨਿਕ ਸਕੂਲਾਂ ਦਾ ਹੋਇਆ ਭਗਵਾਂਕਰਨ

## ਭਾਜਪਾ ਦੇ ਨੇਤਾਵਾਂ ਨਾਲ ਜੁੜੇ ਵਿੱਦਿਅਕ ਸੰਗਠਨਾਂ ਦੇ 27 ਸੈਨਿਕ ਸਕੂਲਾਂ ਨੂੰ ਚਲਾਉਣ ਲਈ ਸਰਕਾਰੀ ਮਨਜ਼ੂਰੀ



ਪਿਛਲੇ ਦੋ ਸਾਲਾਂ ਵਿੱਚ, ਰਾਸ਼ਟਰੀ ਸਵੈਮ ਸੇਵਕ ਸੰਘ, ਹਿੰਦੂਤਵੀ ਸੰਗਠਨਾਂ ਜਾਂ ਭਾਰਤੀ ਜਨਤਾ ਪਾਰਟੀ ਦੇ ਨੇਤਾਵਾਂ ਨਾਲ ਜੁੜੇ ਵਿਦਿਅਕ ਸੰਗਠਨਾਂ ਦੁਆਰਾ 40 ਵਿੱਚੋਂ 27 ਸੈਨਿਕ ਸਕੂਲਾਂ ਨੂੰ ਚਲਾਉਣ ਲਈ ਮਨਜ਼ੂਰੀ ਦਿੱਤੀ ਗਈ ਹੈ। ਰਿਪੋਰਟਰਜ਼ ਕਲੈਕਟਿਵ (ਆਰ.ਸੀ.) ਵੱਲੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਜਾਣਕਾਰੀ ਦੇ ਵਿਸ਼ਲੇਸ਼ਣ ਤੋਂ ਇਹ ਹੈਰਾਨ ਕਰਨ ਵਾਲਾ ਖ਼ੁਲਾਸਾ ਸਾਹਮਣੇ ਆਇਆ ਹੈ।

2022 ਤੋਂ ਪਹਿਲਾਂ, ਸੈਨਿਕ ਸਕੂਲ ਕੇਂਦਰ ਅਤੇ ਰਾਜ ਸਰਕਾਰਾਂ ਦੁਆਰਾ ਸਾਂਝੇ ਤੌਰ 'ਤੇ ਚਲਾਏ ਜਾਂਦੇ ਸਨ। ਇਨ੍ਹਾਂ ਸੈਨਿਕ ਸਕੂਲਾਂ ਵਿੱਚੋਂ ਨਿਕਲਣ ਵਾਲੇ ਵਿਦਿਆਰਥੀ ਨੈਸ਼ਨਲ ਡਿਫੈਂਸ ਅਕੈਡਮੀ ਅਤੇ ਨੈਸ਼ਨਲ ਨੇਵਲ ਅਕੈਡਮੀ ਵਿੱਚ ਜਾਂਦੇ ਹਨ। ਇਹ ਸਕੂਲ ਰੱਖਿਆ ਮੰਤਰਾਲੇ ਦੇ ਅਧੀਨ ਇੱਕ ਖ਼ੁਦਮੁਖਤਿਆਰ ਸੰਸਥਾ ਸੈਨਿਕ ਸਕੂਲ ਕਮੇਟੀ ਦੁਆਰਾ ਚਲਾਏ ਜਾਂਦੇ ਹਨ। ਸਾਲ 2021 ਵਿੱਚ, ਕੇਂਦਰ ਨੇ ਨਿੱਜੀ ਸੰਸਥਾਵਾਂ ਨੂੰ ਕਮੇਟੀ ਦੇ ਸਹਿਯੋਗ ਨਾਲ ਸਕੂਲਾਂ ਦੀਆਂ ਆਪਣੀਆਂ ਸ਼ਾਖਾਵਾਂ ਖੋਲ੍ਹਣ ਅਤੇ ਆਪਣੇ ਅੰਸ਼ਕ ਵਿੱਤੀ ਯੋਗਦਾਨ ਨਾਲ ਚਲਾਉਣ ਦੀ ਇਜਾਜ਼ਤ ਦਿੱਤੀ। ਦੱਸਿਆ ਗਿਆ ਉਦੇਸ਼ ਨਵੀਂ ਸਿੱਖਿਆ ਨੀਤੀ ਤਹਿਤ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਦੇਸ਼ ਭਰ ਵਿੱਚ 100 ਨਵੇਂ ਸੈਨਿਕ ਸਕੂਲ ਖੋਲ੍ਹਣੇ ਸੀ। ਆਰਸੀ ਦੀ ਰਿਪੋਰਟ ਦੇ ਅਨੁਸਾਰ ਮਈ 2022 ਤੋਂ ਦਸੰਬਰ 23 ਦੇ ਵਿਚਾਲੇ 40 ਪ੍ਰਾਈਵੇਟ ਸੰਸਥਾਵਾਂ ਨੇ ਸੈਨਿਕ ਸਕੂਲ ਕਮੇਟੀਆਂ ਨਾਲ ਸਮਝੌਤਾ ਕੀਤਾ। ਉਨ੍ਹਾਂ ਵਿੱਚ 11 ਭਾਜਪਾ ਨੇਤਾਵਾਂ ਦੇ ਅਦਾਰੇ, 8 ਆਰ.ਐੱਸ.ਐੱਸ. ਅਤੇ 6 ਹੋਰ ਹਿੰਦੂਤਵਵਾਦੀ ਸੰਗਠਨਾਂ ਨਾਲ ਸੰਬੰਧਿਤ ਅਦਾਰੇ ਹਨ। ਉਦਾਹਰਨ ਵਜੋਂ ਦੋ ਸਕੂਲ ਰਿਤੰਭਰਾ ਕੇ ਸੰਵਿਦ ਗੁਰੂਕੁਲਮ ਗਰਲਸ ਸੈਨਿਕ ਸਕੂਲ (ਵਰੰਦਾਵਨ) ਅਤੇ ਰਾਜ ਲਕਸ਼ਮੀ ਸੰਵਿਦ ਗੁਰੂਕੁਲਮ (ਸੋਲਨ) ਹਨ। ਆਰ.ਐੱਸ.ਐੱਸ. ਦੀ ਸਿੱਖਿਆ ਸਾਖਾ ਵਿਦਿਆ ਭਾਰਤੀ ਅਖਿਲ ਭਾਰਤੀਯ ਸਿੱਖਿਆ ਸੰਸਥਾਨ ਨੂੰ ਸੱਤ ਸਕੂਲ ਦਿੱਤੇ ਗਏ। ਨਾਸਿਕ ਦੇ ਭੌਂਸਲਾ ਮਿਲਟਰੀ ਸਕੂਲ, ਜੋ ਕਿ 1937 ਵਿੱਚ ਆਰ.ਐੱਸ.ਐੱਸ. ਦੇ ਬੀ.ਐਸ. ਮੁੰਜੇ ਨੇ ਸਥਾਪਿਤ ਕੀਤਾ ਸੀ ਅਤੇ ਹੁਣ ਸੈਂਟਰਲ ਹਿੰਦੂ ਮਿਲਟਰੀ ਸਕੂਲ ਸੋਸਾਇਟੀ ਚਲਾਉਂਦੀ ਹੈ, ਨੂੰ ਵੀ ਇੱਕ ਸੈਨਿਕ ਸਕੂਲ ਵਜੋਂ ਕੰਮ ਕਰਨ ਦੀ ਆਗਿਆ ਦਿੱਤੀ ਗਈ ਹੈ। ਦੋਸ਼ ਹੈ ਕਿ 2006 ਦੇ ਨਾਂਦੇੜ ਬੰਬ ਕਾਂਡ ਅਤੇ 2008 ਦੇ ਮਾਲੇਗਾਓਂ ਬੰਬ ਹਮਲੇ ਦੇ ਦੋਸ਼ੀਆਂ ਨੇ ਇੱਥੋਂ ਸਿਖਲਾਈ ਮਿਲੀ ਸੀ।

ਕਾਂਗਰਸ ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਸਮੇਤ ਵਿਰੋਧੀ ਪਾਰਟੀਆਂ ਨੇ ਇਸ 'ਤੇ ਇਤਰਾਜ਼ ਪ੍ਰਗਟ ਕਰਦਿਆਂ ਇਸ ਨੀਤੀ ਨੂੰ ਤੁਰੰਤ ਵਾਪਸ ਲੈਣ ਲਈ ਕਿਹਾ ਹੈ। (ਬਾਕੀ ਸਫ਼ਾ 30 'ਤੇ)

# ਕੇਜਰੀਵਾਲ ਦੀ ਪਤਨੀ ਨੇ ਸੰਭਾਲੀ ਜ਼ਿੰਮੇਵਾਰੀ ਤੇ 'ਆਪ' 'ਚ ਖਿੱਚੋ-ਤਾਣ ਜਾਰੀ

## 10 ਰਾਜ ਸਭਾ ਮੈਂਬਰਾਂ ਵਿਚੋਂ ਕੋਈ ਵੀ ਕੇਜਰੀਵਾਲ ਦੇ ਸਮਰਥਨ ਵਿੱਚ ਸਾਹਮਣੇ ਨਹੀਂ ਆਇਆ



ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਜੇਲ੍ਹ ਜਾਂਦਿਆਂ ਹੀ ਉਨ੍ਹਾਂ ਦੀ ਪਾਰਟੀ ਅੰਦਰ ਨੇਤਾਵਾਂ ਵਿਚਕਾਰ ਖਿੱਚੋਤਾਣ ਸ਼ੁਰੂ ਹੋ ਗਈ ਹੈ। ਹਾਲਾਂਕਿ ਰਾਜ ਸਭਾ ਮੈਂਬਰ ਸੰਜੈ ਸਿੰਘ ਦੇ ਜੇਲ੍ਹ ਤੋਂ ਛੁੱਟ ਜਾਣ ਨਾਲ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਕੁਝ ਅਨੁਸ਼ਾਸਨ ਬਹਾਲ ਕਰਵਾਉਣਗੇ ਪਰ ਜੇਕਰ ਕੇਜਰੀਵਾਲ ਵਧੇਰੇ ਸਮੇਂ ਤਕ ਅੰਦਰ ਰਹੇ ਤਾਂ ਉਨ੍ਹਾਂ ਦੀ ਪਾਰਟੀ ਵਿੱਚ ਮੁਸ਼ਕਿਲਾਂ ਪੈਦਾ ਹੋ ਸਕਦੀਆਂ ਹਨ। ਆਤਿਸ਼ੀ ਦੀ ਸਰਗਰਮੀ ਕਈ ਨੇਤਾਵਾਂ ਨੂੰ ਰੜਕ ਰਹੀ ਹੈ। ਉਹ ਕੇਜਰੀਵਾਲ ਦੀ ਪਤਨੀ ਸੁਨੀਤਾ ਕੇਜਰੀਵਾਲ ਨਾਲ ਹਰ ਜਗ੍ਹਾ ਨਜ਼ਰ ਆ ਰਹੀ ਹੈ ਅਤੇ ਇੰਝ ਲੱਗ ਰਿਹਾ ਹੈ ਜਿਵੇਂ ਸੁਨੀਤਾ ਕੇਜਰੀਵਾਲ ਉਨ੍ਹਾਂ ਦੀ ਸਲਾਹ ਨਾਲ ਕੰਮ ਕਰ ਰਹੀ ਹੈ। ਇੱਕ ਹੋਰ ਮੰਤਰੀ ਸੌਰਭ ਭਾਰਦਵਾਜ ਸਾਹਮਣੇ (ਬਾਕੀ ਸਫ਼ਾ 30 'ਤੇ)

# ਕੰਟਰੋਲ ਰੇਖਾ ਨੂੰ ਲੈ ਕੇ ਭਾਰਤ ਤੇ ਚੀਨ 'ਚ ਵਿਵਾਦ ਵਧਣ ਦਾ ਖ਼ਦਸ਼ਾ

## ਮਾਮਲਾ ਚੀਨ ਵੱਲੋਂ 175 ਸਰਹੱਦੀ ਪਿੰਡ ਹੋਰ ਉਸਾਰਨ ਦੀ ਯੋਜਨਾ ਦਾ



ਚੀਨ ਵੱਲੋਂ 175 ਸਰਹੱਦੀ ਪਿੰਡ ਹੋਰ ਉਸਾਰਨ ਦੀ ਯੋਜਨਾ ਦੇ ਐਲਾਨ ਨਾਲ ਅਸਲ ਕੰਟਰੋਲ ਰੇਖਾ (ਐੱਲਏਸੀ) 'ਤੇ ਵਿਵਾਦ ਵਧਣ ਦਾ ਖ਼ਦਸ਼ਾ ਹੈ। ਇਹ ਪਿੰਡ ਉਨ੍ਹਾਂ 628 'ਸ਼ਿਆਓਕਾਂਗ' ਜਾਂ ਉੱਨਤ ਪਿੰਡਾਂ ਨਾਲੋਂ ਵੱਖਰੇ ਹਨ ਜੋ ਪਹਿਲਾਂ ਹੀ ਐੱਲਏਸੀ ਦੇ ਨਾਲ ਵਸਾਏ ਜਾ ਚੁੱਕੇ ਹਨ। ਇੱਕ ਵੱਡੀ ਯੋਜਨਾ ਤਹਿਤ ਚੀਨ ਅਸਲ ਕੰਟਰੋਲ ਰੇਖਾ ਦੇ ਨਾਲ ਲੱਗਦੇ ਖੇਤਰਾਂ ਵਿੱਚ 900 ਪਿੰਡਾਂ ਦਾ ਨਿਰਮਾਣ ਕਰ ਰਿਹਾ ਹੈ, ਜਿਨ੍ਹਾਂ ਵਿੱਚੋਂ 200 ਪਿੰਡ ਭਾਰਤੀ ਸਰਹੱਦ ਦੇ ਬਿਲਕੁਲ ਨੇੜੇ ਹਨ। ਚੀਨ ਭਾਰਤ ਨਾਲ ਟਕਰਾਅ ਦੀ ਸਥਿਤੀ ਵਿੱਚ ਇਨ੍ਹਾਂ ਪਿੰਡਾਂ ਨੂੰ ਨਿਗਰਾਨੀ ਬਿੰਦੂ ਅਤੇ ਸੰਭਾਵੀ ਫੌਜੀ ਠਿਕਾਣਿਆਂ ਵਜੋਂ ਵਰਤਣ ਦੀ ਯੋਜਨਾ ਬਣਾ ਰਿਹਾ ਹੈ। ਇਨ੍ਹਾਂ ਬੰਦੋਬਸਤਾਂ ਦਾ ਮਕਸਦ ਸਿਰਫ਼ ਫ਼ੌਜੀ ਉਦੇਸ਼ਾਂ ਲਈ ਨਹੀਂ ਹੈ, ਸਗੋਂ ਇਸ ਦੇ ਲੰਮੇ ਸਮੇਂ ਦੇ ਪ੍ਰਭਾਵ ਹਨ। ਇਨ੍ਹਾਂ ਪਿੰਡਾਂ ਦੇ ਦੋ ਮੰਤਵ ਹਨ: ਇੱਕ ਤਾਂ ਭਾਰਤੀ ਸੈਨਾ ਨਾਲ ਸੰਭਾਵੀ ਟਕਰਾਅ ਲਈ ਸੈਨਿਕ ਤਿਆਰੀਆਂ ਵਧਾਉਣਾ; ਦੂਜਾ ਇਲਾਕੇ 'ਤੇ ਆਪਣੇ ਦਾਅਵਿਆਂ ਨੂੰ ਮਜ਼ਬੂਤ ਕਰਨਾ। ਦਰਅਸਲ, ਭਾਰਤ ਨਾਲ ਬਾਰਡਰ ਡਿਫੈਂਸ ਕੋਆਪਰੇਸ਼ਨ ਐਗਰੀਮੈਂਟ (ਬੀਡੀਸੀਏ) 2005 ਦੇ ਤਹਿਤ ਚੀਨ ਐਲਏਸੀ ਦੇ ਨਾਲ ਇੱਕ ਮਜ਼ਬੂਤ ਫ਼ੌਜੀ ਸੁਰੱਖਿਆ ਬਣਾਉਣਾ ਚਾਹੁੰਦਾ ਹੈ। ਬੀਡੀਸੀਏ ਦੇ ਆਰਟੀਕਲ 8 ਵਿੱਚ ਕਿਹਾ ਗਿਆ ਹੈ ਕਿ ਦੋਵੇਂ ਧਿਰਾਂ ਸਰਹੱਦੀ ਖੇਤਰਾਂ ਵਿੱਚ ਵੱਸਦੀ ਆਬਾਦੀ ਦੇ ਜਾਇਜ਼ ਹਿੱਤਾਂ ਦੀ ਰੱਖਿਆ ਕਰਨਗੀਆਂ। ਸੂਤਰਾਂ ਅਨੁਸਾਰ ਇਸ ਵੇਲੇ ਭਾਰਤ ਅਤੇ ਚੀਨ ਦਰਮਿਆਨ ਸਰਹੱਦ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ ਅਤੇ ਜਦੋਂ ਵੀ ਸੀਮਾਬੰਦੀ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਇਸ ਵਸੋਂ ਨੂੰ ਹਟਾਉਣ ਦੀ ਕੋਈ ਸੰਭਾਵਨਾ ਨਹੀਂ ਹੋਵੇਗੀ। ਇਹੀ ਕਾਰਨ ਹੈ ਕਿ ਚੀਨ ਤੇਜ਼ੀ ਨਾਲ ਇਨ੍ਹਾਂ ਬਸਤੀਆਂ ਦਾ ਨਿਰਮਾਣ ਕਰ ਰਿਹਾ ਹੈ। ਅਰੁਣਾਚਲ ਪ੍ਰਦੇਸ਼ ਨਾਲ ਲੱਗਦੀ ਅਸਲ ਕੰਟਰੋਲ ਰੇਖਾ ਦੇ ਚੀਨ ਵਾਲੇ ਪਾਸੇ ਹੋਰ ਪਿੰਡ ਉੱਸਰ ਰਹੇ ਹਨ ਪਰ ਲੱਦਾਖ ਵਾਲੇ ਪਾਸੇ ਵਸਾਏ ਜਾ ਰਹੇ ਪਿੰਡਾਂ ਬਾਰੇ ਸਰਕਾਰ ਤੇ ਮੁਕਾਮੀ ਇਕਾਈਆਂ ਨੂੰ ਪਹਿਲਾਂ ਨਾਲੋਂ ਵੱਧ ਪ੍ਰਤੀਕਿਰਿਆ ਦੇਣ ਦੀ ਲੋੜ ਹੈ।

(ਬਾਕੀ ਸਫ਼ਾ 30 'ਤੇ)

# ਖ਼ਾਲਸਾ ਪੰਥ ਦੀ ਦੱਖਣ 'ਚ ਹੋਈ ਚੜ੍ਹਦੀਕਲਾ

## ਲੋਕ ਸਭਾ ਚੋਣ ਲਈ ਤਾਮਿਲਨਾਡੂ ਤੋਂ 7 ਅੰਮ੍ਰਿਤਧਾਰੀ ਸਿੱਖ ਉਮੀਦਵਾਰ ਮੈਦਾਨ ਵਿੱਚ !

### ਕਿਸਾਨ ਅੰਦੋਲਨ ਤੋਂ ਹੋਏ ਸਨ ਪ੍ਰਭਾਵਿਤ !

### ਜੇ ਦਲਿਤਾਂ ਨੇ ਦਲਿਤ ਨਹੀਂ ਰਹਿਣਾ ਤਾਂ ਸਿੱਖ ਧਰਮ ਅਪਨਾਉਣ : ਜੀਵਨ ਸਿੰਘ



ਸਿੱਖ ਧਰਮ ਦੇ ਪਰਿਭਾਸ਼ਿਤ ਪਹਿਲੂਆਂ ਵਿੱਚੋਂ ਇੱਕ ਵਿਸ਼ਵਵਿਆਪੀ ਭਾਈਚਾਰਾ ਹੈ ਅਤੇ ਪੰਜਾਬ ਵਿੱਚ ਇਸ ਦੀਆਂ ਜੜ੍ਹਾਂ ਰੱਖਣ ਵਾਲੇ ਇਸ ਪੰਥ ਵਿੱਚ ਤਾਮਿਲਨਾਡੂ ਦੇ ਭਰਾਵਾਂ ਅਤੇ ਭੈਣਾਂ ਦਾ ਇੱਕ ਜਥਾ ਸ਼ਾਮਲ ਹੋ ਗਿਆ ਹੈ। ਤੁਹਾਨੂੰ ਸੁਣ ਕੇ ਸ਼ਾਇਦ ਹੈਰਾਨੀ ਹੋਵੇਗੀ ਪਰ ਇਹ ਸੱਚ ਹੈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਵਾਰ ਤਾਮਿਲਨਾਡੂ ਤੋਂ 7 ਸਿੱਖ ਉਮੀਦਵਾਰ ਚੋਣ ਮੈਦਾਨ ਵਿੱਚ ਉਤਰ ਰਹੇ ਹਨ । ਦਿਲਚਸਪ ਗੱਲ ਇਹ ਹੈ ਕਿ ਇਹ ਸਾਰੇ ਉਮੀਦਵਾਰ, ਜੋ ਮੂਲ ਰੂਪ ਵਿੱਚ ਵੱਖ-ਵੱਖ ਧਰਮਾਂ ਨਾਲ ਸਬੰਧਿਤ ਸਨ। ਇਹ ਉਮੀਦਵਾਰ 2021 ਵਿੱਚ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਆਏ ਸਨ ਜਿਸ ਤੋਂ ਬਾਅਦ ਉਹ ਇੰਨੇ ਪ੍ਰਭਾਵਿਤ ਹੋਏ ਕਿ ਉਹ ਸਿੱਖੀ ਸਰੂਪ ਵਿੱਚ ਸੱਜ ਗਏ । ਹੁਣ ਉਹ ਬਹੁਜਨ ਦ੍ਰਾਵਿੜ ਪਾਰਟੀ ਵੱਲੋਂ ਤਾਮਿਲਨਾਡੂ ਤੋਂ ਆਪਣੀ ਦਾਅਵੇਦਾਰੀ ਪੇਸ਼ ਕਰਨਗੇ । ਖਾਸ ਗੱਲ ਇਹ ਹੈ ਕਿ ਸਾਰੇ ਅੰਮ੍ਰਿਤਧਾਰੀ ਸਿੰਘ ਹਨ । ਇਹ ਸਾਰੇ ਉਮੀਦਵਾਰ ਵੱਖ-ਵੱਖ ਧਰਮਾਂ ਨਾਲ ਸਬੰਧ ਰੱਖਦੇ ਸਨ,ਪਰ ਹੁਣ ਇਨ੍ਹਾਂ ਸਿੱਖ ਧਰਮ ਗ੍ਰਹਿਣ ਕਰ ਲਿਆ ਹੈ । ਸੱਤ ਉਮੀਦਵਾਰਾਂ ਵਿੱਚ ਤਿਰੂਨੇਲਵੇਲੀ ਹਲਕੇ ਤੋਂ ਚੋਣ ਲੜ ਰਹੇ ਸੇਲਵਾ ਕੁਮਾਰ ਉਰਫ਼ ਸੇਲਵਾ ਸਿੰਘ (27), ਵਿਰੁਧੁਨਗਰ ਤੋਂ ਕੋਰਕਾਈ ਪਲਾਨੀਸਾਮੀ ਸਿੰਘ (36), ਕੰਨਿਆਕੁਮਾਰੀ ਤੋਂ ਰਾਜਨ ਸਿੰਘ (60), ਟੇਨਕਸੀ ਤੋਂ ਸੀਤਾ ਕੌਰ (52), ਰਾਮਨਾਥਪੁਰਮ ਤੋਂ ਮਨੀਵਾਸਗਮ ਸਿੰਘ (46) ਹਨ। ਬੂਬੂਕੁਡੀ ਤੋਂ ਅਸੀਰੀਅਰ ਸ਼ਨਮੁਗਸੁੰਦਰਮ ਸਿੰਘ (37) ਅਤੇ ਮਦੁਰਾਈ ਹਲਕੇ ਤੋਂ ਨਾਗਾ ਵੰਸਾ ਪੰਡੀਅਨ ਸਿੰਘ (30)। ਤਿਰੂਨੇਲਵੇਲੀ ਦੇ ਉਮੀਦਵਾਰ ਨੂੰ 'ਸੱਤ ਕਿਰਨਾਂ ਵਾਲਾ ਪੈੱਨ ਨਿਬ' ਚਿੰਨ੍ਹ ਦਿੱਤਾ ਗਿਆ ਹੈ, ਜਦਕਿ ਬਾਕੀ ਉਮੀਦਵਾਰ 'ਹੀਰਾ' ਚਿੰਨ੍ਹ 'ਤੇ ਚੋਣ ਲੜਨਗੇ।

ਦ੍ਰਾਵਿੜ ਪਾਰਟੀ ਦੇ ਮੁਖੀ ਜੀਵਨ ਸਿੰਘ ਦਾ ਕਹਿਣਾ ਹੈ ਕਿ ਉਹ ਬੂਬੂਕੁਡੀ ਦੇ ਨਾਲ ਸਬੰਧਿਤ ਹਨ । ਉਨ੍ਹਾਂ ਦਾ ਮਕਸਦ ਹੈ ਕਿ ਸਿੱਖ ਧਰਮ ਦੇ ਜ਼ਰੀਏ ਜ਼ਮੀਨੀ ਪੱਧਰ 'ਤੇ ਸਮਾਜ ਵਿੱਚ ਤਬਦੀਲੀ ਲਿਆਉਣਾ ਹੈ । ਉਨ੍ਹਾਂ ਕਿਹਾ ਕਿ ਜੇ ਦਲਿਤਾਂ ਨੇ ਦਲਿਤ ਨਹੀਂ ਰਹਿਣਾ ਤਾਂ ਸਿੱਖ ਧਰਮ ਅਪਨਾਉਣ। ਇਹੀ ਮੁਕਤੀ ਦਾ ਧਰਮ ਹੈ । ਜੀਵਨ ਸਿੰਘ ਪਹਿਲਾਂ ਬੁਧ ਧਰਮ ਵਿੱਚ ਵਿਸ਼ਵਾਸ ਰੱਖਦੇ ਸਨ। ਪਰ ਜਿਸ ਤਰ੍ਹਾਂ ਸਿੱਖ ਧਰਮ ਵਿੱਚ ਜਾਤ-ਪਾਤ ਦੀ ਕੋਈ ਥਾਂ ਨਹੀਂ ਉਸ ਤੋਂ ਪ੍ਰਭਾਵਿਤ ਹੋ ਕੇ ਉਹ ਸਿੱਖ ਸੱਜੇ । ਜੀਵਨ ਸਿੰਘ ਨੇ 2019 ਵਿੱਚ ਬਹੁਜਨ ਦ੍ਰਾਵਿੜ ਪਾਰਟੀ ਦੀ ਸਥਾਪਨਾ ਕੀਤੀ ਸੀ ਇਸ ਤੋਂ ਪਹਿਲਾਂ ਉਹ ਬਸਪਾ ਨਾਲ ਸਨ। ਜੀਵਨ ਸਿੰਘ ਨੇ ਕਿਹਾ ਕਿ ਪਾਰਟੀ ਦਾ ਮੁੱਢਲਾ ਸਿਧਾਂਤ ਗੁਰੂ ਗਰੰਥ ਸਾਹਿਬ ਦੇ ਹੁਕਮ ਅਨੁਸਾਰ ਬੇਗਮਪੁਰਾ ਰਾਜ ਦੀ ਸਥਾਪਨਾ ਕਰਨਾ ਹੈ, ਜਿਸਦਾ ਪੰਜਾਬੀ ਵਿੱਚ ਅਰਥ ਹੈ ਵਿਤਕਰੇ ਤੋਂ ਮੁਕਤ ਆਜ਼ਾਦ ਰਾਜ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਐਸਸੀ/ਐਸਟੀ, ਓਬੀਸੀ, ਅਤੇ ਧਾਰਮਿਕ ਘੱਟ ਗਿਣਤੀਆਂ ਦੇ ਵਿਕਾਸ ਲਈ ਕੰਮ ਕਰਦੀ ਹੈ ਜੋ ਭਾਰਤ ਦੀ 95% ਆਬਾਦੀ ਹਨ। ਸੇਲਵਾ ਸਿੰਘ, ਜੋ ਕਿ ਬੂਬੂਕੁਡੀ ਦੇ ਚੈਕਰਕੁਡੀ ਦੇ ਰਹਿਣ ਵਾਲੇ ਹਨ, ਨੇ ਕਿਹਾ ਕਿ ਉਸਨੇ ਬੀਡੀਪੀ ਦੀ ਤਰਫੋਂ 16 ਮਾਰਚ, 2021 ਨੂੰ ਕਿਸਾਨ ਅੰਦੋਲਨ ਵਿੱਚ 100 ਪਰਾਈ ਸੰਗੀਤਕਾਰਾਂ ਦੇ ਨਾਲ ਹਿੱਸਾ ਲਿਆ ਸੀ ਅਤੇ ਪੰਜਾਬੀ ਸਿੱਖ ਕਿਸਾਨਾਂ ਦੇ ਮਜ਼ਬੂਤ ਅਤੇ ਇੱਕਜੁੱਟ ਵਿਰੋਧ ਤੋਂ ਪ੍ਰਭਾਵਿਤ ਹੋਇਆ ਸੀ ਤੇ ਉਨ੍ਹਾਂ ਦੇ ਠੋਸ ਯਤਨ ਅਤੇ ਲਗਨ ਨੇ ਮੈਨੂੰ ਸਿੱਖ ਧਰਮ ਵੱਲ ਆਕਰਸ਼ਿਤ ਕੀਤਾ। ਸੇਲਵਾ ਸਿੰਘ, ਜੋ ਹੁਣ ਉੱਤਰ ਪ੍ਰਦੇਸ਼ ਵਿੱਚ ਵਕੀਲ ਹਨ, ਨੇ ਕਿਹਾ, ਮੈਂ 15 ਮਾਰਚ, 2022 ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਧਰਮ ਗ੍ਰਹਿਣ ਕਰਨ ਤੋਂ ਪਹਿਲਾਂ ਸਿੱਖਾਂ ਦੇ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਰਨਾ ਸਿੱਖਿਆ ਹੈ। ਬੂਬੂਕੁਡੀ ਦੇ ਚੈਕਰਕੁਡੀ ਪਿੰਡ ਵਿੱਚ ਸੇਲਵਾ ਸਿੰਘ ਦੇ ਪਰਿਵਾਰਕ ਮੈਂਬਰ ਪੁਸ਼ਤੈਨੀ ਪੂਜਾ ਦਾ ਪਾਲਣ ਕਰਦੇ ਹਨ, ਪਰ ਉਸਨੇ ਪੇਰੀਆਰ ਦੇ ਸਿਧਾਂਤਾਂ ਨੂੰ ਸਵੀਕਾਰ ਕਰਨ ਤੋਂ ਬਾਅਦ ਬਹੁਤ ਸਮਾਂ ਪਹਿਲਾਂ ਪੁਸ਼ਤੈਨੀ ਪੂਜਾ ਨੂੰ ਤਿਆਗ ਦਿੱਤਾ ਸੀ।

ਬੂਬੂਕੁੜੀ ਦੇ ਉਮੀਦਵਾਰ ਅਸੀਰੀਅਰ ਸ਼ਨਮੁਗਸੁੰਦਰਮ ਸਿੰਘ ਨੇ ਦੱਸਿਆ ਕਿ ਸਿੱਖ ਧਰਮ ਨੂੰ ਅਪਣਾਉਣ ਦਾ ਮੇਰਾ ਅੰਤਮ ਉਦੇਸ਼ ਹਿੰਦੂ ਧਰਮ ਵਿੱਚ ਜਾਤੀ ਵਿਵਸਥਾ ਤੋਂ ਬਾਹਰ ਨਿਕਲਣਾ ਹੈ ਜੋ ਲੋਕਾਂ ਨੂੰ ਨੀਵੀਆਂ ਅਤੇ ਉੱਚ ਜਾਤੀਆਂ ਵਿੱਚ ਵੰਡਦਾ ਹੈ। ਸ਼ਨਮੁਗਸੁੰਦਰਮ, ਜੋ ਕਿ ਇੱਕ ਦਲਿਤ ਹੈ, ਨੇ ਕਿਹਾ ਕਿ ਉਹ ਸਿੱਖ ਧਰਮ ਨੂੰ ਅਪਣਾਉਣ ਤੋਂ ਬਾਅਦ ਤਾਕਤਵਰ ਮਹਿਸੂਸ ਕਰਦਾ ਹੈ ਅਤੇ ਆਪਣੀ ਹੀਣ ਭਾਵਨਾ ਤੋਂ ਬਾਹਰ ਆ ਗਿਆ ਹੈ। ਸ਼ਨਮੁਗਸੁੰਦਰਮ ਨੇ ਕਿਹਾ ਕਿ ਤਾਮਿਲਨਾਡੂ ਦੀਆਂ ਦ੍ਰਾਵਿੜ ਪਾਰਟੀਆਂ ਸਮਾਜਿਕ ਬੇਇਨਸਾਫੀ ਦੇ ਖ਼ਿਲਾਫ਼ ਖੜ੍ਹੀਆਂ ਹਨ, ਪਰ ਅਸੀਂ ਇੱਕ ਸਮਾਨਤਾਵਾਦੀ ਸਮਾਜ ਦੀ ਉਸਾਰੀ ਲਈ ਸਮਾਜਿਕ ਤਬਦੀਲੀ ਦੀ ਸ਼ੁਰੂਆਤ ਕਰਨ ਲਈ ਸਮਾਜਿਕ ਤਬਦੀਲੀ ਲਈ ਲੜਦੇ ਹਾਂ।

ਸੇਲਵਾ ਸਿੰਘ ਦੇ ਨਾਲ 15 ਮਾਰਚ, 2022 ਨੂੰ ਸਿੱਖ ਧਰਮ ਅਪਣਾਉਣ ਵਾਲੇ ਪਲਨੀਚਾਮੀ ਉਰਫ ਕੋਰਕਾਈ ਪਲਾਨੀ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਅੰਦੋਲਨ ਨੇ ਉਸ ਨੂੰ ਸਿੱਖ ਬਣਨ ਲਈ ਪ੍ਰਭਾਵਿਤ ਕੀਤਾ। ਉਨ੍ਹਾਂ ਕਿਹਾ ਕਿ ਮੈਂ ਸਤੰਬਰ 2021 ਵਿੱਚ ਬੀਡੀਪੀ ਦੀ 22 ਦਿਨਾਂ ਦੀ ਰੈਲੀ ਦੌਰਾਨ ਅੰਦੋਲਨ ਦੇਖਿਆ। ਮੈਂ ਸਿੱਖ ਕਿਸਾਨਾਂ ਦੀ ਲੀਡਰਸ਼ਿਪ ਦੀ ਪ੍ਰਸ਼ੰਸਾ ਕੀਤੀ। ਕਿਉਂਕਿ ਮੈਂ ਜਾਤੀ-ਅਧਾਰਤ ਵਿਤਕਰੇ ਦਾ ਸਾਹਮਣਾ ਕੀਤਾ ਸੀ, ਮੈਂ ਬਰਾਬਰੀ ਦੇ ਸਿੱਖ ਸਿਧਾਂਤ ਦੁਆਰਾ ਆਕਰਸ਼ਿਤ ਹੋਇਆ ਸੀ।

ਰਾਜਨ ਸਿੰਘ, ਐਮਟੀਸੀ ਦੇ ਇੱਕ ਸੇਵਾਮੁਕਤ ਕੰਡਕਟਰ ਅਤੇ ਤਿਰੂਨੇਲਵੇਲੀ ਦੀ ਉਸਦੀ ਪਤਨੀ ਸੀਤਾ ਕੌਰ, ਦੋਵੇਂ ਇੱਕ ਐਸਸੀ ਭਾਈਚਾਰੇ ਤੋਂ ਹਨ, ਨੇ ਕ੍ਰਮਵਾਰ 2022 ਅਤੇ 2023 ਵਿੱਚ ਸਿੱਖ ਵਜੋਂ ਅੰਮ੍ਰਿਤ ਛਕਿਆ। ਸੀਤਾ ਕੌਰ ਨੇ ਦੱਸਿਆ, ਮੈਂ ਪੱਗ ਬੰਨ੍ਹੀ ਅਤੇ ਅੰਧਵਿਸ਼ਵਾਸਾਂ ਤੋਂ ਦੂਰ ਰਹਿਣ ਦੀ ਸਹੁੰ ਚੁੱਕੀ।




## ਦਰਬਾਰ ਸਾਹਿਬ ਵਿੱਚ ਬੇਰੀਆਂ ਦੀ ਸੰਭਾਲ ਲਈ ਹੋ ਰਹੇ ਨੇ ਉਪਰਾਲੇ

### ਪਿਛਲੇ 18 ਸਾਲਾਂ ਤੋਂ ਪੀ.ਏ.ਯੂ. ਦੀ ਟੀਮ ਕਰ ਰਹੀ ਹੈ ਬੇਰੀਆਂ ਦੀ ਦੇਖਭਾਲ



ਅੰਮ੍ਰਿਤਸਰ/ਏ.ਟੀ.ਨਿਊਜ਼: ਦਰਬਾਰ ਸਾਹਿਬ ਵਿਖੇ ਸਥਿਤ ਇਤਿਹਾਸਕ ਬੇਰੀਆਂ ਸ੍ਰੀ ਦੁੱਖ ਭੰਜਨੀ ਬੇਰੀ, ਬੇਰ ਬਾਬਾ ਬੁੱਢਾ ਸਾਹਿਬ ਅਤੇ ਸ੍ਰੀ ਲਾਚੀ ਬੇਰੀ ਦੀ ਪਿਛਲੇ 18 ਸਾਲਾਂ ਤੋਂ ਪੀ.ਏ.ਯੂ. ਲੁਧਿਆਣਾ ਵੱਲੋਂ ਮਾਹਿਰਾਂ ਦੀ ਟੀਮ ਸੰਭਾਲ ਕਰ ਰਹੀ ਹੈ। ਪੀ.ਏ.ਯੂ. ਦੀ ਟੀਮ ਵੱਲੋਂ ਮਾਹਿਰ ਡਾਕਟਰ ਬੇਰੀਆਂ ਦੇ ਨਿਰੀਖਣ ਅਤੇ ਸਾਂਭ ਸੰਭਾਲ ਲਈ ਵੱਖ ਵੱਖ ਸਮੇਂ 'ਤੇ ਛਿੜਕਾਓ ਅਤੇ ਕਾਂਟ-ਛਾਂਟ ਕਰਦੇ ਹਨ। ਇਸੇ ਸੰਦਰਭ 'ਚ ਪੀ.ਏ.ਯੂ.ਦੀ ਟੀਮ ਨੇ ਉਪਰੋਕਤ ਬੇਰੀਆਂ ਦੀ ਸਾਂਭ ਕਰਦਿਆ ਕਾਂਟ-ਛਾਂਟ ਕਰ ਕੇ ਵਾਧੂ ਟਹਿਣੀਆਂ ਨੂੰ ਕੱਟਿਆ। ਮਾਹਿਰਾਂ ਵੱਲੋਂ ਸਾਲ ਵਿੱਚ ਛੇ ਵਾਰ ਇਨ੍ਹਾਂ ਬੇਰੀਆਂ ਦੀ ਸੰਭਾਲ ਕਰਦਿਆਂ ਕਾਂਟ-ਛਾਂਟ ਅਤੇ ਕੀੜਿਆਂ ਤੋਂ ਬਚਾਅ ਲਈ ਸਪਰੇਅ ਕੀਤਾ ਜਾਂਦਾ ਹੈ। ਬੇਰੀਆਂ ਸਬੰਧੀ ਸਮੇਂ-ਸਮੇਂ ਸਿਰ ਰਿਪੋਰਟ ਵੀ ਸ਼੍ਰੋਮਣੀ ਕਮੇਟੀ ਨੂੰ ਸੌਂਪੀ ਜਾਂਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਤਿਹਾਸਿਕ ਬੇਰੀਆਂ ਦੀ ਸੰਭਾਲ ਦੀ ਜ਼ਿੰਮੇਵਾਰੀ ਪੀ.ਏ.ਯੂ. ਲੁਧਿਆਣਾ ਨੂੰ 2006 ਵਿੱਚ ਸੌਂਪੀ ਗਈ ਸੀ।

ਉਪਰੋਕਤ ਬੇਰੀਆਂ ਤਕਰੀਬਨ 700 ਸਾਲ ਪੁਰਾਣੀਆਂ ਮੰਨੀਆਂ ਜਾਂਦੀਆਂ ਹਨ।

## ਉਤਰਾਖੰਡ ਤੋਂ ਵੀਲ੍ਹਚੇਅਰ 'ਤੇ 620 ਕਿਲੋਮੀਟਰ ਦਾ ਸ.ਫਰ ਤੈਅ ਕਰਕੇ ਹਰਿਮੰਦਰ ਸਾਹਿਬ ਪਹੁੰਚਿਆ ਗੁਰੂ ਦਾ ਸਿੱਖ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨਾ ਹਰ ਸਿੱਖ ਦਾ ਸੁਪਨਾ ਹੁੰਦਾ ਹੈ ਅਤੇ ਹਰਿਮੰਦਰ ਸਾਹਿਬ ਇੱਕ ਅਜਿਹਾ ਸਥਾਨ ਹੈ ਜਿੱਥੇ ਦੇਸ਼-ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਦਰਸ਼ਨ ਕਰਨ ਆਉਂਦੇ ਹਨ ਪਰ ਬੀਤੇ ਦਿਨ ਗੁਰੂ ਸਾਹਿਬ ਦਾ ਇੱਕ ਸ਼ਰਧਾਲੂ ਵ੍ਹੀਲ ਚੇਅਰ 'ਤੇ ਮੱਥਾ ਟੇਕਣ ਆਇਆ। ਉਹ ਵ੍ਹੀਲਚੇਅਰ 'ਤੇ 620 ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਰਸਤੇ ਵਿੱਚ ਹਰ ਗੁਰਦੁਆਰਾ ਸਾਹਿਬ ਵਿੱਚ ਰੁਕਿਆ।

ਉੱਤਰਾਖੰਡ ਦੇ ਬਾਜਪੁਰ ਜ਼ਿਲ੍ਹੇ ਦੇ ਪਿੰਡ ਰੈਂਡੀ ਦੇ ਗੁਰਦੁਆਰਾ ਸਾਹਿਬ ਵਿਖੇ ਸੇਵਾ ਨਿਭਾਅ ਰਹੇ ਮੱਖਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਮਨ ਵਿੱਚ ਸ੍ਰੀ ਹਰਿਮੰਦਰ ਸਾਹਿਬ ਵਿੱਚ ਗੁਰੂ ਸਾਹਿਬਾਨ ਦੇ ਦਰਸ਼ਨ ਕਰਨ ਦੀ ਬਹੁਤ ਇੱਛਾ ਸੀ। ਉਹ ਕਈ ਸਾਲਾਂ ਤੋਂ ਇਸ ਦੀ ਵਿਉਂਤਬੰਦੀ ਕਰ ਰਿਹਾ ਸੀ ਪਰ ਜਦੋਂ ਉਸ ਨੂੰ ਲੱਗਾ ਕਿ ਹੁਣ ਉਸ ਨੂੰ ਦਰਸ਼ਨ ਕਰਨੇ ਪੈਣਗੇ ਤਾਂ ਉਹ ਆਪਣੀ ਵ੍ਹੀਲਚੇਅਰ 'ਤੇ ਬੈਠ ਗਿਆ। ਉਨ੍ਹਾਂ ਦੇ ਪਿੰਡ ਲਬਾਣਾ ਸ਼ਾਹ ਤੋਂ ਅੰਮ੍ਰਿਤਸਰ ਤੱਕ ਦਾ ਰਸਤਾ 620 ਕਿਲੋਮੀਟਰ ਤੋਂ ਵੱਧ ਦਾ ਹੈ ਪਰ ਉਹ ਘਬਰਾਇਆ ਨਹੀਂ ਅਤੇ ਵਾਹਿਗੁਰੂ ਦਾ ਨਾਮ ਲੈ ਕੇ ਤੁਰ ਪਿਆ।



ਮੱਖਣ ਸਿੰਘ ਨੇ ਦੱਸਿਆ ਕਿ ਉਸ ਨੇ 21 ਮਾਰਚ ਨੂੰ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕ ਕੇ ਆਪਣੀ ਯਾਤਰਾ ਸ਼ੁਰੂ ਕੀਤੀ ਸੀ। ਉਸ ਨੂੰ ਇੱਥੇ ਪਹੁੰਚਣ ਲਈ 14 ਦਿਨ ਲੱਗ ਗਏ। ਫਿਰ ਜਦੋਂ ਵੀ ਰਸਤੇ ਵਿੱਚ ਰਾਤ ਪੈ ਜਾਂਦੀ ਤਾਂ ਉਹ ਕਿਸੇ ਨਾ ਕਿਸੇ ਗੁਰਦੁਆਰਾ ਸਾਹਿਬ ਠਹਿਰਦੇ ਸਨ। ਉਸ ਦੀ ਯਾਤਰਾ ਬਾਰੇ ਜਾਣ ਕੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਉਸ ਦੀ ਬਹੁਤ ਮਦਦ ਕੀਤੀ।

ਮੱਖਣ ਨੇ ਦੱਸਿਆ ਕਿ ਭਾਵੇਂ ਉਸ ਦਾ ਸਫ਼ਰ ਬਹੁਤ ਵਧੀਆ ਰਿਹਾ ਪਰ ਉਸ ਨੂੰ ਪੁਲ 'ਤੇ ਚੜ੍ਹਨ ਲਈ ਮਦਦ ਦੀ ਲੋੜ ਸੀ। ਇਸ ਦੇ ਲਈ ਵੀ ਹਰ ਵਾਰ ਕੋਈ ਸਹਾਇਕ ਆ ਕੇ ਉਸ ਦੀ ਸੜਕ ਪਾਰ ਕਰਨ ਵਿੱਚ ਮਦਦ ਕਰਦਾ ਸੀ। ਉਸ ਨੇ ਦੱਸਿਆ ਕਿ ਉਹ ਬਚਪਨ ਤੋਂ ਹੀ ਅਪਾਹਜ ਹੈ ਅਤੇ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸੇਵਾ ਕਰਦਾ ਹੈ। ਉਹੀ ਉਸਦਾ ਘਰ ਹੈ। ਮੱਖਣ ਨੇ ਦੱਸਿਆ ਕਿ ਕਈ ਵਾਰ ਉਸ ਨੂੰ ਲੱਗਾ ਕਿ ਉਹ ਨਹੀਂ ਪਹੁੰਚ ਸਕੇਗਾ ਪਰ ਫਿਰ ਇੱਕ ਨਵੀਂ ਊਰਜਾ ਉਸ ਨੂੰ ਹਿੰਮਤ ਦੇਵੇਗੀ ਅਤੇ ਉਹ ਰਵਾਨਾ ਹੋ ਜਾਵੇਗਾ। ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਉਸ ਦੀ ਸਾਰੀ ਥਕਾਵਟ ਦੂਰ ਹੋ ਗਈ ਹੈ ਅਤੇ ਉਹ ਉਤਸ਼ਾਹ ਨਾਲ ਭਰ ਗਿਆ ਹੈ।

## ਮਾਹੌਲ ਵਿੱਚ ਤਲਖੀ ਪੈਦਾ ਕਰਨ ਤੋਂ ਕੀਤਾ ਜਾਵੇ ਗੁਰੇਜ਼ : ਜਥੇਦਾਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ ਸਮੇਤ ਪਰਿਵਾਰਕ ਮੈਂਬਰਾਂ ਨੂੰ ਪੁਲਿਸ ਦੁਆਰਾ ਹਿਰਾਸਤ ਵਿੱਚ ਲੈਣ ਦੀ ਕਾਰਵਾਈ 'ਤੇ ਸਰਕਾਰ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਆਖਿਆ ਹੈ ਕਿ ਬਿਨਾਂ ਵਜ੍ਹਾ ਤੋਂ ਮਾਹੌਲ ਵਿੱਚ ਤਲਖੀ ਪੈਦਾ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੂੰ ਸਰਕਾਰ ਵੱਲੋਂ ਐਨ.ਐਸ.ਏ. ਲਗਾ ਕੇ ਪੰਜਾਬ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਕਰਨ ਦੇ ਖ਼ਿਲਾਫ਼ ਉਨ੍ਹਾਂ ਦੇ ਪਰਿਵਾਰਾਂ ਵੱਲੋਂ

(ਬਾਕੀ ਸਫ਼ਾ 31 'ਤੇ)

# ਪਾਰਟੀ ਟਿਕਟਾਂ ਦੀ ਵੰਡ ਨੂੰ ਲੈ ਕੇ ਕਾਂਗਰਸ ਤੇ ਅਕਾਲੀ ਦਲ ਦੇ ਨੇਤਾ ਬਗਾਵਤ ਦੇ ਮੂਡ ਵਿੱਚ

- ਮਲੂਕਾ ਦਾ ਪਰਿਵਾਰ ਵੀ ਅਕਾਲੀ ਦਲ ਤੋਂ ਖੁੱਲੇਆਮ ਬ਼ਗਾਵਤ ਦੇ ਰੌਂਅ ਵਿੱਚ
- ਚੰਦੂਮਾਜਰਾ ਅਕਾਲੀ ਦਲ ਦਾ ਭਾਜਪਾ ਦੀਆਂ ਸ਼ਰਤਾਂ ਉੱਪਰ ਚਾਹੁੰਦੇ ਨੇ ਸਮਝੌਤਾ
- ਗੱਠਜੋੜਾਂ ਦੀ ਸਿਆਸਤ ਖ਼ਤਮ ਹੋਣ ਕਾਰਨ ਚਾਰਕੋਣੀ ਜਾਂ ਪੰਜਕੋਣੀ ਮੁਕਾਬਲੇ ਹੋਣਗੇ

ਚੰਡੀਗੜ੍ਹ/ਏ.ਟੀ.ਨਿਊਜ਼ : ਲੋਕ ਸਭਾ ਚੋਣਾਂ ਲਈ ਭਾਜਪਾ ਤੇ ਆਮ ਆਦਮੀ ਪਾਰਟੀ ਵੱਲੋਂ ਆਪਣੇ ਕਾਫ਼ੀ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰ ਦਿੱਤੇ ਗਏ ਹਨ, ਪਰ ਪੰਜਾਬ ਦੀਆਂ ਦੋ ਹੋਰ ਪ੍ਰਮੁੱਖ ਪਾਰਟੀਆਂ ਕਾਂਗਰਸ ਤੇ ਅਕਾਲੀ ਦਲ ਟਿਕਟਾਂ ਦੀ ਵੰਡ ਨੂੰ ਲੈ ਕੇ ਗੁੰਝਲਦਾਰ ਸਥਿਤੀ ਵਿੱਚ ਫਸੀਆਂ ਹੋਈਆਂ ਹਨ ਅਤੇ ਦੋਵਾਂ ਪਾਰਟੀਆਂ ਨੂੰ ਟਿਕਟਾਂ ਦੀ ਦਾਅਵੇਦਾਰੀਆਂ ਨੂੰ ਲੈ ਕੇ ਤਿੱਖੇ ਅੰਦਰੂਨੀ ਟਕਰਾਅ ਦਾ ਮੁਕਾਬਲਾ ਕਰਨਾ ਪੈ ਰਿਹਾ ਹੈ ।ਕਾਂਗਰਸ ਵੱਲੋਂ ਆਪਣੇ ਮੌਜੂਦਾ ਸੰਸਦ ਮੈਂਬਰਾਂ ਅਤੇ ਮਗਰਲੀਆਂ ਚੋਣਾਂ ਵਿੱਚ ਰੱਖੇ ਗਏ ਉਮੀਦਵਾਰਾਂ ਦੀ ਅੱਜ ਦੀ ਸਥਿਤੀ ਤੇ ਲੋਕਪ੍ਰਿਯਤਾ ਸੰਬੰਧੀ ਵੀ ਸਰਵੇ ਕਰਵਾਏ ਗਏ, ਨੂੰ ਕੁਝ ਮੌਜੂਦਾ ਉਮੀਦਵਾਰ ਤਬਦੀਲ ਕਰਨ ਅਤੇ ਕੁਝ ਵੱਡੇ ਨਾਮੀ ਲੀਡਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਨ ਦੀ ਸਿਫਾਰਸ਼ ਕੀਤੀ ਗਈ ਸੀ, ਲੇਕਿਨ ਪਾਰਟੀ ਨੂੰ ਮੌਜੂਦਾ ਸਾਂਸਦਾਂ ਵੱਲੋਂ ਟਿਕਟਾਂ ਦੀ ਤਬਦੀਲੀ ਲਈ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਪਤਾ ਲਗਾ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਭਾਰੀ ਦਵੇਂਦਰ ਯਾਦਵ ਤੇ ਸੂਬਾ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਨਵੀਂ ਲਿਸਟ ਤਿਆਰ ਕਰ ਲਈ ਹੈ।ਸੂਬੇ ਵਿੱਚ ਲੋਕਸਭਾ ਦੀਆਂ 6 ਅਜਿਹੀਆਂ ਸੀਟਾਂ ਹਨ ਜਿੱਥੇ ਕਾਂਗਰਸ ਦੇ 3-3 ਉਮੀਦਵਾਰ ਦਾਅਵੇਦਾਰੀ ਪੇਸ਼ ਕਰ ਰਹੇ ਹਨ । ਇਹ ਸੀਟਾਂ ਹਨ ਅੰਮ੍ਰਿਤਸਰ, ਬਠਿੰਡਾ, ਸ਼੍ਰੀ ਅਨੰਦਪੁਰ ਸਾਹਿਬ, ਜਲੰਧਰ, ਲੁਧਿਆਣਾ, ਸੰਗਰੂਰ । ਹਾਲਾਂਕਿ ਪਾਰਟੀ ਹਾਈਕਮਾਨ ਮੌਜੂਦਾ 5 ਸੰਸਦ ਮੈਂਬਰਾਂ ਨੂੰ ਟਿਕਟ ਦੇਣ ਦਾ ਮਨ ਬਣਾ ਰਹੀ ਹੈ।ਅੰਮ੍ਰਿਤਸਰ ਤੋਂ ਸਾਬਕਾ ਡਿਪਟੀ ਸੀ.ਐਮ. ਸੋਨੀ ਅੰਮ੍ਰਿਤਸਰ ਤੋਂ ਆਪਣਾ ਦਾਅਵਾ ਪੇਸ਼ ਕਰ ਰਹੇ ਹਨ । ਹਾਲਾਂਕਿ ਅੰਮ੍ਰਿਤਸਰ ਤੋਂ ਗੁਰਜੀਤ ਸਿੰਘ ਔਜਲਾ ਮੌਜੂਦਾ ਸੰਸਦ ਮੈਂਬਰ ਹਨ। ਔਜਲਾ ਲਗਾਤਾਰ ਦੋ ਵਾਰ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਚੁਣੇ ਗਏ ਹਨ।ਜਲੰਧਰ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾਅਵੇਦਾਰੀ ਪੇਸ਼ ਕਰ ਰਹੇ ਹਨ । ਚੋਣ ਲੜਨ ਦੇ ਲਈ ਚੰਨੀ ਨੇ ਜਲੰਧਰ ਵਿੱਚ ਘਰ ਵੀ ਕਿਰਾਏ 'ਤੇ ਲੈ ਲਿਆ ਹੈ । ਜਿਸ ਤੋਂ ਬਾਅਦ ਚੌਧਰੀ ਪਰਿਵਾਰ ਨਾਖੁਸ਼ ਹੈ। ਬੀਤੇ ਦਿਨੀਂ ਸੰਤੋਖ ਚੌਧਰੀ ਦੇ ਪੁੱਤਰ ਵਿਧਾਇਕ ਵਿਕਰਮ ਚੌਧਰੀ ਨੇ ਵੀ ਚੀਫ਼ ਵੀਪੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਤੇ ਕਨਸੋਆਂ ਹਨ ਕਿ ਉਹ ਆਪ ਵਿੱਚ ਜਾਣ ਦੀ ਤਿਆਰੀ ਵਿੱਚ ਹੈ। ਚੌਧਰੀ ਪਰਿਵਾਰ ਦਾ ਅਗਲਾ ਕਦਮ ਹੁਣ ਕਾਂਗਰਸ ਨੂੰ ਸਿੱਧਾ ਨੁਕਸਾਨ ਪਹੁੰਚਾ ਸਕਦਾ ਹੈ।

ਬਠਿੰਡਾ ਵਿੱਚ ਵੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਆਪਣੀ ਪਤਨੀ ਅੰਮ੍ਰਿਤਾ ਵੜਿੰਗ ਦੀ ਦਾਅਵੇਦਾਰੀ ਪੇਸ਼ ਕਰ ਚੁੱਕੇ ਹਨ। ਉਧਰ ਪਾਰਟੀ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੂੰ ਉਮੀਦਵਾਰ ਬਣਾਉਣ ਦੇ ਹੱਕ ਵਿੱਚ ਹੈ ।ਸ਼੍ਰੀ ਅਨੰਦਪੁਰ ਸਾਹਿਬ ਤੋਂ ਮੌਜੂਦਾ ਸੰਸਦ ਮਨੀਸ਼ ਤਿਵਾੜੀ ਟਿਕਟ ਦੇ ਮੁੱਖ ਦਾਅਵੇਦਾਰ ਹਨ। ਇੱਥੋਂ ਵਿਧਾਇਕ ਰਾਣਾ ਗੁਰਜੀਤ ਸਿੰਘ ਤੇ ਸਾਬਕਾ ਮੰਤਰੀ ਬਲਬੀਰ ਸਿੰਘ ਸਿੱਧੂ ਵੀ ਮੁੱਖ ਦਾਅਵੇਦਾਰ ਹਨ।ਸੰਗਰੂਰ ਹਲਕੇ ਤੋਂ ਸਾਬਕਾ ਐਮਪੀ ਵਿਜੇ ਇੰਦਰ ਸਿੰਘਲਾ, ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਅਤੇ ਸੁਖਪਾਲ ਸਿੰਘ ਖਹਿਰਾ ਦਾਅਵੇਦਾਰੀ ਪੇਸ਼ ਕਰ ਰਹੇ ਹਨ। ਲੁਧਿਆਣਾ ਤੋਂ ਸਾਬਕਾ ਕੈਬਨਿਟ ਮੰਤਰੀ ਭਾਰਤ ਭੂਸ਼ਣ ਆਸ਼ੂ, ਸਾਬਕਾ ਵਿਧਾਇਕ ਸੰਜੇ ਤਲਵਾਰ ਦੇ ਨਾਲ ਸਿਮਰਜੀਤ ਸਿੰਘ ਬੈਂਸ ਟਿਕਟ ਦੀ ਰੇਸ ਵਿੱਚ ਹਨ।



ਪਾਰਟੀ ਹਾਈਕਮਾਨ ਵੱਲੋਂ ਪਟਿਆਲਾ ਸੀਟ ਤੋਂ ਉਮੀਦਵਾਰ ਬਣਾਉਣ ਲਈ ਸਾਬਕਾ ਐਮ.ਪੀ. ਡਾ. ਧਰਮਵੀਰ ਗਾਂਧੀ ਨੂੰ ਖ਼ੁਦ ਕਾਂਗਰਸ ਵਿੱਚ ਸ਼ਾਮਿਲ ਕਰਵਾਇਆ ਗਿਆ ਹੈ, ਲੇਕਿਨ ਪ੍ਰਦੇਸ਼ ਕਾਂਗਰਸ ਦੇ ਸਾਬਕਾ ਪ੍ਰਧਾਨ ਲਾਲ ਸਿੰਘ ਦਾ ਧੜਾ ਕਿਸੇ ਸਥਾਨਕ ਟਕਸਾਲੀ ਕਾਂਗਰਸੀ ਆਗੂ ਨੂੰ ਪਾਰਟੀ ਉਮੀਦਵਾਰ ਬਣਾਉਣ ਲਈ ਮੰਗ ਕਰ ਰਿਹਾ ਹੈ । ਖਡੂਰ ਸਾਹਿਬ ਹਲਕੇ ਤੋਂ ਮੌਜੂਦਾ ਸੰਸਦ ਮੈਂਬਰ ਜਸਬੀਰ ਸਿੰਘ ਗਿੱਲ (ਡਿੰਪਾ) ਦੀ ਟਿਕਟ ਸੰਬੰਧੀ ਵੀ ਸਥਿਤੀ ਸਪਸ਼ਟ ਨਹੀਂ। ਪੰਜਾਬ ਤੇ ਕਾਂਗਰਸ ਦੇ ਮੌਜੂਦਾ ਸਾਂਸਦ ਆਪਣੀਆਂ ਟਿਕਟਾਂ ਬਦਲਣ ਦਾ ਵਿਰੋਧ ਕਰਨ ਲਈ ਕਾਂਗਰਸ ਦੀ ਕੌਮੀ ਪ੍ਰਧਾਨ ਸੋਨੀਆ ਗਾਂਧੀ ਨਾਲ ਵੀ ਮੁਲਾਕਾਤ ਕਰਨ ਗਏ ਸਨ ।ਪਰ ਕਾਂਗਰਸ ਹਾਈਕਮਾਨ ਲਈ ਸੂਬੇ ਵਿੱਚ ਪਾਰਟੀ ਟਿਕਟਾਂ ਸੰਬੰਧੀ ਉਲਝੀ ਸਥਿਤੀ ਦੇ ਲਗਾਤਾਰ ਗੰਭੀਰ ਰੂਪ ਧਾਰਨ ਕਰਨ ਕਾਰਨ ਇਸ ਨੂੰ ਸੁਲਝਾਉਣਾ ਕਾਫ਼ੀ ਮੁਸ਼ਕਿਲ ਹੋ ਰਿਹਾ ਹੈ ।

ਇਸੇ ਤਰ੍ਹਾਂ ਅਕਾਲੀ ਦਲ ਜਿਸ ਨੂੰ ਪਹਿਲਾਂ ਪਾਰਟੀ ਉਮੀਦਵਾਰ ਲੱਭਣ ਵਿੱਚ ਮੁਸ਼ਕਿਲ ਆ ਰਹੀ ਸੀ, ਨੂੰ ਵੀ ਹੁਣ ਕਈ ਹਲਕਿਆਂ ਵਿਚੋਂ ਅੰਦਰੂਨੀ ਵਿਰੋਧ ਤੇ ਟਕਰਾਅ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਪਾਰਟੀ ਦੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਜੋ ਕਿ ਸ੍ਰੀ ਆਨੰਦਪੁਰ ਸਾਹਿਬ ਹਲਕੇ ਤੋਂ ਪਾਰਟੀ ਉਮੀਦਵਾਰ ਬਣਨਾ ਚਾਹੁੰਦੇ ਹਨ, ਨੂੰ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਤੋਂ ਤਿੱਖੀ ਟੱਕਰ ਮਿਲ ਰਹੀ ਹੈ। ਪਾਰਟੀ ਵਿੱਚ ਚਰਚਾ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਅਕਾਲੀ ਦਲ ਤੇ ਕਾਂਗਰਸ ਵਿਚਲੇ ਆਪਣੇ ਸੈੱਲਾਂ ਨੂੰ ਵਰਤ ਕੇ ਇਨ੍ਹਾਂ ਦੋਵਾਂ ਪਾਰਟੀਆਂ ਵੱਲੋਂ ਪਟਿਆਲਾ ਵਿਖੇ ਕਮਜ਼ੋਰ ਉਮੀਦਵਾਰ ਚਾਹੁੰਦੇ ਹਨ। ਅਕਾਲੀ ਦਲ ਵੱਲੋਂ ਹੁਣ ਐਨ.ਕੇ. ਸ਼ਰਮਾ ਨੂੰ ਪਾਰਟੀ ਉਮੀਦਵਾਰ ਰੱਖਣ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ। ਇਸੇ ਤਰ੍ਹਾਂ ਸੰਗਰੂਰ ਸੀਟ ਤੋਂ ਅਕਾਲੀ ਦਲ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਉਮੀਦਵਾਰ ਰੱਖਣਾ ਚਾਹੁੰਦਾ ਹੈ, ਜਦੋਂਕਿ ਹਲਕੇ ਦੇ ਇੱਕ ਹੋਰ ਟਕਸਾਲੀ ਆਗੂ ਇਕਬਾਲ ਸਿੰਘ ਝੂੰਦਾਂ ਵੱਲੋਂ ਵੀ ਟਿਕਟ ਲਈ ਆਪਣੀ ਦਾਅਵੇਦਾਰੀ ਠੋਕ ਦਿੱਤੀ ਗਈ ਹੈ। ਸੂਤਰਾਂ ਅਨੁਸਾਰ ਪਾਰਟੀ ਦੇ ਸੀਨੀਅਰ ਆਗੂ ਡਾ. ਸਿਕੰਦਰ ਸਿੰਘ ਮਲੂਕਾ ਦਾ ਪਰਿਵਾਰ ਵੀ ਜਿਵੇਂ ਖੁੱਲੇਆਮ ਬ਼ਗਾਵਤ ਦੇ ਰੌਂਅ ਵਿੱਚ ਹੈ, ਪਾਰਟੀ ਨੂੰ ਉਸ ਕਾਰਨ ਵੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ।ਸਾਬਕਾ ਮੰਤਰੀ ਮਲੂਕਾ ਦੀ ਆਈਏਐੱਸ ਨੂੰਹ ਪਰਮਪਾਲ ਕੌਰ ਸਿੱਧੂ ਭਾਜਪਾ ਵਿੱਚ ਸ਼ਾਮਲ ਹੋਣ ਦਾ ਇਰਾਦਾ ਰੱਖਦੇ ਹਨ ਅਤੇ ਬਠਿੰਡਾ ਤੋਂ ਉਹ ਭਾਜਪਾ ਉਮੀਦਵਾਰ ਹੋ ਸਕਦੇ ਹਨ ਪ੍ਰੰਤੂ ਪਰਿਵਾਰਕ ਮੈਂਬਰ ਹਾਲੇ ਇਸ ਗੱਲ ਦੀ ਪੁਸ਼ਟੀ ਕਰਨ ਨੂੰ ਤਿਆਰ ਨਹੀਂ ਹਨ। ਸੂਤਰ ਦੱਸਦੇ ਹਨ ਕਿ ਅਕਾਲੀ ਦਲ ਨੇ ਪਰਮਪਾਲ ਕੌਰ ਸਿੱਧੂ ਨੂੰ ਕਿਸੇ ਹੋਰ ਸਿਆਸੀ ਪਾਰਟੀ ਵਿੱਚ ਜਾਣ ਤੋਂ ਰੋਕਣ ਲਈ ਵਾਹ ਲਾਉਣੀ ਸ਼ੁਰੂ ਕਰ ਦਿੱਤੀ ਹੈ।

ਮਲੂਕਾ ਦਾ ਪੁੱਤਰ ਗੁਰਪ੍ਰੀਤ ਸਿੰਘ ਮਲੂਕਾ ਜ਼ਿਲ੍ਹਾ ਪਰਿਸ਼ਦ ਬਠਿੰਡਾ ਦਾ ਚੇਅਰਮੈਨ ਰਹਿ ਚੁੱਕਾ ਹੈ ਅਤੇ ਗੁਰਪ੍ਰੀਤ ਮਲੂਕਾ 'ਤੇ ਅਕਾਲੀ ਦਲ ਨੇ ਦਬਾਅ ਬਣਾਇਆ ਹੋਇਆ ਹੈ ਪ੍ਰੰਤੂ ਅਧਿਕਾਰਤ ਤੌਰ 'ਤੇ ਕੋਈ ਵੀ ਇਸ ਗੱਲ ਦੀ ਪੁਸ਼ਟੀ ਕਰਨ ਨੂੰ ਤਿਆਰ ਨਹੀਂ ਹੈ। ਉਕਤ ਸਥਿਤੀ ਤੋਂ ਇਹ ਸਪਸ਼ਟ ਹੈ ਕਿ ਕਾਂਗਰਸ ਤੇ ਅਕਾਲੀ ਦਲ ਲਈ ਟਿਕਟਾਂ ਦੀ ਵੰਡ ਦਾ ਪੈਂਡਾ ਅਜੇ ਕਾਫ਼ੀ ਉਲਝਣਾਂ ਵਿੱਚ ਹੈ ਤੇ ਕਈ ਨੇਤਾ ਬਗਾਵਤ ਕਰ ਸਕਦੇ ਹਨ।

## ਗੱਠਜੋੜ ਬਿਨਾਂ ਲੋਕ ਸਭਾ ਚੋਣਾਂ ਲੜਨਗੇ ਭਾਜਪਾ ਤੇ ਅਕਾਲੀ

### ਸਿਆਸੀ ਪੰਡਤਾਂ ਨੂੰ ਅੰਦਾਜ਼ੇ ਲਗਾਉਣੇ ਹੋਏ ਔਖੇ ਕਿ ਕੌਣ ਬਾਜ਼ੀ ਮਾਰਦਾ ਹੈ ਲੋਕ ਸਭਾ ਚੋਣਾਂ ਵਿੱਚ

ਲੋਕ ਸਭਾ ਚੋਣਾਂ ਨੂੰ ਲੈ ਕੇ ਪੰਜਾਬ ਵਿੱਚ ਗਠਜੋੜ ਦੀਆਂ ਸੰਭਾਵਨਾਵਾਂ ਖ਼ਤਮ ਹੋ ਜਾਣ ਕਾਰਨ ਪੰਜਾਬ ਵਿੱਚ ਦਿਲਚਸਪ ਸਿਆਸੀ ਸਥਿਤੀ ਬਣਨ ਜਾ ਰਹੀ ਹੈ ।ਇਸ ਬਹੁ-ਕੋਣੀ ਚੋਣ ਵਿੱਚ ਜਿੱਥੇ ਲੰਬੇ ਸਮੇਂ ਬਾਅਦ ਸੂਬੇ ਦੀਆਂ ਮੁੱਖ ਸਿਆਸੀ ਧਿਰਾਂ ਅਕਾਲੀ ਦਲ ਤੇ ਭਾਜਪਾ ਤੇ ਕਾਂਗਰਸ ਤੇ ਆਮ ਆਦਮੀ ਪਾਰਟੀ ਵੱਖੋ-ਵੱਖ ਚੋਣ ਲੜਨ ਜਾ ਰਹੀਆਂ ਹਨ, ਜਿਸ ਨਾਲ ਇਨ੍ਹਾਂ ਸਿਆਸੀ ਪਾਰਟੀਆਂ ਨੂੰ ਜਿਥੇ ਆਪਣੇ ਅਸਲ ਸਿਆਸੀ ਆਧਾਰ ਦਾ ਅੰਦਾਜ਼ਾ ਲੱਗ ਸਕੇਗਾ ਉਥੇ ਕਈ ਥਾਵਾਂ 'ਤੇ ਵੋਟਾਂ ਵੰਡੇ ਜਾਣ ਕਾਰਨ ਆਮ ਨਾਲੋਂ ਕਾਫ਼ੀ ਘੱਟ ਵੋਟਾਂ ਨਾਲ ਵੀ ਉਮੀਦਵਾਰ ਜੇਤੂ ਬਣ ਸਕਣਗੇ। ਕਾਂਗਰਸ ਵੱਲੋਂ ਵੀ ਸਾਰੇ 13 ਹਲਕਿਆਂ ਲਈ ਉਮੀਦਵਾਰਾਂ ਦੀ ਚੋਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵੀ ਸੰਕੇਤ ਦਿੱਤਾ ਗਿਆ ਹੈ ਕਿ ਪਾਰਟੀ ਸਾਰੀਆਂ 13 ਸੀਟਾਂ ਲਈ ਉਮੀਦਵਾਰਾਂ ਦੀ ਸੂਚੀ ਦਾ ਐਲਾਨ ਆਉਂਦੇ 2-3 ਦਿਨਾਂ ਵਿੱਚ ਕਰ ਦੇਵੇਗੀ ।ਭਾਜਪਾ ਹਾਲਾਂਕਿ ਪਹਿਲਾਂ ਹੀ ਪੰਜਾਬ ਤੋਂ ਆਪਣੇ ਉਮੀਦਵਾਰਾਂ ਦੀ ਸੂਚੀ ਜਾਰੀ ਕਰ ਚੁੱਕੀ ਹੈ। ਜਦਕਿ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਕੁਝ ਆਗੂ ਗੱਠਜੋੜ ਦੇ ਹੱਕ ਵਿੱਚ ਹਨ। ਪਹਿਲਾਂ ਭਾਜਪਾ ਸੱਤ ਸੀਟਾਂ ਮੰਗ ਰਹੀ ਸੀ ਅਤੇ ਅਕਾਲੀ ਦਲ ਸਿਰਫ਼ ਪੰਜ ਦੇਣ 'ਤੇ ਅੜਿਆ ਹੋਇਆ ਸੀ। ਹਾਲਾਂਕਿ ਭਾਜਪਾ 6 ਹਲਕਿਆਂ ਵਿੱਚ ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ ਪਰ ਅਕਾਲੀ ਦਲ ਦੇ ਜਨਰਲ ਸਕੱਤਰ ਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਹੁਣ ਸੀਟਾਂ ਦੀ ਵੰਡ ਦਾ ਬਹੁਤਾ ਅੜਿੱਕਾ ਨਹੀਂ ਹੈ ਪਰ ਪੰਥਕ ਹਲਕੇ ਅਕਾਲੀ ਦਲ ਲਈ ਛੱਡਣ ਸਮੇਤ ਪੰਜਾਬ ਦੇ ਭਖਦੇ ਮੁੱਦੇ ਅਤੇ ਕਿਸਾਨੀ ਮੰਗਾਂ ਮੰਨਣ ਬਾਰੇ ਜੇ ਭਾਜਪਾ ਸਥਿਤੀ ਸਪੱਸ਼ਟ ਕਰ ਦੇਵੇ ਤਾਂ ਗੱਠਜੋੜ ਹੋ ਵੀ ਸਕਦਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਚੋਣ ਸਾਰੀਆਂ ਪਾਰਟੀਆਂ ਨੂੰ ਉਨ੍ਹਾਂ ਦੇ ਆਧਾਰ ਸਬੰਧੀ ਵੀ ਸ਼ੀਸ਼ਾ ਵਿਖਾ ਦੇਵੇਗੀ । ਆਮ ਆਦਮੀ ਪਾਰਟੀ, ਜਿਸ ਨੂੰ ਮਗਰਲੀ ਵਿਧਾਨ ਸਭਾ ਚੋਣ ਦੌਰਾਨ ਵੱਡਾ ਉਭਾਰ ਮਿਲਿਆ ਸੀ, ਲਈ ਵੀ ਇਹ ਚੋਣ ਸਭ ਤੋਂ ਵੱਧ ਮਹੱਤਵਪੂਰਨ ਸਮਝ ਜਾ ਰਹੀ ਹੈ ਕਿਉਂਕਿ ਪਾਰਟੀ ਇਸ ਮੌਕੇ ਵੱਡੇ ਘਪਲਿਆਂ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਉਲਝੀ ਹੋਈ ਹੈ ਤੇ ਪਾਰਟੀ ਦੀ ਅੱਧੀ ਲੀਡਰਸ਼ਿਪ ਜੇਲ੍ਹਾਂ ਵਿੱਚ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਆਪ ਪਾਰਟੀ ਲਈ ਇਸ ਬਦਲੀ ਹੋਈ ਸਥਿਤੀ ਕਾਰਨ ਉਸ ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੈ।ਜੇਕਰ ਭਗਵੰਤ ਮਾਨ ਲਈ ਚੋਣ ਨਤੀਜੇ ਨਾ ਰਹੇ ਤਾਂ ਉਨ੍ਹਾਂ ਦੀ ਕੁਰਸੀ ਵੀ ਖ਼ਤਰੇ ਵਿੱਚ ਪੈ ਸਕਦੀ ਹੈ । ਇਸ ਸਾਰੇ ਚੋਣ ਦ੍ਰਿਸ਼ ਵਿੱਚ ਸਿਆਸੀ ਪੰਡਤਾਂ ਦੇ ਅੰਦਾਜ਼ੇ ਲਗਾਉਣੇ ਔਖੇ ਹਨ ਕਿ ਕੌਣ ਬਾਜ਼ੀ ਮਾਰਦਾ ਹੈ।

# ਇਤਿਹਾਸ ਵਿੱਚ ਸਿੱਖ ਬੀਬੀਆਂ ਦਾ ਯੋਗਦਾਨ ਲੜੀ ਤਹਿਤ ਦਿੱਲੀ ਸਿੱਖ ਗੁਰਦੁਆਰਾ ਕਮੇਟੀ ਵੱਲੋਂ ਕਰਵਾਇਆ ਅੱਠਵਾਂ ਵਿਸ਼ੇਸ਼ ਲੈਕਚਰ

ਨਵੀਂ ਦਿੱਲੀ/ ਮਨਪ੍ਰੀਤ ਸਿੰਘ ਖਾਲਸਾ : ਸਿੱਖ ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਲਈ ਸਮਰਪਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਹਿਸਟਰੀ ਐਂਡ ਗੁਰਬਾਣੀ ਫ਼ੋਰਮ ਵੱਲੋਂ ਡਾ. ਪ੍ਰੋ. ਚਰਨ ਸਿੰਘ (ਚੇਅਰਮੈਨ ਪੰਜਾਬ ਐਂਡ ਸਿੰਧ ਬੈਂਕ) ਦੀ ਪ੍ਰੇਰਨਾ ਨਾਲ ਗੁ. ਰਕਾਬ ਗੰਜ ਸਾਹਿਬ ਦੇ ਕਾਨਫਰੰਸ ਹਾਲ ਵਿਖੇ 'ਇਤਿਹਾਸ ਵਿੱਚ ਸਿੱਖ ਬੀਬੀਆਂ' ਲੜੀ ਤਹਿਤ ਅੱਠਵਾਂ ਵਿਸ਼ੇਸ਼ ਲੈਕਚਰ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਸੁਪੁਤ੍ਰੀਆਂ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਦੇ ਜੀਵਨ ਇਤਿਹਾਸ ਸੰਬੰਧੀ ਕਰਵਾਇਆ ਗਿਆ।



ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਇੰਡੀਆ ਗੇਟ ਦੇ ਵਿਦਿਆਰਥੀਆਂ ਦੁਆਰਾ ਗਾਏ ਗੁਰਬਾਣੀ ਸ਼ਬਦ ਤੋਂ ਬਾਅਦ ਸੰਸਥਾ ਦੇ ਡਾਇਰੈਕਟਰ ਡਾ. ਹਰਬੰਸ ਕੌਰ ਸਾਗੂ ਨੇ ਆਏ ਹੋਏ ਵਿਦਵਾਨਾਂ, ਸੰਗਤਾਂ ਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਨੂੰ ਆਖਿਆ ਅਤੇ ਮੁੱਖ ਵਕਤਾ ਡਾ. ਸੁਖਦਿਆਲ ਸਿੰਘ (ਸਾਬਕਾ ਪ੍ਰੋ.ਫ਼ੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ), ਲੈਕਚਰ ਦੀ ਪ੍ਰਧਾਨਗੀ ਕਰ ਰਹੇ ਡਾ. ਮਹਿੰਦਰ ਸਿੰਘ (ਡਾਇਰੈਕਟਰ ਭਾਈ ਵੀਰ ਸਿੰਘ ਸਾਹਿਤ ਸਦਨ) ਅਤੇ ਡਾ. ਜਗਜੀਤ ਸਿੰਘ ਸੱਭਰਵਾਲ (ਸਾਬਕਾ ਪ੍ਰੋਫ਼ੈਸਰ ਗੁਰੂ ਨਾਨਕ ਦੇਵ ਖ਼ਾਲਸਾ ਕਾਲਜ) ਦਾ ਰਸਮੀ ਸਵਾਗਤ ਕਰਦਿਆਂ ਉਹਨਾਂ ਬਾਰੇ ਜਾਣਕਾਰੀ ਸਾਂਝੀ ਕੀਤੀ।

ਮੁੱਖ ਵਕਤਾ ਡਾ. ਸੁਖਦਿਆਲ ਸਿੰਘ ਨੇ ਮੁ.ਗਲ ਦਰਬਾਰ ਦੀ ਅਖ਼ਬਾਰ ਉੱਤੇ ਅਧਾਰਿਤ ਡਾ. ਹਰਬੰਸ ਕੌਰ ਸਾਗੂ ਦੁਆਰਾ ਅਨੁਵਾਦਿਤ ਪੁਸਤਕ 'ਅਖ਼ਬਾਰ - ਏ - ਦਰਬਾਰ - ਏ - ਮੌਲਾ' ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੀਆਂ ਸੁਪੁਤ੍ਰੀਆਂ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਬਾਰੇ ਦੱਸਿਆ ਕਿ ਸ਼ਹੀਦ ਪਰਿਵਾਰ ਦੀ ਜਣਨੀ ਬੀਬੀ ਭਾਨੀ ਜੀ ਸਿੱਖ ਧਰਮ ਵਿੱਚ ਇੱਕ ਐਸੀ ਮਾਤਾ ਹੋਏ ਹਨ, ਜਿਸ ਦਾ ਸਾਨੀ ਸੰਸਾਰ ਵਿੱਚ ਕੋਈ ਨਹੀਂ ਹੈ। ਪਹਿਲੇ ਦੋ ਗੁਰੂ ਸਾਹਿਬਾਨ ਨੂੰ ਛੱਡ ਕੇ ਬਾਕੀ ਅੱਠ ਗੁਰੂ ਸਾਹਿਬਾਨ ਦਾ ਬੀਬੀ ਭਾਨੀ ਜੀ ਨਾਲ ਪ੍ਰਵਾਰਕ ਰਿਸ਼ਤਾ ਸੀ।ਬੀਬੀ ਭਾਨੀ ਜੀ ਸਰਬ ਗੁਣਾਂ ਦੇ ਭੰਡਾਰ, ਮਿਲਾਪੜੇ ਸਹਿਯੋਗੀ ,ਸੇਵਾ ਸਿਮਰਨ ਦੀ ਮੂਰਤ , ਸਹਿਣਸ਼ੀਲ ,ਸੰਜਮੀ ਗਹਿਰ ਗੰਭੀਰ , ਧੀਰਜਵਾਨ ,ਸਬਰ ਭਰਪੂਰ, ਮਿੱਠਬੋਲੜੇ , ਨਿਮਰ, ਆਗਿਆਕਾਰੀ ਅਤੇ ਪਰਉਪਕਾਰੀ ਸਨ ।ਲੈਕਚਰ ਦੀ ਪ੍ਰਧਾਨਗੀ ਕਰਦਿਆਂ ਡਾ. ਮਹਿੰਦਰ ਸਿੰਘ ਅਤੇ ਡਾ. ਜਗਜੀਤ ਸਿੰਘ ਸੱਭਰਵਾਲ ਨੇ ਬੀਬੀ ਭਾਨੀ ਜੀ ਅਤੇ ਬੀਬੀ ਦਾਨੀ ਜੀ ਦੇ ਜੀਵਨ ਬਾਰੇ ਆਪਣੇ ਵੱਡਮੁੱਲੇ ਵਿਚਾਰ ਸਾਂਝੇ ਕੀਤੇ।

ਉਪਰੰਤ ਡਾ. ਹਰਪ੍ਰੀਤ ਕੌਰ ਪ੍ਰਿੰਸੀਪਲ ਮਾਤਾ ਸੁੰਦਰੀ ਕਾਲਜ ਅਤੇ ਸਵਰਣ ਸਿੰਘ ਸਵਰਣ ਵੱਲੋਂ ਅੱਜ ਦੇ ਲੈਕਚਰ ਵਿੱਚ ਹਾਜ਼ਰੀ ਭਰਨ ਵਾਲੇ ਪਤਵੰਤੇ ਸੱਜਣਾ ਤੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਅਧਿਆਪਕ, ਵਿਦਿਆਰਥੀ, ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਅਧਿਆਪਕ, ਸਰੋਤਾ ਆਦਿ ਨੇ ਸ਼ਮੂਲੀਅਤ ਕੀਤੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

10 ਅਪ੍ਰੈਲ ਤੋਂ 16 ਅਪ੍ਰੈਲ 2024

## ਸਿਰਫ਼ ਕੇਂਦਰ ਹੀ ਨਹੀਂ, ਰਾਜ ਸਰਕਾਰਾਂ ਵੀ ਤਾਨਾਸ਼ਾਹੀ ਲੀਹਾਂ ਉੱਪਰ

ਸਖ਼ਤ ਨੀਤੀਆਂ ਦੇ ਚੱਲਦਿਆਂ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਉੱਪਰ ਤਾਨਾਸ਼ਾਹੀ ਰਵਈਆ ਅਪਣਾਉਣ ਅਤੇ ਵਿਰੋਧੀਆਂ ਨਾਲ ਸਖ਼ਤੀ ਨਾਲ ਨਜਿੱਠਣ ਦੇ ਇਲਜ਼ਾਮ ਹੁਣ ਆਮ ਹੋਣ ਲੱਗੇ ਹਨ। ਪਰ ਇਹ ਰਵੱਈਆ ਸਿਰਫ਼ ਕੇਂਦਰ ਹੀ ਨਹੀਂ, ਰਾਜ ਸਰਕਾਰਾਂ ਦੀ ਕਾਰਜਸ਼ੈਲੀ ਵਿੱਚ ਵੀ ਭਾਰੂ ਹੁੰਦਾ ਨਜ਼ਰ ਆ ਰਿਹਾ ਹੈ। ਵਿਸ਼ਵ ਭਰ ਦੀਆਂ ਲੋਕਤੰਤਰੀ ਸੰਸਥਾਵਾਂ, ਯੂਰਪ ਦੇ ਦੇਸ਼ਾਂ ਦੇ ਵਿਦੇਸ਼ੀ ਮਹਿਕਮੇ ਪਹਿਲਾਂ ਹੀ ਇੰਡੀਆ ਦੇ ਲੋਕਤੰਤਰ ਸਬੰਧੀ ਆਪਣੀਆਂ ਚਿੰਤਾਵਾਂ ਜ਼ਾਹਰ ਕਰ ਚੁੱਕੇ ਹਨ। ਆਮ ਤੌਰ 'ਤੇ ਲੋਕਤੰਤਰ ਦੇ ਗਿਰਾਫ਼ ਦਾ ਜ਼ਿਕਰ ਕੇਂਦਰ ਵਿੱਚਲੀ ਸੱਤਾਧਾਰੀ ਪਾਰਟੀ ਨਾਲ ਹੀ ਕੀਤਾ ਜਾਂਦਾ ਹੈ, ਵਿਰੋਧੀ ਪਾਰਟੀਆਂ ਵੀ ਕੇਂਦਰ ਨੂੰ ਸੰਬੋਧਨ ਹੋ ਕੇ ਹੀ ਘੇਰਨ ਦਾ ਯਤਨ ਕਰਦੀਆਂ ਹਨ। ਪਰ ਰਾਜ ਸਰਕਾਰਾਂ ਆਪਣੇ ਸੰਦਾਂ ਰਾਹੀਂ ਨਿੱਤ ਲੋਕਤੰਤਰ ਦਾ ਘਾਣ ਕਰਦੀਆਂ ਹਨ ਅਤੇ ਲੋਕਾਂ ਦੇ ਹੱਕ ਖੋਹੇ ਜਾਂਦੇ ਹਨ। ਵਿਰੋਧੀ ਪਾਰਟੀਆਂ ਦੇ ਵਰਕਰਾਂ ਸਮੇਤ ਸੰਸਦ ਵਿੱਚ ਬੈਠੇ ਸਾਂਸਦ ਅਤੇ ਵਿਧਾਇਕ ਵੀ ਭਾਰਤੀ ਜਨਤਾ ਪਾਰਟੀ ਉੱਪਰ ਲਗਾਤਾਰ ਤਾਨਾਸ਼ਾਹੀ ਰਵੱਈਆ ਅਪਣਾਉਣ ਦਾ ਦੋਸ਼ ਲਗਾਉਂਦੇ ਆ ਰਹੇ ਹਨ। ਭਾਜਪਾ ਦੀਆਂ ਵਿਰੋਧੀ ਪਾਰਟੀਆਂ ਕਾਂਗਰਸ, ਆਪ ਪਾਰਟੀ ਵੱਲੋਂ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਦੀ ਗ੍ਰਿਫ਼ਤਾਰੀ ਦੇ ਸਬੰਧ ਵਿੱਚ ਵੀ ਅਜਿਹੇ ਹੀ ਇਲਜ਼ਾਮ ਲਗਾਏ ਜਾਂਦੇ ਰਹੇ ਹਨ। ਇਨ੍ਹਾਂ ਵਿੱਚ ਪੰਜਾਬ ਦਾ ਮੁੱਖ ਮੰਤਰੀ ਭਗਵੰਤ ਮਾਨ ਵੀ ਸ਼ਾਮਲ ਸੀ। ਜਿੱਥੇ ਸੂਬੇ ਵਿੱਚ ਵਿਰੋਧੀ ਪਾਰਟੀਆਂ ਸੱਤਾ ਵਿੱਚ ਹੁੰਦੀਆਂ ਹਨ, ਓਥੇ ਇਹ ਪਾਰਟੀਆਂ ਆਪ ਵੀ ਵਾਹ ਲੱਗਦੇ ਭਾਜਪਾ ਸਰਕਾਰ ਦੀਆਂ ਲੀਹਾਂ ਉਪਰ ਹੀ ਤੁਰਦੀਆਂ ਹਨ।

ਪੰਜਾਬ ਵਿੱਚ ਅਜਿਹਾ ਜ਼ਿਕਰ ਭਗਵੰਤ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਦੇ ਸਬੰਧ ਵਿੱਚ ਕੀਤਾ ਜਾ ਸਕਦਾ ਹੈ। ਭਗਵੰਤ ਮਾਨ ਵੀ ਆਪਣੀ ਤਿੱਖੀ ਸੁਰ ਕਰਕੇ ਸਮੇਂ-ਸਮੇਂ 'ਤੇ ਵਿਰੋਧੀਆਂ ਨੂੰ ਦੱਬਣ ਲਈ ਉਨ੍ਹਾਂ ਵਿਰੁੱਧ ਦਰਜ ਕੀਤੇ ਮਾਮਲੇ ਖੋਲ੍ਹਣ ਦੀ ਗੱਲ ਕਰਦੇ ਹਨ। ਲੋਕਾਂ ਦੀ ਆਵਾਜ਼ ਨੂੰ ਗੈਰ ਲੋਕਤੰਤਰੀ ਤਰੀਕੇ ਰੋਕਣ ਦੀਆਂ ਲਗਾਤਾਰ ਕਵਾਇਦਾਂ ਚੱਲ ਰਹੀਆਂ ਹਨ। 2020 ਦੇ ਕਿਸਾਨ ਮੋਰਚੇ ਤੋਂ ਬਾਅਦ ਸਰਕਾਰਾਂ ਨੇ ਇੱਕ ਤੋਂ ਬਾਅਦ ਇੱਕ ਸਿੱਖਾਂ ਆਗੂਆਂ ਦੇ ਸੋਸ਼ਲ ਮੀਡੀਆ ਖਾਤੇ ਬੰਦ ਕਰਨੇ ਸ਼ੁਰੂ ਕਰ ਦਿੱਤੇ ਸਨ ਜੋ ਅੱਜ ਵੀ ਜਾਰੀ ਹਨ। ਜੇਕਰ ਸ਼ੁਰੂਆਤ ਵੇਲੇ ਸਰਕਾਰ ਅੰਦਰ ਬੈਠੇ ਵਿਰੋਧੀ ਪਾਰਟੀ ਦੇ ਆਗੂ ਜਾਂ ਲੋਕ ਆਪਣੀ ਆਵਾਜ਼ ਦਬਾਉਣ ਦਾ ਵਿਰੋਧ ਕਰਦੇ ਤਾਂ ਸ਼ਾਇਦ ਇਹ ਵਰਤਾਰਾ ਰੁਕ ਜਾਂਦਾ ਪਰ ਇਸ ਤਰ੍ਹਾਂ ਨਾ ਹੋਣ ਕਰਕੇ ਇਹ ਵਰਤਾਰਾ ਦਿਨ ਪਰ ਦਿਨ ਹੋਰ ਡੂੰਘਾ ਤੇ ਘਾਤਕ ਹੁੰਦਾ ਜਾ ਰਿਹਾ ਹੈ। ਹੁਣ ਤਾਂ ਵਿਧਾਇਕ ਵੀ ਆਪਣੀ ਗੱਲ ਐਕਸ (ਪਹਿਲਾਂ ਟਵਿੱਟਰ) ਉੱਪਰ ਨਹੀਂ ਕਹਿ ਸਕਦੇ। ਪੰਜਾਬ ਤੋਂ ਕਾਂਗਰਸ ਐਮ.ਐੱਲ.ਏ. ਪ੍ਰਗਟ ਸਿੰਘ ਨੇ ਭਗਵੰਤ ਮਾਨ ਸਰਕਾਰ ਉੱਪਰ ਸਬੂਤਾਂ ਸਮੇਤ ਇਲਜ਼ਾਮ ਲਗਾਉਂਦੇ ਹੋਏ ਆਖਿਆ ਕਿ ਆਪ ਸਰਕਾਰ ਉਨ੍ਹਾਂ ਦੇ ਟਵੀਟ ਨੂੰ ਰੋਕਣ ਲਈ ਐਕਸ ਨੂੰ ਹਦਾਇਤਾਂ ਭੇਜ ਰਹੀ ਹੈ। ਕਾਂਗਰਸੀ ਆਗੂ ਪ੍ਰਗਟ ਸਿੰਘ ਨੇ ਉਨ੍ਹਾਂ ਨੂੰ ਐਕਸ ਵਲੋਂ ਪ੍ਰਾਪਤ ਹੋਈ ਬਿਜਲਈ ਚਿੱਠੀ (ਈਮੇਲ) ਦੀਆਂ ਤਸਵੀਰਾਂ ਸਾਂਝੇ ਕਰਦਿਆਂ ਆਖਿਆ ਹੈ ਕਿ ਪੰਜਾਬ ਪੁਲਿਸ ਐਕਸ ਨੂੰ ਉਨ੍ਹਾਂ ਦੇ ਟਵੀਟ ਮਿਟਾਉਣ ਲਈ ਲਗਾਤਾਰ ਲਿਖ ਰਹੀ ਹੈ। ਹਾਲਾਂਕਿ ਐਕਸ ਨੇ ਪ੍ਰਗਟ ਸਿੰਘ ਦਾ ਟਵੀਟ ਮਿਟਾਇਆ ਨਹੀਂ ਹੈ, ਅਤੇ ਉਨ੍ਹਾਂ ਨੂੰ ਬਿਜਲਈ ਚਿੱਠੀ ਭੇਜ ਕੇ ਦੱਸ ਦਿੱਤਾ ਹੈ ਕਿ ਟਵੀਟ ਮਿਟਾਉਣ ਲਈ ਉਨ੍ਹਾਂ ਨੂੰ ਸਰਕਾਰ ਵੱਲੋਂ ਲਿਖਤੀ ਭੇਜਿਆ ਗਿਆ ਹੈ, ਪਰ ਉਹ ਵੀਚਾਰਾਂ ਦੀ ਅਜ਼ਾਦੀ ਦੇ ਹਾਮੀ ਹਨ। ਕਾਂਗਰਸੀ ਆਗੂ ਪ੍ਰਗਟ ਸਿੰਘ ਨੇ ਕਿਸਾਨਾਂ ਦੇ ਹੱਕ ਵਿੱਚ ਲਿਖਿਆ ਸੀ, ਜਿਸਨੂੰ ਮਿਟਾਉਣ ਲਈ ਐਕਸ ਨੂੰ ਸ਼ਿਕਾਇਤ ਭੇਜੀ ਸੀ। ਵਿਚਾਰਾਂ ਦੀ ਅਜ਼ਾਦੀ ਦੇ ਮਸਲੇ ਵਿੱਚ ਇਹ ਬੜਾ ਸੰਗੀਨ ਮਸਲਾ ਹੈ।

ਸੱਤਾਧਾਰੀ ਪਾਰਟੀਆਂ ਜਿੱਥੇ ਵੀ ਉਨ੍ਹਾਂ ਦੀ ਸੱਤਾ ਹੈ, ਜਿੱਥੇ ਵੀ ਉਨ੍ਹਾਂ ਦਾ ਜ਼ੋਰ ਚੱਲਦਾ ਹੈ, ਵਿਰੋਧੀ ਆਵਾਜ਼ਾਂ ਨੂੰ ਕੁਚਲਣ ਲਈ ਪੂਰੀ ਵਾਹ ਲਗਾ ਰਹੀਆਂ ਹਨ। ਹੁਣ ਹਲਾਤ ਘਰ-ਘਰ ਅੱਗ ਵਾਲੇ ਹਨ। ਵਿਰੋਧੀ ਪਾਰਟੀਆਂ ਜਿਹੜੇ ਇਲਜ਼ਾਮ ਹੋਰਨਾਂ ਪਾਰਟੀਆਂ ਉੱਪਰ ਲਗਾ ਰਹੀਆਂ ਹਨ, ਓਥੇ ਸੱਤਾ ਵਿੱਚ ਹੁੰਦਿਆਂ ਉਨ੍ਹਾਂ ਉੱਪਰ ਵੀ ਅਜਿਹੇ ਹੀ ਇਲਜ਼ਾਮ ਲੱਗਦੇ ਹਨ। ਇੰਡੀਆ ਦੇ ਹਲਾਤਾਂ 'ਤੇ ਪੱਛਮ ਦੀ ਚਿੰਤਾ ਵਿਅਰਥ ਨਹੀਂ ਹੈ ਪਰ ਇੰਡੀਆ ਵਿੱਚ ਵੀਚਾਰਾਂ ਦੀ ਅਜ਼ਾਦੀ ਦੇ ਨਿਘਾਰ ਦੇ ਮਸਲੇ ਤੇ ਹਲਾਤ ਹੁਣ ਇਸ ਕਦਰ ਵਿਗੜ ਗਏ ਹਨ ਕਿ ਮੋੜ ਕੱਟਣਾ ਬੜਾ ਔਖਾ ਜਾਪਦਾ ਹੈ ਅਤੇ ਹਲਾਤ ਹੋਰ ਚਿੰਤਾਜਨਕ ਹੁੰਦੇ ਜਾ ਰਹੇ ਹਨ।

ਜੋੜ ਮੇਲਿਆਂ ਦਾ ਮਾਹੌਲ ਗੁਰਮਤਿ ਅਨੁਸਾਰੀ ਕਰਨ ਦੇ ਯਤਨ ਵਧਣ ਲੱਗੇ

ਗੁਰੂ ਖ਼ਾਲਸਾ ਪੰਥ ਦੇ ਸਾਜਨਾ ਦਿਹਾੜੇ 'ਤੇ ਤਖ਼ਤ ਸ਼੍ਰੀ ਦਮਦਮਾ ਸਾਹਿਬ ਵਿਖੇ ਸਿੱਖ ਸੰਗਤਾਂ ਵੱਡੀ ਗਿਣਤੀ 'ਚ ਹਾਜਰੀਆਂ ਭਰਦੀਆਂ ਹਨ। ਪਿਛਲੇ ਕੁਝ ਵਰ੍ਹਿਆਂ ਤੋਂ ਸਾਡੇ ਪਵਿੱਤਰ ਜੋੜ ਮੇਲਿਆਂ ਨੂੰ ਆਮ ਮੇਲਿਆਂ ਵਜੋਂ ਜਾਣਿਆ ਜਾਣ ਲੱਗਾ ਹੈ ਜਿਸ ਨੂੰ ਮਹਿਸੂਸ ਕਰਦਿਆਂ ਖ਼ਾਲਸਾ ਜੀ ਦੇ ਜੋੜ ਮੇਲਿਆਂ ਨੂੰ ਆਮ ਮੇਲਿਆਂ ਤੋਂ ਨਿਆਰਾ ਰੱਖਣ ਲਈ ਹੁਣ ਚੰਗੇ ਉਦਮ ਹੋਣੇ ਸ਼ੁਰੂ ਹੋ ਗਏ ਹਨ। ਕਰੀਬ 2 ਮਹੀਨੇ ਪਹਿਲਾਂ ਮਸਤੂਆਣਾ ਸਾਹਿਬ ਵਿਖੇ ਸੰਤ ਬਾਬਾ ਅਤਰ ਸਿੰਘ ਜੀ ਦੀ ਬਰਸੀ 'ਤੇ ਜੋੜ ਮੇਲੇ ਦਾ ਮਾਹੌਲ ਗੁਰਮਤਿ ਅਨੁਸਾਰੀ ਕਰਨ ਲਈ ਨੇੜਲੇ ਪਿੰਡਾਂ ਦੀ ਸੰਗਤ ਨੇ ਵੱਡਾ ਉਦਮ ਕੀਤਾ ਅਤੇ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਗੁਰਮਤਿ ਅਨੁਸਾਰੀ ਮਾਹੌਲ ਦੇਖਣ ਨੂੰ ਮਿਲਿਆ ਜਿੱਥੇ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਸ਼ਸ਼ਤਰਾਂ ਦੀਆਂ ਦੁਕਾਨਾਂ, ਕਿਤਾਬਾਂ ਦੇ ਸਟਾਲ, ਮੈਡੀਕਲ ਕੈਂਪ ਤੋਂ ਇਲਾਵਾ ਸਤਿਨਾਮ ਵਾਹਿਗੁਰੂ ਦੇ ਜਾਪੁ ਕਰਦੀ ਸੰਗਤ ਦੇ ਦ੍ਰਿਸ਼ ਵੇਖਣ ਨੂੰ ਮਿਲੇ।

ਬੀਤੇ ਦਿਨੀਂ ਬਠਿੰਡਾ ਵਿਖੇ ਇੱਕ ਪੱਤਰਕਾਰ ਵਾਰਤਾ ਦੌਰਾਨ ਸਿੱਖ ਜਥਿਆਂ ਨੇ ਸ੍ਰੋ.ਗੁ.ਪ੍ਰ.ਕ ਨੂੰ ਦਮਦਮਾ ਸਾਹਿਬ ਵਿਖੇ ਜੋੜ ਮੇਲੇ 'ਤੇ ਗੁਰਦੁਆਰਾ ਸਾਹਿਬਾਨ ਦੀ ਹਦੂਦ ਅੰਦਰ ਗੁਰਮਤਿ ਤੋਂ ਉਲਟ ਦੁਕਾਨਾਂ ਨਾ ਲਗਾਉਣ ਲਈ ਕਿਹਾ ਹੈ। ਇਸ ਦੇ ਨਾਲ ਇਹਨਾਂ ਜਥਿਆਂ ਨੇ ਕਿਹਾ ਕਿ ਲੰਗਰਾਂ ਵਿੱਚ ਵੀ ਸਪੀਕਰ ਨਾ ਵਰਤੇ ਜਾਣ ਤਾਂ ਕਿ ਆਈ ਸੰਗਤ ਗੁਰਬਾਣੀ ਸੁਣ ਸਕੇ ਅਤੇ ਟ੍ਰੈਕਟਰਾਂ ਦੇ ਡੈੱਕਾਂ 'ਤੇ ਵੀ ਮੁਕੰਮਲ ਪਾਬੰਦੀ ਹੋਵੇ। ਜ਼ਿਕਰਯੋਗ ਹੈ ਕਿ ਬੀਤੇ ਵਰ੍ਹੇ ਵੀ ਇਹਨਾਂ ਜਥਿਆਂ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਇਸੇ ਤਰ੍ਹਾਂ ਦੇ ਸੁਝਾਅ ਪੱਤਰ ਦਿੱਤੇ ਸਨ।

ਅਜਿਹੇ ਯਤਨਾਂ ਦਾ ਇਲਾਕੇ ਦੀਆਂ ਸੰਗਤਾਂ ਨੂੰ ਸਾਥ ਦੇਣਾ ਚਾਹੀਦਾ ਹੈ ਅਤੇ ਆਪੋ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਆਪਣੇ ਤੌਰ 'ਤੇ ਵੀ ਸਾਰਥਕ ਯਤਨ ਕਰਨੇ ਚਾਹੀਦੇ ਹਨ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ





**ਰਣਜੀਤ ਸਿੰਘ ਕੁਕੀ**

ਭਾਰਤ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਪੜ੍ਹੇ-ਲਿਖੇ ਨੌਜਵਾਨਾਂ ਲਈ ਕੇਂਦਰ ਦੁਆਲੇ ਬਣ ਰਹੀ ਹੈ, ਜੋ ਕਿ ਕੁਝ ਦਹਾਕਿਆਂ ਤੋਂ ਲੰਬੇ ਸਮੇਂ ਲਈ ਰੁਝਾਨ ਹੈ।

ਸਿੱਖਿਆ ਦੇ ਪੱਧਰਾਂ ਵਿੱਚ ਮਜ਼ਬੂਤ ਸੁਧਾਰਾਂ ਦੇ ਨਾਲ ਇਸ ਦੇ ਜਨਸੰਖਿਆ ਵਿਭਾਜਨ ਦਾ ਫਾਇਦਾ, ਜੋ ਕਿ ਬਿਹਤਰ ਗੁਣਵੱਤਾ ਵਾਲੀਆਂ ਨੌਕਰੀਆਂ ਤੱਕ ਪਹੁੰਚਣ ਦੇ ਮੁੱਖ ਨਿਰਣਾਇਕ ਹਨ। ਇਸ ਦੇ ਨਾਲ ਹੀ ਨੌਜਵਾਨਾਂ ਦੀਆਂ ਇੱਛਾਵਾਂ ਵਿਕਸਿਤ ਹੋ ਰਹੀਆਂ ਹਨ, ਜਿਨ੍ਹਾਂ ਨੂੰ ਲੇਬਰ ਮਾਰਕੀਟ ਵਿੱਚ ਉਪਲਬਧ ਰੁਜ਼ਗਾਰ ਦੀ ਕਿਸਮ ਨਾਲ ਮੇਲਣ ਦੀ ਲੋੜ ਹੈ।

ਇਹ ਇੰਸਟੀਚਿਊਟ ਫਾਰ ਹਿਊਮਨ ਡਿਵੈਲਪਮੈਂਟ ਅਤੇ ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਦੁਆਰਾ ਭਾਰਤ ਰੁਜ਼ਗਾਰ ਰਿਪੋਰਟ 2024: ਯੁਵਾ ਸਿੱਖਿਆ, ਰੁਜ਼ਗਾਰ ਅਤੇ ਹੁਨਰ ਦੀਆਂ ਮੁੱਖ ਖੋਜਾਂ ਵਿੱਚੋਂ ਹਨ, ਜੋ ਉੱਭਰ ਰਹੇ ਆਰਥਿਕ, ਲੇਬਰ ਮਾਰਕੀਟ ਦੇ ਸੰਦਰਭ ਵਿੱਚ ਨੌਜਵਾਨਾਂ ਦੇ ਰੁਜ਼ਗਾਰ ਦੀ ਚੁਣੌਤੀ ਦੀ ਜਾਂਚ ਕਰਦੇ ਹਨ।

ਭਾਰਤ ਵਿੱਚ ਵਿਦਿਅਕ, ਅਤੇ ਹੁਨਰ ਦੇ ਦ੍ਰਿਸ਼, ਅਤੇ ਪਿਛਲੇ ਦੋ ਦਹਾਕਿਆਂ ਵਿੱਚ ਤਬਦੀਲੀਆਂ, ਇਹ ਮੁੱਖ ਤੌਰ 'ਤੇ ਰਾਸ਼ਟਰੀ ਨਮੂਨਾ ਸਰਵੇਖਣਾਂ ਅਤੇ ਸਮੇਂ-ਸਮੇਂ 'ਤੇ ਲੇਬਰ ਫੋਰਸ ਸਰਵੇਖਣਾਂ ਦੇ ਅੰਕੜਿਆਂ 'ਤੇ ਅਧਾਰਿਤ ਹੈ।

ਕੰਮਕਾਜੀ ਉਮਰ ਦੀ ਆਬਾਦੀ ਦੇ ਇੱਕ ਵੱਡੇ ਅਨੁਪਾਤ ਦੇ ਨਾਲ, ਭਾਰਤ ਦੇ ਘੱਟੋ-ਘੱਟ ਇੱਕ ਹੋਰ ਦਹਾਕੇ ਤੱਕ ਸੰਭਾਵੀ ਜਨਸੰਖਿਆ ਲਾਭਅੰਸ਼ ਖੇਤਰ ਵਿੱਚ ਰਹਿਣ ਦੀ ਉਮੀਦ ਹੈ। ਹਾਲਾਂਕਿ 2021 ਵਿੱਚ ਕੁੱਲ ਆਬਾਦੀ ਦਾ 27% ਹੋਣ ਦੇ

ਬਾਵਜੂਦ ਨੌਜਵਾਨਾਂ ਦੀ ਆਬਾਦੀ 2036 ਤੱਕ ਘਟ ਕੇ 23% ਰਹਿ ਜਾਣ ਦੀ ਉਮੀਦ ਹੈ। ਹਰ ਸਾਲ ਲਗਭਗ ਸੱਤ ਤੋਂ 80 ਲੱਖ ਨੌਜਵਾਨ ਕਿਰਤ ਸ਼ਕਤੀ ਵਿੱਚ ਸ਼ਾਮਲ ਹੁੰਦੇ ਹਨ। ਕਿਰਤ ਬਾਜ਼ਾਰ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਘਟਦੀ ਜਾ ਰਹੀ ਹੈ, ਮੁੱਖ ਤੌਰ 'ਤੇ ਸਿੱਖਿਆ ਵਿੱਚ ਵੱਧ ਤੋਂ ਵੱਧ ਭਾਗੀਦਾਰੀ ਦੇ ਕਾਰਨ।

ਘੱਟ ਪੜ੍ਹੇ-ਲਿਖੇ ਲੋਕਾਂ ਦੀ ਤੁਲਨਾ ਵਿੱਚ ਨੌਜਵਾਨਾਂ ਦੇ ਰਸਮੀ ਅਤੇ ਨਿਯਮਤ ਤਨਖਾਹ ਵਾਲੀਆਂ ਨੌਕਰੀਆਂ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ ਅਤੇ ਉੱਚ ਉਤਪਾਦਕਤਾ ਖੇਤਰਾਂ ਵਿੱਚ, ਮੁੱਖ ਤੌਰ 'ਤੇ ਤੀਜੇ ਦਰਜੇ ਦੇ ਖੇਤਰ, ਜਿਵੇਂ ਕਿ ਵਪਾਰ, ਦੂਰਸੰਚਾਰ, ਵਿੱਤ ਅਤੇ ਸੂਚਨਾ ਤਕਨਾਲੋਜੀ ਵਿੱਚ ਵਧੇਰੇ ਸਰਗਰਮੀ ਨਾਲ ਸ਼ਾਮਲ ਹੋਣ ਦੀ ਸੰਭਾਵਨਾ ਹੁੰਦੀ ਹੈ। ਬਾਅਦ ਵਾਲੇ ਨੂੰ ਪ੍ਰਾਇਮਰੀ (ਖੇਤੀਬਾੜੀ) ਅਤੇ ਸੈਕੰਡਰੀ ਖੇਤਰਾਂ (ਨਿਰਮਾਣ ਅਤੇ ਉਸਾਰੀ)

ਵਿੱਚ ਰੁਜ਼ਗਾਰ ਦਿੱਤੇ ਜਾਣ ਦੀ ਸੰਭਾਵਨਾ ਹੈ। ਤਕਨੀਕੀ ਡਿਗਰੀਆਂ ਅਤੇ ਐਗਰੈਜੂਏਟ ਡਿਪਲੋਮੇ ਵਾਲੇ ਨੌਜਵਾਨ ਤੀਜੇ ਦਰਜੇ ਦੇ ਖੇਤਰ ਵਿੱਚ ਵਧੇਰੇ ਸ਼ਾਮਲ ਹੁੰਦੇ ਹਨ। ਜਦੋਂ ਕਿ ਰਿਪੋਰਟ ਦਰਸਾਉਂਦੀ ਹੈ ਕਿ ਭਾਵੇਂ 2000 ਅਤੇ 2023 ਦੇ ਵਿਚਕਾਰ ਸਿੱਖਿਆ ਤੱਕ ਪਹੁੰਚ ਵਿੱਚ ਕਾਫ਼ੀ ਵਾਧਾ ਹੋਇਆ ਸੀ, ਪਰ ਸਮਾਜਿਕ ਆਰਥਿਕ ਵਰਗਾਂ ਵਿੱਚ ਅੰਤਰ ਬਰਕਰਾਰ ਹਨ, ਬਿਹਤਰ ਤੱਕ ਪਹੁੰਚ ਲਈ ਪ੍ਰਭਾਵ ਦੇ ਨਾਲ ਮਿਆਰੀ ਨੌਕਰੀਆਂ, ਰੁਜ਼ਗਾਰ ਵਿਭਿੰਨਤਾ ਦੀ ਦਰ, ਨਿਯਮਤ ਨੌਕਰੀਆਂ ਤੱਕ ਪਹੁੰਚ ਅਤੇ ਦਰਮਿਆਨੀ/ਉੱਚ-ਹੁਨਰ ਵਾਲੀਆਂ ਨੌਕਰੀਆਂ ਵੱਲ ਸ਼ਿਫਟ ਨੌਜਵਾਨਾਂ

> **ਕੁੱਲ ਮਿਲਾ ਕੇ, 2017-18 ਤੋਂ ਬਾਅਦ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ ਵਿੱਚ ਗਿਰਾਵਟ ਆਈ ਹੈ। ਲੇਬਰ ਮਾਰਕੀਟ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਇੱਕ ਗਿਰਾਵਟ ਦੇ ਰੁਝਾਨ 'ਤੇ ਹੈ, ਮੁੱਖ ਤੌਰ 'ਤੇ ਸਿੱਖਿਆ ਵਿੱਚ ਵਧੇਰੇ ਭਾਗੀਦਾਰੀ ਦੇ ਕਾਰਨ ਖਾਸ ਤੌਰ 'ਤੇ ਔਰਤਾਂ ਲਈ, ਅਤੇ ਬੇਰੁਜ਼ਗਾਰੀ ਦੀ ਦਰ 2019 ਤੋਂ ਬਾਅਦ ਦਰਜ ਕੀਤੀ ਗਈ। ਖੇਤੀ ਬੇਰੁਜ਼ਗਾਰੀ ਦਾ ਹਿੱਸਾ 2019 ਵਿੱਚ 42.4% ਤੋਂ ਵਧ ਕੇ 2021 ਵਿੱਚ 46.4% ਹੋ ਗਿਆ, ਕਿਉਂਕਿ ਖੇਤੀਬਾੜੀ ਅਤੇ ਸਵੈ-ਰੁਜ਼ਗਾਰ ਮਹਾਂਮਾਰੀ ਦੌਰਾਨ ਆਖਰੀ ਉਪਾਅ ਦੇ ਰੁਜ਼ਗਾਰਦਾਤਾ ਵਜੋਂ ਉਭਰਿਆ।**

ਵਿੱਚ ਵਧੇਰੇ ਸੀ, ਹਾਲਾਂਕਿ ਹੁਨਰਮੰਦ ਨੌਕਰੀਆਂ ਵੱਲ ਤਬਦੀਲੀ ਅਜਿਹੀਆਂ ਨੌਕਰੀਆਂ ਦੀ ਵੱਧ ਰਹੀ ਮੰਗ ਨੂੰ ਪੂਰੀ ਤਰ੍ਹਾਂ ਪੂਰਾ ਨਹੀਂ ਕਰ ਸਕੀ।

ਤਕਨੀਕੀ ਤਬਦੀਲੀ ਅਤੇ ਡਿਜੀਟਲੀਕਰਨ ਹੋ ਰਿਹਾ ਹੈ। ਹੁਨਰਾਂ ਅਤੇ ਖਾਸ ਕਿਸਮ ਦੇ ਰੁਜ਼ਗਾਰ ਦੀ ਮੰਗ 'ਤੇ ਡੂੰਘਾ ਪ੍ਰਭਾਵ ਪੈ ਰਿਹਾ ਹੈ। ਨੌਜਵਾਨਾਂ ਨੂੰ ਗਿਗ ਅਰਥਵਿਵਸਥਾ ਵਿੱਚ ਵੀ ਬਿਹਤਰ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ, ਹਾਲਾਂਕਿ ਇਸ ਨਾਲ ਨੌਕਰੀ ਦੀ ਗੁਣਵੱਤਾ ਅਤੇ ਸੁਰੱਖਿਆ ਦੇ ਮਾਮਲੇ ਵਿੱਚ ਨਵੀਆਂ ਚੁਣੌਤੀਆਂ ਪੈਦਾ ਹੋਈਆਂ ਹਨ।

ਕੁੱਲ ਮਿਲਾ ਕੇ, 2017-18 ਤੋਂ ਬਾਅਦ ਨੌਜਵਾਨਾਂ ਦੀ ਬੇਰੁਜ਼ਗਾਰੀ ਦੀ ਦਰ ਵਿੱਚ ਗਿਰਾਵਟ ਆਈ ਹੈ। ਲੇਬਰ ਮਾਰਕੀਟ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਇੱਕ ਗਿਰਾਵਟ ਦੇ ਰੁਝਾਨ 'ਤੇ ਹੈ, ਮੁੱਖ ਤੌਰ 'ਤੇ ਸਿੱਖਿਆ ਵਿੱਚ ਵਧੇਰੇ ਭਾਗੀਦਾਰੀ ਦੇ ਕਾਰਨ ਖਾਸ ਤੌਰ 'ਤੇ ਔਰਤਾਂ ਲਈ, ਅਤੇ ਬੇਰੁਜ਼ਗਾਰੀ ਦੀ ਦਰ 2019 ਤੋਂ ਬਾਅਦ ਦਰਜ ਕੀਤੀ ਗਈ। ਖੇਤੀ ਬੇਰੁਜ਼ਗਾਰੀ ਦਾ ਹਿੱਸਾ 2019 ਵਿੱਚ 42.4% ਤੋਂ ਵਧ ਕੇ 2021 ਵਿੱਚ 46.4% ਹੋ ਗਿਆ, ਕਿਉਂਕਿ ਖੇਤੀਬਾੜੀ ਅਤੇ ਸਵੈ-ਰੁਜ਼ਗਾਰ ਮਹਾਂਮਾਰੀ ਦੌਰਾਨ ਆਖਰੀ ਉਪਾਅ ਦੇ ਰੁਜ਼ਗਾਰਦਾਤਾ ਵਜੋਂ ਉਭਰਿਆ। ਹਾਲਾਂਕਿ, 2022 ਅਤੇ 2023 ਦੇ ਵਿਚਕਾਰ ਢਾਂਚਾਗਤ ਰੂਪਾਂਤਰਣ ਦਾ ਇਹ ਪਰਿਵਰਤਨ ਹੌਲੀ ਹੋਇਆ ਜਾਪਦਾ ਹੈ। ਇਸਦੇ ਨਾਲ ਹੀ, ਨਿਰਮਾਣ ਖੇਤਰ ਵਿੱਚ ਰੁਜ਼ਗਾਰ ਹੁਣ ਵਧ ਰਿਹਾ ਹੈ। ਨਿਰਮਾਣ ਖੇਤਰ ਦੀ ਮਹੱਤਤਾ ਉਦੋਂ ਸਪੱਸ਼ਟ ਹੋ ਜਾਂਦੀ ਹੈ ਜਦੋਂ ਇਸ ਖੇਤਰ ਵਿੱਚ ਪੈਦਾ ਹੋਏ ਜ਼ਿਆਦਾਤਰ ਵਾਧੂ ਰੁਜ਼ਗਾਰ ਨਿਯਮਤ ਸਨ ।

ਪੂਰਤੀ-ਮੰਗ ਦੇ ਪਾੜੇ ਅਤੇ ਹੁਨਰ ਦੀ ਬੇਮੇਲਤਾ ਨੂੰ ਭਰਨ ਦੀ ਪ੍ਰੇਰਣਾ ਨਾਲ ਇੱਕ ਤਬਦੀਲੀ ਹੋਈ। ਪਿਛਲੇ 25 ਸਾਲਾਂ ਵਿੱਚ ਇੱਕ ਰਾਸ਼ਟਰੀ ਹੁਨਰ ਮਿਸ਼ਨ ਦੀ ਸਥਾਪਨਾ ਅਤੇ ਹੁਨਰ ਵਿਕਾਸ ਨੂੰ ਮਾਰਗਦਰਸ਼ਨ ਕਰਨ ਲਈ ਦੋ ਰਾਸ਼ਟਰੀ

ਹੁਨਰ ਨੀਤੀ ਬਣਾਉਣ ਦੇ ਨਾਲ ਭਾਰਤੀ ਹੁਨਰ ਸਿਖਲਾਈ ਦ੍ਰਿਸ਼ ਬਹੁਤ ਜ਼ਿਆਦਾ ਬਦਲ ਗਿਆ ਹੈ। - ਤਕਨੀਕੀ ਹੁਨਰਾਂ ਵਾਲੇ ਨੌਜਵਾਨਾਂ ਦੇ ਅਨੁਪਾਤ ਨੂੰ ਵਧਾਉਣ ਲਈ, ਅਗਲੀ ਪੀੜ੍ਹੀ ਦੇ ਹੁਨਰ ਅਤੇ ਅਪ੍ਰੈਂਟਿਸਸ਼ਿਪ ਈਕੋਸਿਸਟਮ ਨੂੰ ਪ੍ਰਾਈਵੇਟ ਸੈਕਟਰ ਨਾਲ ਮਜ਼ਬੂਤ ਸਾਂਝੇਦਾਰੀ 'ਤੇ ਅਧਾਰਿਤ ਹੋਣਾ ਚਾਹੀਦਾ ਹੈ।

ਜਨਸੰਖਿਆ ਦੇ ਲਾਭਅੰਸ਼ ਨੂੰ ਮਹਿਸੂਸ ਕਰਨ ਲਈ ਕਿ ਭਾਰਤ ਜ਼ਬਤ ਕਰਨ ਲਈ ਤਿਆਰ ਹੈ, ਪੰਜ ਮੁੱਖ ਨੀਤੀ ਖੇਤਰ, ਜੋ ਆਮ ਤੌਰ 'ਤੇ ਅਤੇ ਖਾਸ ਤੌਰ 'ਤੇ ਭਾਰਤ ਵਿੱਚ ਨੌਜਵਾਨਾਂ ਲਈ ਲਾਗੂ ਹੁੰਦੇ ਹਨ, ਨੂੰ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ: ਇੱਕ, ਰੁਜ਼ਗਾਰ ਸਿਰਜਣਾ/ਉਤਪਾਦਨ ਨੂੰ ਉਤਸ਼ਾਹਿਤ ਕਰਨਾ ਅਤੇ ਵਧੇਰੇ ਰੁਜ਼ਗਾਰ-ਸੰਘਣਾ ਵਿਕਾਸ; ਦੋ, ਰੁਜ਼ਗਾਰ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ: ਤਿੰਨ, ਲੇਬਰ ਬਜ਼ਾਰ ਦੀਆਂ ਅਸਮਾਨਤਾਵਾਂ ਨੂੰ ਸੰਬੋਧਿਤ ਕਰਨਾ, ਚਾਰ, ਹੁਨਰਾਂ ਨੂੰ ਮਜ਼ਬੂਤ ਕਰਨਾ ਅਤੇ ਲੇਬਰ ਮਾਰਕੀਟ ਦੀਆਂ ਸਰਗਰਮ ਨੀਤੀਆਂ ਅਤੇ ਪੰਜ, ਲੇਬਰ ਮਾਰਕੀਟ ਪੈਟਰਨ ਅਤੇ ਨੌਜਵਾਨ ਰੁਜ਼ਗਾਰ ਵਿੱਚ ਗਿਆਨ ਦੀ ਘਾਟ ਨੂੰ ਪੂਰਾ ਕਰਨਾ।

ਮੇਕ ਇਨ ਇੰਡੀਆ ਅਤੇ ਪ੍ਰੋਡਕਸ਼ਨਲਿੰਕਡ ਇੰਸੈਂਟਿਵ ਸਕੀਮਾਂ ਭਾਰਤ ਨੂੰ ਇੱਕ ਮੈਨੂਫੈਕਚਰਿੰਗ ਹੱਬ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੀਆਂ ਹਨ, ਇਸ ਤਰ੍ਹਾਂ ਦੇਸ਼ ਨੂੰ ਗਲੋਬਲ ਵੈਲਿਊ ਚੇਨ ਵਿੱਚ ਸ਼ਾਮਲ ਕਰਨ ਅਤੇ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ, ਜੋ ਨੌਜਵਾਨਾਂ ਲਈ ਨੌਕਰੀਆਂ ਦੀ ਸਿਰਜਣਾ ਵਿੱਚ ਸਹਾਇਤਾ ਕਰੇਗੀ। ਤੇਜ਼ ਤਕਨੀਕੀ ਤਬਦੀਲੀ ਦੇ ਨਾਲ, ਨੌਜਵਾਨਾਂ ਲਈ ਬਹੁਤ ਸਾਰੇ ਮੌਕੇ ਹਨ। ਹਾਲਾਂਕਿ, ਇਹਨਾਂ ਮੌਕਿਆਂ ਦੀ ਵਰਤੋਂ ਕਰਨ ਲਈ ਨਿਊਜ਼ਕਿੱਲਾਂ ਦੀ ਤੇਜ਼ੀ ਨਾਲ ਵਰਤੋਂ ਕਰਨ ਦੀ ਲੋੜ ਹੁੰਦੀ ਹੈ।

# ਅਪਰਾਧਕ ਬਿਰਤੀ ਵਾਲੇ ਲੀਡਰਾਂ ਨੂੰ ਰੱਦ ਕਰੇ ਜਨਤਾ

ਕਮਲਜੀਤ ਸਿੰਘ ਬਨਵੈਤ

ਮੁਲਕ ਦੀ ਮੌਜੂਦਾ ਪਾਰਲੀਮੈਂਟ ਵਿੱਚ 44 ਫ਼ੀਸਦੀ ਸੰਸਦ ਦਾਗੀ ਹਨ ਅਤੇ ਪੰਜ ਫ਼ੀਸਦੀ ਅਰਬਪਤੀ ਹਨ। ਇਹਨਾਂ ਵਿੱਚੋਂ 29 ਫ਼ੀਸਦੀ ਦੇ ਖ਼ਿਲਾਫ਼ ਗੰਭੀਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿੱਚ ਹੱਤਿਆ, ਹੱਤਿਆ ਦੀ ਕੋਸ਼ਿਸ਼, ਅਗਵਾ ਅਤੇ ਮਹਿਲਾਵਾਂ ਨਾਲ ਵਧੀਕੀਆਂ ਦੇ ਦੋਸ਼ ਹਨ। ਇਹ ਅੰਕੜੇ ਐਸੋਸੀਏਸ਼ਨ ਫ਼ਾਰ ਡੈਮੋਕਰੈਟਿਕ ਰਿਫ਼ਾਰਮ ਦੀ ਰਿਪੋਰਟ ਤੋਂ ਸਾਹਮਣੇ ਆਏ ਹਨ। ਰਿਫ਼ਾਰਮ ਵੱਲੋਂ ਇਹ ਤੱਥ 2019 ਦੀਆਂ ਚੋਣਾਂ ਦੌਰਾਨ ਉਮੀਦਵਾਰਾਂ ਵੱਲੋਂ ਚੋਣ ਕਮਿਸ਼ਨ ਮੋਹਰੇ ਦਾਇਰ ਕੀਤੇ ਹਲਫ਼ਨਾਮੇ ਤੋਂ ਸਾਹਮਣੇ ਆਏ ਹਨ। ਨੌਂ ਦੇ ਖਿਲਾਫ਼ ਕਤਲ ਦੇ ਮਾਮਲੇ ਹਨ, 28 ਹੋਰਾਂ ਉੱਤੇ ਹੱਤਿਆ ਦੀ ਕੋਸ਼ਿਸ਼ ਦਾ ਮਾਮਲਾ ਦਰਜ ਹੈ। ਹੋਰ 16 ਖ਼ਿਲਾਫ਼ ਮਹਿਲਾਵਾਂ ਨਾਲ ਵਧੀਕੀਆਂ ਦੇ ਅਪਰਾਧ ਜੁੜੇ ਹੋਏ ਹਨ। ਹੈਰਾਨੀ ਦੀ ਗੱਲ ਇਹ ਕਿ ਤਿੰਨਾਂ ਉੱਤੇ ਤਾਂ ਮਹਿਲਾਵਾਂ ਨਾਲ ਜਬਰ ਜਨਾਹ ਕਰਨ ਦਾ ਦੋਸ਼ ਲੱਗਾ ਹੈ। ਰਿਪੋਰਟ ਦੇ ਮੁਤਾਬਕ 15 ਫ਼ੀਸਦੀ ਮਹਿਲਾਵਾਂ ਮੈਂਬਰ ਪਾਰਲੀਮੈਂਟ ਹਨ। ਇਹਨਾਂ ਵਿੱਚੋਂ 73 ਫ਼ੀਸਦੀ ਗ੍ਰੈਜੂਏਟ ਜਾਂ ਇਸ ਤੋਂ ਵੱਧ ਵਿੱਦਿਅਕ ਯੋਗਤਾ ਰੱਖਦੀਆਂ ਹਨ। ਰਿਪੋਰਟ ਮੁਤਾਬਕ 225 ਭਾਵ 44 ਫ਼ੀਸਦੀ ਉਮੀਦਵਾਰਾਂ ਨੇ ਉਹਨਾਂ ਖ਼ਿਲਾਫ਼ ਅਪਰਾਧਿਕ ਮਾਮਲੇ ਦਰਜ ਹੋਣ ਦੀ ਜਾਣਕਾਰੀ ਦਿੱਤੀ ਸੀ। ਇਹੋ ਵਜਾਹ ਹੈ ਕਿ ਭਾਰਤ ਵਿੱਚ ਸਿਆਸਤ, ਨਿਆਂ ਪਾਲਿਕਾ ਅਤੇ ਲੋਕਾਂ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਰਾਜਨੀਤੀ ਦਾ ਅਪਰਾਧੀਕਰਨ ਰਿਹਾ ਹੈ।

ਮੁਲਕ ਦੀ ਸੰਸਦ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਅਪਰਾਧਿਕ ਪਿਛੋਕੜ ਦੇ ਨੁਮਾਇੰਦਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਦੇਸ਼ ਦੀਆਂ ਸਰਕਾਰਾਂ ਜਾਂ ਸਿਆਸੀ ਪਾਰਟੀਆਂ ਨੂੰ ਇਸਦੀ ਚਿੰਤਾ ਨਹੀਂ ਹੈ। ਚੋਣ ਕਮਿਸ਼ਨ ਨੇ ਰਾਜਨੀਤੀ ਵਿੱਚ ਅਪਰਾਧੀਆਂ ਨੂੰ ਰੋਕਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਸੁਪਰੀਮ ਕੋਰਟ ਜ਼ਰੂਰ ਫ਼ਿਕਰਮੰਦ ਲਗਦੀ ਹੈ। ਦੇਸ਼ ਦੀ ਸਿਖਰਲੀ ਅਦਾਲਤ ਨੇ ਕਈ ਚਿਰ ਪਹਿਲਾਂ ਰਾਜਨੀਤਕ ਪਾਰਟੀਆਂ ਤੋਂ ਅਪਰਾਧਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਅੱਗੇ ਲਿਆਉਣ ਦਾ ਕਾਰਨ ਪੁੱਛਿਆ ਸੀ। ਦਾਗੀ ਨੇਤਾਵਾਂ ਦੇ ਚੋਣ ਲੜਨ ਉੱਤੇ ਪਾਬੰਦੀ ਲਾਉਣ ਦਾ ਫ਼ੈਸਲਾ ਭਾਰਤੀ ਚੋਣ ਕਮਿਸ਼ਨ ਨੂੰ ਤਾਕਤਵਰ ਬਣਾ ਸਕਦਾ ਸੀ ਜੇ ਉਹ ਰਾਜਨੀਤਕ ਪਾਰਟੀਆਂ ਅਤੇ ਸਰਕਾਰ ਤੋਂ ਸਪਸ਼ਟੀਕਰਨ ਮੰਗਣ ਦਾ ਦਮ ਦਿਖਾ ਦਿੰਦਾ।

ਅਸਲ ਵਿੱਚ ਲੋਕਤੰਤਰ ਦਾ ਮਤਲਬ ਲੋਕਾਂ ਦੀ ਸਰਕਾਰ ਹੁੰਦਾ ਹੈ ਪਰ ਮੇਰੇ ਭਾਰਤ ਦੇਸ਼ ਮਹਾਨ ਵਿੱਚ ਇਸਦੇ ਅਰਥ ਪਲਟ ਗਏ ਲੱਗਦੇ ਹਨ। ਸਰਕਾਰੀ ਅੰਕੜੇ ਦੱਸਦੇ ਹਨ ਕਿ ਮੁਲਕ ਦੀ 15ਵੀਂ ਲੋਕ ਸਭਾ ਜਿਸਦੀ ਚੋਣ 2014 ਨੂੰ ਹੋਈ ਸੀ, ਲਈ ਚੁਣੇ ਗਏ ਮੈਂਬਰ ਪਾਰਲੀਮੈਂਟਾਂ ਵਿੱਚੋਂ 24 ਫ਼ੀਸਦੀ ਦਾ ਪਿਛੋਕੜ ਅਪਰਾਧਿਕ ਦੱਸਿਆ ਗਿਆ ਹੈ। ਉਸ ਤੋਂ ਅਗਲੀਆਂ ਭਾਵ 2019 ਦੀਆਂ ਚੋਣਾਂ ਵਿੱਚ ਅਪਰਾਧਿਕ ਪਿਛੋਕੜ ਵਾਲੇ ਮੈਂਬਰ ਪਾਰਲੀਮੈਂਟਾਂ ਦੀ ਗਿਣਤੀ ਵਧ ਕੇ 43 ਪ੍ਰਤੀਸ਼ਤ ਹੋ ਗਈ ਹੈ। ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਤਸਵੀਰ ਵੀ ਵੱਖਰੀ ਨਹੀਂ ਹੈ। ਸਾਰੀਆਂ ਸਿਆਸੀ ਪਾਰਟੀਆਂ ਵਿੱਚ ਅਪਰਾਧਿਕ ਪਿਛੋਕੜ ਵਾਲੇ ਲੀਡਰ ਦਾ ਬੋਲਬਾਲਾ ਹੈ, ਬੱਸ ਪ੍ਰਤੀਸ਼ਤਤਾ ਘੱਟ ਵੱਧ ਹੋ ਸਕਦੀ ਹੈ।

ਭਾਰਤ ਦੀ ਪਾਰਲੀਮੈਂਟ ਵਿੱਚ ਕੁੱਲ 542 ਮੈਂਬਰ ਚੁਣ ਕੇ ਆਏ ਸਨ ਜਿਨ੍ਹਾਂ ਵਿੱਚ 233 ਭਾਵ 44 ਖਿਲਾਫ਼ ਅਪਰਾਧਿਕ ਮਾਮਲੇ ਚੱਲ ਰਹੇ ਹਨ। ਇੱਥੇ ਹੀ ਬੱਸ ਨਹੀਂ 233 ਵਿੱਚ 159 ਦੇ ਖਿਲਾਫ਼ ਗੰਭੀਰ ਕਿਸਮ ਦੇ ਕੇਸ ਦਰਜ ਕੀਤੇ ਗਏ ਹਨ। ਅਪਰਾਧਕ ਬਿਰਤੀ ਵਾਲੇ ਲੀਡਰਾਂ ਦਾ ਕੇਰਲਾ ਅਤੇ ਬਿਹਾਰ ਵਿੱਚ ਜ਼ਿਆਦਾ ਬੋਲ-ਬਾਲਾ ਹੈ। ਰਾਜ ਸਭਾ ਦੀ ਅਗਵਾਈ ਵੀ ਅਪਰਾਧਿਕ ਪਿਛੋਕੜ ਵਾਲੇ 72 ਫ਼ੀਸਦੀ ਮੈਂਬਰ ਕਰਦੇ ਹਨ। ਹੋਰ ਤਾਂ ਹੋਰ, ਦੋ ਦੇ ਖਿਲਾਫ਼ ਹੱਤਿਆ, ਚਾਰ ਦੇ ਖ਼ਿਲਾਫ਼ ਇਰਾਦਾ ਕਤਲ ਅਤੇ ਇੱਕ ਦੇ ਖਿਲਾਫ਼ ਬਲਾਤਕਾਰ ਦਾ ਕੇਸ ਚੱਲ ਰਿਹਾ ਹੈ।

ਹਰੇਕ ਪਾਰਟੀ ਦੇ ਅੰਦਰ ਝਾਤ ਮਾਰੀਏ ਤਾਂ ਰਾਜ ਸਭਾ ਲਈ ਭਾਜਪਾ ਦੇ ਚੁਣੇ ਗਏ ਮੈਂਬਰਾਂ ਵਿੱਚੋਂ 24 ਫ਼ੀਸਦੀ ਦਾ ਪਿਛੋਕੜ ਅਪਰਾਧਿਕ ਹੈ। ਕਾਂਗਰਸ ਦੇ ਅਪਰਾਧੀ ਪਿਛੋਕੜ ਵਾਲੇ 47 ਫ਼ੀਸਦੀ ਮੈਂਬਰ ਹਨ। ਆਪ ਦੇ ਮੈਂਬਰ 30 ਫ਼ੀ ਸਦੀ ਦੱਸੇ ਗਏ ਹਨ। ਤ੍ਰਿਣਮੂਲ ਕਾਂਗਰਸ ਦੇ 23 ਫ਼ੀਸਦੀ, ਮਾਰਕਸਵਾਦੀ ਪਾਰਟੀ ਅਤੇ ਰਾਸ਼ਟਰੀ ਜਨਤਾ ਦਲ ਦੇ 80-80 ਫ਼ੀਸਦੀ ਮੈਂਬਰਾਂ ਦਾ ਪਿਛੋਕੜ ਅਪਰਾਧਿਕ ਹੈ। ਇਸੇ ਤਰ੍ਹਾਂ ਲੋਕ ਸਭਾ ਦੀ ਗੱਲ ਕਰੀਏ ਤਾਂ ਭਾਰਤੀ ਜਨਤਾ ਪਾਰਟੀ ਦੇ 39 ਫ਼ੀਸਦੀ ਅਤੇ ਕਾਂਗਰਸ ਦੇ 57 ਫ਼ੀਸਦੀ ਮੈਂਬਰ ਅਪਰਾਧਿਕ ਪਿਛੋਕੜ ਵਾਲੇ ਹਨ। ਆਮ ਆਦਮੀ ਪਾਰਟੀ ਦੇ 88 ਫ਼ੀਸਦੀ ਮੈਂਬਰਾਂ ਦਾ ਪਿਛੋਕੜ ਅਪਰਾਧੀ ਹੈ। ਤ੍ਰਿਣਮੂਲ ਕਾਂਗਰਸ ਦੇ 50 ਫ਼ੀਸਦੀ, ਮਾਰਕਸਵਾਦੀ ਪਾਰਟੀ ਦੇ 41 ਫ਼ੀਸਦੀ ਅਤੇ ਰਾਸ਼ਟਰੀ ਜਨਤਾ ਦਲ ਦੇ 67 ਫ਼ੀਸਦੀ ਮੈਂਬਰ ਅਪਰਾਧਿਕ ਪਿਛੋਕੜ ਵਾਲੇ ਦੱਸੇ ਗਏ ਹਨ। ਆਜ਼ਾਦ ਮੈਂਬਰਾਂ ਵਿੱਚੋਂ 58 ਫ਼ੀਸਦੀ ਦਾ ਪਿਛੋਕੜ ਅਪਰਾਧਿਕ ਹੈ। ਹੋਰ ਤਾਂ ਹੋਰ 106 ਮੈਂਬਰ ਪਾਰਲੀਮੈਂਟ ਸੀ.ਬੀ.ਆਈ. ਜਾਂ ਈ.ਡੀ. ਦੀ ਕੁੜਿੱਕੀ ਫ਼ਸੇ ਹੋਏ ਹਨ।



ਰਿਪੋਰਟ ਵਿੱਚ ਸੰਸਦ ਮੈਂਬਰਾਂ ਵਿੱਚ ਦੌਲਤ ਦੇ ਅਸੰਤੁਲਨ ਬਾਰੇ ਵੀ ਦੱਸਿਆ ਗਿਆ ਹੈ। ਕਈਆਂ ਕੋਲ ਸੈਂਕੜੇ ਕਰੋੜਾਂ ਦੀ ਜਾਇਦਾਦ ਹੈ ਜਦੋਂ ਕਿ ਦੂਜਿਆਂ ਕੋਲ ਸੀਮਤ ਸਾਧਨ ਹਨ। ਵਿਸ਼ੇਸ਼ ਤੌਰ 'ਤੇ ਸਭ ਤੋਂ ਵੱਧ ਐਲਾਨੀ ਜਾਇਦਾਦ ਵਾਲੇ ਕਾਂਗਰਸ ਦੇ ਕਮਲਨਾਥ ਡੀ. ਕੇ. ਸੁਰੇਸ਼ ਅਤੇ ਕਾਨੂੰਨ ਮੰਤਰੀ ਰਾਮਾ ਕ੍ਰਿਸ਼ਨ ਰਾਜੂ ਹਨ। ਇਹਨਾਂ ਦੀ ਜਾਇਦਾਦ ਸੈਂਕੜੇ ਕਰੋੜਾਂ ਵਿੱਚ ਹੈ। ਰਿਪੋਰਟ ਵਿੱਚ ਮੌਜੂਦਾ ਸੰਸਦ ਮੈਂਬਰਾਂ ਵਿੱਚ ਵਿੱਦਿਅਕ ਪਿਛੋਕੜ, ਉਮਰ ਅਤੇ ਲਿੰਗ ਵੰਡ ਨੂੰ ਵੀ ਉਜਾਗਰ ਕੀਤਾ ਗਿਆ ਹੈ। ਉੱਤਰ ਪ੍ਰਦੇਸ਼ ਬਿਹਾਰ ਆਂਧਰਾ ਪ੍ਰਦੇਸ਼ ਤਿਲੰਗਾਨਾ ਅਤੇ ਹਿਮਾਚਲ ਦੇ 50 ਫ਼ੀਸ ਤੋਂ ਜ਼ਿਆਦਾ ਸੰਸਦ ਅਪਰਾਧਕ ਦੋਸ਼ਾਂ ਵਿੱਚ ਘਿਰੇ ਹੋਏ ਹਨ।

ਦੇਸ਼ ਦੀ ਸੁਪਰੀਮ ਕੋਰਟ ਵਿੱਚ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ਦੇ ਸਰਕਾਰ ਵਿੱਚ ਦਾਖਲੇ ਦੇ ਖਿਲਾਫ਼ ਦਾਇਰ ਇੱਕ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਅਜਿਹੇ ਲੀਡਰ, ਜਿਨ੍ਹਾਂ ਦੇ ਖਿਲਾਫ਼ ਚਾਰਜਸ਼ੀਟ ਦਾਇਰ ਕੀਤੀ ਗਈ ਹੋਵੇ ਜਾਂ ਅਦਾਲਤ ਵਿੱਚ ਦੋਸ਼ ਆਇਦ ਕੀਤੇ ਗਏ ਹੋਣ, ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਅਦਾਲਤ ਦੀ ਸੁਣਵਾਈ ਦੌਰਾਨ ਭਾਰਤੀ ਚੋਣ ਕਮਿਸ਼ਨ ਨੇ ਸਪਸ਼ਟ ਕਰ ਦਿੱਤਾ ਹੈ ਕਿ ਸਰਕਾਰ ਵੱਲੋਂ ਕਾਨੂੰਨ ਬਣਾਏ ਜਾਣ ਤਕ ਕਿਸੇ ਨੂੰ ਵੀ ਚੋਣ ਲੜਨ ਤੋਂ ਰੋਕਿਆ ਨਹੀਂ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਪਟੀਸ਼ਨ 'ਤੇ ਦਾਇਰ ਕੀਤੀ ਸੁਣਵਾਈ ਦੌਰਾਨ ਭਾਰਤੀ ਚੋਣ ਕਮਿਸ਼ਨ ਤੋਂ ਹਲਫ਼ੀਆ ਬਿਆਨ ਮੰਗ ਲਿਆ ਸੀ। ਸੁਪਰੀਮ ਕੋਰਟ ਦੀ ਇਸ ਮਹੱਤਵਪੂਰਨ ਫ਼ੈਸਲੇ ਤੋਂ ਬਾਅਦ ਗੇਂਦ ਸਰਕਾਰ ਦੇ ਵਿਹੜੇ ਵਿੱਚ ਆ ਡਿਗੀ ਸੀ। ਉਂਝ ਭਾਰਤੀ ਚੋਣ ਕਮਿਸ਼ਨ ਨੇ ਅਦਾਲਤ ਵਿੱਚ ਇਹ ਵੀ ਕਿਹਾ ਹੈ ਕਿ ਉਹ ਰਾਜਨੀਤੀ ਨੂੰ ਅਪਰਾਧ ਮੁਕਤ ਕਰਨ ਦੇ ਹੱਕ ਵਿੱਚ ਹਨ। ਪਰ ਨਾਲ ਹੀ ਇਹ ਵੀ ਕਹਿ ਦਿੱਤਾ ਹੈ ਕਿ ਅਪਰਾਧ ਨੂੰ ਰੋਕਣਾ ਉਸ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ ਹੈ। ਅਜਿਹਾ ਕਰਨ ਲਈ ਭਾਰਤ ਦੀ ਕੇਂਦਰ ਸਰਕਾਰ ਨੂੰ ਨਵਾਂ ਕਾਨੂੰਨ ਬਣਾਉਣਾ ਪਵੇਗਾ।

ਸਿਆਸੀ ਨੇਤਾ ਗਿਰਗਿਟ ਦੀ ਤਰ੍ਹਾਂ ਰੰਗ ਬਦਲਦੇ ਹਨ। ਸਿਆਸਤਦਾਨ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਸੁਦਾਗਰ ਬਣਨ ਲੱਗੇ ਹਨ। ਉਹ ਮੁਨਾਫ਼ੇ ਵਾਲੇ ਬੇੜੇ ਵਿੱਚ ਸਵਾਰ ਹੋ ਰਹੇ ਹਨ। ਲੋਕਤੰਤਰ ਵਿੱਚ ਹਰ ਵਿਅਕਤੀ ਆਜ਼ਾਦ ਹੈ। ਉਹ ਕਿਸੇ ਵੀ ਪਾਰਟੀ ਜਾਂ ਵਿਚਾਰਧਾਰਾ ਨੂੰ ਅਪਣਾ ਸਕਦਾ ਹੈ ਪਰ ਨਿੱਜੀ ਸਵਾਰਥ ਲਈ ਜਨਤਕ ਹਿਤਾਂ ਨੂੰ ਢਾਲ ਨਹੀਂ ਬਣਾ ਸਕਦਾ। ਸਿਧਾਂਤਾਂ ਦੇ ਬਗੈਰ ਰਾਜਨੀਤੀ ਕਿਸੇ ਕੰਮ ਦੀ ਨਹੀਂ ਹੈ। ਰਾਜਨੀਤਿਕ ਬੁਰਾਈਆਂ ਨੂੰ ਦੂਰ ਕਰਨ ਲਈ ਜਨਤਾ ਦੀ ਭੂਮਿਕਾ ਮਹੱਤਵਪੂਰਨ ਹੈ। ਬਗੈਰ ਸੋਚੇ ਸਮਝੇ ਚੁਣੇ ਗਏ ਅਪਰਾਧੀਆਂ ਦੀ ਕੀਮਤ ਲੋਕਾਂ ਨੂੰ ਹੀ ਚੁਕਾਉਣੀ ਪੈਂਦੀ ਹੈ।ਮੁਲਕ ਦੀ ਸਿਆਸਤ ਵਿੱਚੋਂ ਅਪਰਾਧੀਆਂ ਨੂੰ ਲਾਂਭੇ ਕਰਨ ਲਈ ਵੱਡੀ ਜ਼ਿੰਮੇਵਾਰੀ ਸਰਕਾਰ ਉੱਤੇ ਪਾਈ ਗਈ ਸੀ। ਸਿਆਸਤਦਾਨਾਂ ਵੱਲੋਂ ਅਦਾਲਤ ਦੇ ਹੁਕਮਾਂ ਉੱਤੇ ਕੰਨ ਨਾ ਧਰਨ ਤੋਂ ਬਾਅਦ ਨਿਆਂ ਪਾਲਕਾਂ ਨੇ ਸਿਆਸਤਦਾਨਾਂ ਦੀ ਸ਼ਾਮਤ ਲਿਆਉਣੀ ਸ਼ੁਰੂ ਕਰ ਦਿੱਤੀ। ਤਸੱਲੀ ਦੀ ਗੱਲ ਹੈ ਕਿ ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਅਪਰਾਧੀਆਂ ਦੀ ਸਰਕਾਰ ਵਿੱਚ ਦਾਖਲੇ ਨੂੰ ਲੈ ਕੇ ਚਿੰਤਤ ਨਜ਼ਰ ਆਉਣ ਲੱਗੀ ਹੈ। ਭਾਰਤੀ ਚੋਣ ਕਮਿਸ਼ਨ ਨੇ ਇੱਕ ਤਰ੍ਹਾਂ ਨਾਲ ਭਾਵੇਂ ਹੱਥ ਖੜ੍ਹੇ ਕਰ ਦਿੱਤੇ ਹਨ ਪਰ ਕਿਤੇ ਨਾ ਕਿਤੇ ਰਾਜਨੀਤੀ ਨੂੰ ਅਪਰਾਧ ਤੋਂ ਦੂਰ ਰੱਖਣ ਦੀ ਇੱਛਾ ਜ਼ਰੂਰ ਜ਼ਾਹਿਰ ਕੀਤੀ ਹੈ। ਅਸਲ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਵੋਟਰਾਂ ਦੀ ਬਣਦੀ ਹੈ। ਜੇ ਉਹ ਅਪਰਾਧਕ ਬਿਰਤੀ ਵਾਲੇ ਲੀਡਰਾਂ ਨੂੰ ਰੱਦ ਕਰ ਦੇਣ ਤਾਂ ਉਹ ਲੋਕ ਸਿਆਸਤ ਵਿੱਚ ਆਉਣ ਦਾ ਸੁਪਨਾ ਦੇਖਣ ਤੋਂ ਹਟ ਜਾਣਗੇ। ਇੱਕ ਜਾਣਕਾਰੀ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਭਾਰਤ ਦੇ 65 ਫ਼ੀਸਦੀ ਵੋਟਰ ਉਮੀਦਵਾਰ ਨੂੰ ਨਹੀਂ, ਸਗੋਂ ਪਾਰਟੀ ਦੇ ਨਾਂ 'ਤੇ ਵੋਟ ਪਾਉਂਦੇਹਨ। ਇਹ ਅਜਿਹੀ ਭੇਡ ਚਾਲ ਹੈ ਜਿਸ ਕਰਕੇ ਭ੍ਰਿਸ਼ਟ, ਚੋਰ, ਕਾਤਲ ਅਤੇ ਬਲਾਤਕਾਰੀਆਂ ਸਮੇਤ ਅਗਵਾਕਾਰੀ ਲੀਡਰਾਂ ਦਾ ਸਰਕਾਰੀ ਕੁਰਸੀ ਉੱਤੇ ਦਾਅ ਲੱਗ ਜਾਂਦਾ ਰਿਹਾ ਹੈ। ਸੁਪਰੀਮ ਕੋਰਟ ਦਾ ਇਹ ਫ਼ੈਸਲਾ ਵੋਟਰਾਂ ਲਈ ਰਾਹ ਦਸੇਰਾ ਬਣ ਸਕਦਾ ਹੈ। ਜਦੋਂ ਤਕ ਵੋਟਰ ਦਾਗੀ ਨੇਤਾਵਾਂ ਨੂੰ ਰੱਦ ਕਰਨ ਦਾ ਹੀਆ ਨਹੀਂ ਕਰਦੇ, ਉਦੋਂ ਤਕ ਮੁਲਕ ਦੀ ਸਿਆਸਤ ਚਿੱਕੜ ਵਿੱਚੋਂ ਬਾਹਰ ਨਹੀਂ ਨਿਕਲ ਸਕੇਗੀ। ਰੱਬ, ਅੱਲਾ, ਵਾਹਿਗੁਰੂ ਸਾਨੂੰ ਸਭ ਨੂੰ ਸਮੱਤ ਬਖਸ਼ੇ ਕਿ ਅਸੀਂ ਖਰੇ ਖੋਟੇ ਦੀ ਪਰਖ ਕਰਨ ਦਾ ਦਮ ਭਰਨ ਵਿੱਚ ਫ਼ਖਰ ਮਹਿਸੂਸ ਕਰੀਏ।

ਭਾਰਤ ਦੇ ਚੋਣ ਕਮਿਸ਼ਨ ਵੱਲੋਂ ਇਹਨਾਂ ਚੋਣਾਂ ਵਿੱਚ ਉਮੀਦਵਾਰਾਂ ਦੇ ਖਰਚੇ ਦੀ ਮਿਆਦ 95 ਲੱਖ ਰੁਪਏ ਮੁਕਰਰ ਕੀਤੀ ਗਈ ਹੈ ਜਦੋਂ ਕਿ ਚੋਣਾਂ ਨਾਲ ਸੰਬੰਧਿਤ ਕੁਝ ਏਜੰਸੀਆਂ ਵੱਲੋਂ ਹਰੇਕ ਉਮੀਦਵਾਰ ਵੱਲੋਂ ਔਸਤਨ 6 ਕਰੋੜ ਰੁਪਏ ਖਰਚ ਕਰਨ ਦਾ ਅੰਦਾਜ਼ਾ ਲਾਇਆ ਗਿਆ ਹੈ। ਅੰਦਾਜ਼ਾ ਤਾਂ ਇਹ ਵੀ ਹੈ ਕਿ ਇਹਨਾਂ ਚੋਣਾਂ ਵਿੱਚ ਇੱਕ ਲੱਖ ਕਰੋੜ ਰੁਪਏ ਤੋਂ ਵੱਧ ਖਰਚਾ ਆਵੇਗਾ ਜਦੋਂ ਕਿ ਪਿਛਲੀ ਵਾਰ ਦੀਆਂ ਚੋਣਾਂ 60 ਹਜ਼ਾਰ ਕਰੋੜ ਨੂੰ ਪਾਰ ਕਰ ਗਈਆਂ ਸਨ। ਭਾਰਤੀ ਚੋਣ ਕਮਿਸ਼ਨ ਵੱਲੋਂ ਵੀ ਖਰਚ ਉੱਤੇ ਇੱਕ ਪਰਦਾ ਰੱਖ ਲਿਆ ਗਿਆ ਹੈ, ਉਹ ਇਹ ਕਿ ਪਾਰਟੀਆਂ ਉੱਤੇ ਖਰਚ ਕਰਨ ਦੀ ਕੋਈ ਪਾਬੰਦੀ ਨਹੀਂ ਲਾਈ ਗਈ ਹੈ। ਚੋਣ ਮੈਦਾਨ ਵਿੱਚ ਨਿੱਤਰ ਰਹੇ ਉਮੀਦਵਾਰ ਵੀ ਘੱਟ ਚਲਾਕ ਨਹੀਂ ਹਨ। ਉਹਨਾਂ ਨੇ ਆਪਣੇ ਖਰਚੇ ਕਈ ਹੋਰ ਖਾਤਿਆਂ ਵਿੱਚ ਪਾਉਣੇ ਸ਼ੁਰੂ ਕਰ ਦਿੱਤੇ ਹਨ। ਇੱਕ ਹੋਰ ਢੰਗ ਵੀ ਲੱਭਿਆ ਗਿਆ ਹੈ ਕਿ ਵੱਧ ਪੈਸੇ ਦੇ ਕੇ ਰਸੀਦ ਘੱਟ ਦੀ ਲੈ ਲਈ ਜਾਂਦੀ ਹੈ। ਸਿਤਮ ਇਹ ਕਿ ਚੋਣ ਕਮਿਸ਼ਨ ਸਭ ਕੁਝ ਜਾਣਦਿਆਂ ਹੋਇਆਂ ਵੀ ਅੱਖਾਂ ਬੰਦ ਕਰੀ ਬੈਠਾ ਹੈ। ਫ਼ਿਰ ਵੋਟਰ ਇਨਸਾਫ਼ ਦੀ ਉਮੀਦ ਕਿਸ ਤੋਂ ਰੱਖੇ ? ਮੁਲਕ ਦੀ ਨਿਆਪਾਲਿਕਾ ਤਾਂ ਪਹਿਲਾਂ ਹੀ ਹੱਥ ਖੜ੍ਹੇ ਕਰ ਚੁੱਕੀ ਹੈ। ਹਾਕਮ ਆਪਣੇ ਪੈਰ ਆਪ ਕੁਹਾੜਾ ਮਾਰਨ ਤਾਂ ਕਿਉਂ।

# ਪਹਿਲਾਂ ਵਾਂਗ ਜਮਹੂਰੀਅਤ, ਸੰਘੀ ਢਾਂਚੇ ਦੀ ਮਜ਼ਬੂਤੀ ਲਈ ਕੰਮ ਕਰੇ ਅਕਾਲੀ ਦਲ

ਐਡਵੋਕੇਟ ਅਮਰਦੀਪ ਸਿੰਘ

ਸ੍ਰੀ ਅਕਾਲ ਤਖ਼ਤ 'ਤੇ ਫ਼ੌਜੀ ਹਮਲਾ ਕਰਵਾਉਣ ਵਾਲੀ ਕਾਂਗਰਸ ਪਾਰਟੀ ਅੱਜ ਢਹਿ-ਢੇਰੀ ਹੁੰਦੀ ਜਾ ਰਹੀ ਹੈ। ਇਤਿਹਾਸ ਮੁੜ ਦੁਹਰਾਉਣ ਜਾ ਰਿਹਾ ਹੈ ਕਿ ਮੁਗ਼ਲ ਹਕੂਮਤ ਵੱਲੋਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਲਗਾਇਆ ਗਿਆ ਤਾਂ ਵਿਸ਼ਾਲ ਮੁਗ਼ਲ ਸਾਮਰਾਜ ਢਹਿ-ਢੇਰੀ ਹੋ ਗਿਆ। ਉਹ ਗੱਲ ਅੱਜ ਕਾਂਗਰਸ ਨਾਲ ਵੀ ਵਾਪਰ ਰਹੀ ਹੈ। ਬੇਸ਼ੱਕ ਇੰਦਰਾ ਗਾਂਧੀ ਤੇ ਰਾਜੀਵ ਗਾਂਧੀ ਦੀ ਮੌਤ ਤੋਂ ਬਾਅਦ ਕੁਝ ਸਮੇਂ ਤੱਕ ਕਾਂਗਰਸ ਦਾ ਜਹਾਜ਼ ਡਿਕਡੋਲੇ ਖਾਂਦਾ ਰਿਹਾ, ਪਰ ਉਹ ਹੁਣ ਕਹਾਵਤ ਮੁਤਾਬਿਕ ਡੁੱਬਦਾ ਜਾ ਰਿਹਾ ਹੈ। ਜੇਕਰ ਆਦਰਸ਼ਾਂ ਦੀ ਗੱਲ ਕਰੀਏ ਤਾਂ ਕਿਸੇ ਵੀ ਪਾਰਟੀ ਦੇ ਆਦਰਸ਼ ਅਤੇ ਨੀਤੀਆਂ ਉਸ ਦੇ ਆਗੂਆਂ ਦੇ ਆਚਾਰ ਅਤੇ ਵਿਹਾਰ ਤੋਂ ਹੀ ਦੇਖੀਆਂ ਜਾ ਸਕਦੀਆਂ ਹਨ। ਸਮੁੱਚੇ ਤੌਰ 'ਤੇ ਅੱਜ ਬਹੁਤੀਆਂ ਸਿਆਸੀ ਪਾਰਟੀਆਂ ਵਿੱਚ ਚੋਖਾ ਨਿਘਾਰ ਆ ਚੁੱਕਾ ਹੈ। ਜੇਕਰ ਹਿਮਾਚਲ ਤੋਂ ਰਾਜ ਸਭਾ ਦੀ ਚੋਣ ਨੂੰ ਲੈ ਕੇ ਗੱਲ ਕਰੀਏ ਤਾਂ ਹਿਮਾਚਲ ਕਾਂਗਰਸ ਦੇ ਇੰਚਾਰਜ ਦੇ ਕਹਿਣ ਮੁਤਾਬਿਕ 6 ਵਿਧਾਇਕ ਉਨ੍ਹਾਂ ਨਾਲ ਖਾਣੇ ਅਤੇ ਨਾਸ਼ਤੇ 'ਤੇ ਹਾਜ਼ਰ ਸਨ, ਪਰ ਵੋਟਾਂ ਦੂਜੇ ਪਾਸੇ ਵਿਰੋਧੀ ਪਾਰਟੀ ਦੇ ਮੈਂਬਰ ਦੇ ਹੱਕ ਵਿੱਚ ਪਾ ਗਏ।

ਇਸੇ ਤਰ੍ਹਾਂ ਪਿਛਲੇ ਦਿਨੀਂ ਗੁਰਪ੍ਰੀਤ ਸਿੰਘ ਜੀ.ਪੀ. ਅਤੇ ਡਾ. ਰਾਜ ਕੁਮਾਰ ਚੱਬੇਵਾਲ ਜਦੋਂ ਕਾਂਗਰਸ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਜਾਂਦੇ ਹਨ ਤਾਂ ਉਨ੍ਹਾਂ ਦਾ ਸਵਾਗਤ ਕੀਤਾ ਜਾਂਦਾ ਹੈ ਅਤੇ ਜਦੋਂ ਰਿੰਕੂ ਕਾਂਗਰਸ ਛੱਡ ਕੇ 'ਆਪ' ਵਿੱਚ ਆਇਆ ਤਾਂ ਵੀ 'ਆਪ' ਵੱਲੋਂ ਸਵਾਗਤ ਕੀਤਾ ਜਾਂਦਾ ਹੈ, ਪਰ ਜਦੋਂ ਸੁਸ਼ੀਲ ਰਿੰਕੂ ਤੇ ਸ਼ੀਤਲ ਅੰਗੁਰਾਲ ਵਰਗੇ ਵਿਅਕਤੀ ਸੱਤਾਧਾਰੀ ਪਾਰਟੀ ਛੱਡ ਕੇ ਭਾਜਪਾ ਵਿੱਚ ਸ਼ਾਮਿਲ ਹੁੰਦੇ ਹਨ ਤਾਂ 'ਆਪ' ਵੱਲੋਂ ਉਨ੍ਹਾਂ ਨੂੰ 'ਗ਼ਦਾਰ', 'ਚੁਫੇਰ-ਗੜ੍ਹੀਏ' ਵਰਗੇ ਸ਼ਬਦਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ।




ਇਸੇ ਤਰ੍ਹਾਂ ਦੀ ਮੌਕਾਪ੍ਰਸਤੀ ਬੇਅੰਤ ਸਿੰਘ ਪਰਿਵਾਰ ਦੇ ਨੌਜਵਾਨ ਆਗੂ ਰਵਨੀਤ ਸਿੰਘ ਬਿੱਟੂ ਵੱਲੋਂ ਵੀ ਵਿਖਾਈ ਗਈ ਹੈ। ਕੱਲ੍ਹ ਤੱਕ ਭਾਜਪਾ ਤੇ ਉਸ ਦੇ ਆਗੂਆਂ ਦੀ ਸਖ਼ਤ ਆਲੋਚਨਾ ਕਰਨ ਵਾਲਾ ਬਿੱਟੂ ਇਕਦਮ ਹੀ ਪਾਲਾ ਬਦਲ ਕੇ ਭਾਜਪਾ ਨੇਤਾਵਾਂ ਦੀ ਪ੍ਰਸੰਸਾ 'ਤੇ ਉੱਤਰ ਆਇਆ ਤੇ ਭਾਜਪਾ ਨੇ ਉਸ ਨੂੰ ਉਮੀਦਵਾਰ ਵੀ ਬਣਾ ਦਿੱਤਾ। ਸਿਆਸੀ ਪਾਰਟੀਆਂ ਦਾ ਕਿਰਦਾਰ ਕਿਥੋਂ ਕਿੱਥੇ ਤੱਕ ਪੁੱਜ ਗਿਆ ਹੈ ? ਸੱਤਾ ਦੀ ਭੁੱਖ ਪੂਰੀ ਕਰਨ ਲਈ ਆਗੂ ਸਿਧਾਂਤਾਂ ਤੇ ਨੀਤੀਆਂ ਨੂੰ ਪੈਰਾਂ ਹੇਠ ਰੋਲ ਰਹੇ ਹਨ। ਉਨ੍ਹਾਂ ਵਿੱਚ ਸਿਧਾਂਤਹੀਣ ਤੇ ਮੌਕਾਪ੍ਰਸਤੀ ਦੀ ਰਾਜਨੀਤੀ ਲਈ ਹੋੜ ਲੱਗੀ ਹੋਈ ਹੈ।

ਦੂਜੇ ਪਾਸੇ ਜੇਕਰ ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਜਾਪਦਾ ਹੈ ਕਿ ਪੁਰਾਣੀਆਂ ਗ਼ਲਤੀਆਂ ਦਾ ਮੰਥਨ ਕਰਦਿਆਂ ਉਹ ਆਪਣੀ ਸਿਧਾਂਤਕ ਸੇਧ ਠੀਕ ਕਰਨ ਦਾ ਯਤਨ ਕਰ ਰਿਹਾ ਹੈ। ਇਹ ਮੁੜ ਪੰਜਾਬ ਤੇ ਪੰਥ ਦੇ ਮੁੱਦਿਆਂ ਵੱਲ ਪਰਤ ਰਿਹਾ ਹੈ। ਬੰਦੀ ਸਿੰਘਾਂ ਦੀ ਰਿਹਾਈ, ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਰੱਖਿਆ, ਰਾਜਾਂ ਲਈ ਵੱਧ ਅਧਿਕਾਰ, ਸੂਬੇ ਦਾ ਪਾਕਿਸਤਾਨ ਨਾਲ ਵਪਾਰ ਮੁੜ ਸ਼ੁਰੂ ਕਰਨਾ, ਪਾਣੀਆਂ ਦੀ ਨਿਆਂਕਾਰੀ ਵੰਡ, ਪੰਜਾਬੀ ਭਾਸ਼ਾਈ ਖੇਤਰ ਤੇ ਚੰਡੀਗੜ੍ਹ ਪੰਜਾਬ ਵਿਚ ਸ਼ਾਮਿਲ ਕਰਨਾ ਆਦਿ ਮਸਲੇ ਉਠਾ ਕੇ ਉਹ ਮੁੜ ਆਪਣੀ ਲੀਹ 'ਤੇ ਚੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹੈ। ਸ਼ਾਇਦ ਇਸੇ ਲਈ ਕਈ ਵੱਡੇ ਨਾਰਾਜ਼ ਹੋਏ ਆਗੂ ਮੁੜ ਦਲ ਵਿੱਚ ਸ਼ਾਮਿਲ ਹੋ ਗਏ ਹਨ। ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਤੇ ਅਹੁਦੇਦਾਰ ਪਾਰਟੀ ਦੀ ਇਸ ਵਿਚਾਰਧਾਰਾ ਨਾਲ ਖੜ੍ਹੇ ਦਿਖਾਈ ਦੇਣ ਲੱਗੇ ਹਨ।

ਅੱਜ ਜਦੋਂ ਕਿ ਭਾਜਪਾ ਆਰ.ਐਸ.ਐਸ. ਦੀ ਸੋਚ ਲੈ ਕੇ ਫ਼ਿਰਕੂ ਧਰੁਵੀਕਰਨ ਦੀ ਨੀਤੀ ਨਾਲ ਅੱਗੇ ਵਧ ਰਹੀ ਹੈ ਤਾਂ ਅਕਾਲੀ ਦਲ ਦਾ ਆਪਣੇ ਵਿਚਾਰਾਂ 'ਤੇ ਖੜ੍ਹਨਾ ਵਿਸ਼ੇਸ਼ ਅਹਿਮੀਅਤ ਰੱਖਦਾ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਪਹਿਲਾਂ ਵਾਂਗ ਜਮਹੂਰੀਅਤ, ਸੰਘੀ ਢਾਂਚੇ ਦੀ ਮਜ਼ਬੂਤੀ ਲਈ ਕੰਮ ਕਰਨਾ ਚਾਹੀਦਾ ਹੈ। ਸਮੁੱਚੇ ਤੌਰ 'ਤੇ ਸਿਆਸੀ ਆਗੂਆਂ ਨੂੰ ਉਹ ਆਪਣੇ ਨਿੱਜੀ ਮੁਫ਼ਾਦਾਂ ਤੇ ਲਾਲਚਾਂ ਤੋਂ ਉੱਪਰ ਉਠ ਕੇ ਸੂਬੇ ਦੀ ਖ਼ੁਸ਼ਹਾਲੀ ਅਤੇ ਆਪਣੇ ਦੇਸ਼ ਦੀ ਬਿਹਤਰੀ ਲਈ ਕੰਮ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।

# ਪੰਜਾਬ 'ਚ ਰੀਅਲ ਅਸਟੇਟ ਦੇ ਸਿੱਧੇ-ਅਸਿੱਧੇ ਤਰੀਕਿਆਂ ਕਾਰਨ ਵਾਹੀਯੋਗ ਜ਼ਮੀਨ ਘਟਣ ਲੱਗੀ



**ਗੁਰਪ੍ਰੀਤ ਸਿੰਘ ਤੂਰ**
ਆਈ.ਪੀ.ਐਸ.

ਮਾਰਚ ਦਾ ਅੱਧ। ਚੰਡੀਗੜ੍ਹ ਤੋਂ ਆਉਂਦਿਆਂ ਮੋਰਿੰਡਾ ਲੰਘਦਿਆਂ ਮੈਂ ਚਾਹ ਪੀਣ ਲਈ ਢਾਬੇ 'ਤੇ ਰੁਕਿਆ। ਕਣੀਆਂ ਪੈਣ ਲੱਗੀਆਂ। ਮੌਸਮ ਮਾਣਦਿਆਂ ਚਾਹ ਦਾ ਗਲਾਸ ਮੈਂ ਦੋਵਾਂ ਹੱਥਾਂ ਵਿੱਚ ਘੁੱਟਿਆ, ਦੋ ਘੁੱਟਾਂ ਇਕੱਠੀਆਂ ਭਰੀਆਂ। ਸ਼ੈੱਡ 'ਤੇ ਪੈਂਦੀਆਂ ਕਣੀਆਂ ਦੀ ਆਵਾਜ਼, ਦੂਰ ਤੱਕ ਹਰੇ-ਭਰੇ ਖੇਤ, ਨਿਗ੍ਹਾ ਵਾਪਸ ਮੁੜੀ ਤਾਂ ਸੜਕ ਉੱਪਰ ਦੋ ਏਕੜ ਰਕਬੇ ਵਿੱਚ ਅਮਰੂਦਾਂ ਦਾ ਬਾਗ਼ ਪੁੱਟਿਆ ਜਾ ਰਿਹਾ ਸੀ ਤੇ ਚਾਰਦੀਵਾਰੀ ਕੀਤੀ ਜਾ ਰਹੀ ਸੀ। ਉਸੇ ਪਾਸੇ ਉਸ ਤੋਂ ਥੋੜ੍ਹਾ ਦੂਰ ਸਿੱਟਿਆਂ 'ਤੇ ਆਈ ਕਣਕ ਉੱਪਰ ਇੱਟਾਂ ਦੀ ਟਰਾਲੀ ਢੇਰੀ ਕੀਤੀ ਜਾ ਰਹੀ ਸੀ। ਸਾਹਮਣੇ ਵਾਲੇ ਪਾਸੇ ਪੂਰਬੀ ਕਾਮੇ ਕੰਧ ਕੱਢਣ ਵਿੱਚ ਰੁੱਝੇ ਹੋਏ ਸਨ। ਥੋੜ੍ਹਾ ਨੇੜੇ ਦੇਖਿਆ ਤਾਂ ਮੁੱਖ ਸੜਕ ਉੱਤੇ ਆਈਲੈਟਸ ਦੀ ਮਸ਼ਹੂਰੀ ਲਈ ਤਿੰਨ ਵੱਡੇ ਬੋਰਡ ਨਜ਼ਰ ਆਏ। ਮੌਸਮ ਹੁਣ ਉਹ ਨਹੀਂ ਰਹਿ ਗਿਆ ਸੀ, ਖ਼ਤਮ ਹੋ ਰਹੀ ਜ਼ਮੀਨ ਜਿਵੇਂ ਕੁਝ ਕਹਿ ਰਹੀ ਹੋਵੇ।

ਇਸ ਸਮੇਂ ਪੰਜਾਬ ਵਿੱਚ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਵੱਲੋਂ ਬਹੁਤ ਸਾਰੇ ਐਕਸਪ੍ਰੈੱਸ ਹਾਈਵੇਅਜ਼, ਬਾਈਪਾਸ ਤੇ ਲਿੰਕ ਸੜਕਾਂ ਉਸਾਰੀ ਅਧੀਨ ਹਨ। ਜ਼ਮੀਨ ਦਾ ਰਕਬਾ ਸੀਮਤ ਹੈ। ਉਸਾਰੀ ਦੇ ਇਨ੍ਹਾਂ ਵਿਕਾਸ ਯਤਨਾਂ ਨੂੰ ਵਿਹਾਰਕ ਅਤੇ ਉਪਜਾਊ ਜ਼ਮੀਨ ਦੇ ਨਿਰੰਤਰ ਘਟਣ ਦੇ ਪੱਖ ਤੋਂ ਵਿਚਾਰਿਆ ਜਾ ਰਿਹਾ ਹੈ।

ਸਾਲ 2000 ਵਿੱਚ ਪੰਜਾਬ ਕੋਲ 42.50 ਲੱਖ ਹੈਕਟੇਅਰ ਵਾਹੀਯੋਗ ਜ਼ਮੀਨ ਸੀ। 2000 ਤੋਂ ਇਹ ਜ਼ਮੀਨ ਲਗਭਗ ਦਸ ਹਜ਼ਾਰ ਹੈਕਟੇਅਰ ਪ੍ਰਤੀ ਸਾਲ ਦੀ ਰਫ਼ਤਾਰ ਨਾਲ ਘਟਦੀ ਆ ਰਹੀ ਹੈ। 2019-20 ਤੋਂ ਹੋਂਦ ਵਿੱਚ ਆਉਣ ਲੱਗੀਆਂ ਨਵੀਆਂ ਸੜਕਾਂ, ਅਬਾਦੀ ਦਾ ਦਬਾਅ ਅਤੇ ਰੀਅਲ ਅਸਟੇਟ ਦੇ ਸਿੱਧੇ-ਅਸਿੱਧੇ ਤਰੀਕਿਆਂ ਕਾਰਨ ਵਾਹੀਯੋਗ ਜ਼ਮੀਨ ਹੋਰ ਤੇਜ਼ੀ ਨਾਲ ਘਟਣ ਲੱਗੀ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੀ ਵੱਡੀ ਵਸੋਂ ਸਿੱਧੇ ਅਤੇ ਅਸਿੱਧੇ ਤੌਰ 'ਤੇ ਖੇਤੀ 'ਤੇ ਨਿਰਭਰ ਹੈ। ਵਾਹੀਯੋਗ ਜ਼ਮੀਨ ਨੂੰ ਹੋਰ ਉਦੇਸ਼ ਲਈ ਵਰਤਣਾ ਸੂਬੇ ਲਈ ਇੱਕ ਅਤਿਅੰਤ ਸੰਵੇਦਨਸ਼ੀਲ ਮੁੱਦਾ ਹੋਣ ਦੀ ਆਸ ਕੀਤੀ ਜਾਂਦੀ ਹੈ ਪਰ ਅਜਿਹਾ ਹੁੰਦਾ ਨਜ਼ਰ ਨਹੀਂ ਆਉਂਦਾ। ਭਾਵੇਂ ਵਿਕਾਸ ਲਈ ਇਹ ਜ਼ਰੂਰੀ ਹੈ ਪਰ ਨਵੀਆਂ ਸੜਕਾਂ ਦੀ ਉਸਾਰੀ ਕਾਰਨ ਵੱਡੀ ਪੱਧਰ 'ਤੇ ਉਪਜਾਊ ਜ਼ਮੀਨ ਨਿਰੰਤਰ ਘਟਦੀ ਜਾ ਰਹੀ ਹੈ।

ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਦੁਆਰਾ ਪੰਜਾਬ ਵਿੱਚ ਉਸਾਰੀ ਅਧੀਨ ਹਾਈਵੇਅਜ਼ ਨੂੰ ਗ੍ਰੀਨ ਅਤੇ ਬ੍ਰਾਊਨ ਫੀਲਡ ਪ੍ਰੋਜੈਕਟਾਂ ਵਿੱਚ ਵੰਡਿਆ ਗਿਆ ਹੈ। ਇਸ ਸਮੇਂ ਸੂਬੇ ਵਿੱਚ 16 ਗ੍ਰੀਨ ਅਤੇ 9 ਬ੍ਰਾਊਨ ਫੀਲਡ ਪ੍ਰੋਜੈਕਟ ਉਸਾਰੀ ਅਧੀਨ ਹਨ। ਨਵੀਆਂ ਸੜਕਾਂ ਨੂੰ ਗ੍ਰੀਨ ਫੀਲਡ ਪ੍ਰੋਜੈਕਟ ਦਾ ਨਾਮ ਦਿੱਤਾ ਗਿਆ ਹੈ ਜਦੋਂਕਿ ਪਹਿਲੀਆਂ ਸੜਕਾਂ ਚੌੜੀਆਂ ਕਰਨ ਨੂੰ ਬ੍ਰਾਊਨ ਫੀਲਡ ਪ੍ਰੋਜੈਕਟ ਦਾ ਨਾਮ ਦਿੱਤਾ ਗਿਆ ਹੈ। ਇਨ੍ਹਾਂ ਪ੍ਰੋਜੈਕਟਾਂ ਵਿੱਚ ਦਿੱਲੀ-ਕਟੜਾ ਗ੍ਰੀਨ ਫੀਲਡ ਪ੍ਰੋਜੈਕਟ ਪ੍ਰਮੁੱਖ ਹੈ ਜਿਸ ਦੀ ਲੰਬਾਈ 397 ਕਿਲੋਮੀਟਰ ਹੈ। ਇਹ ਸਾਰੇ ਪ੍ਰੋਜੈਕਟ ਸਾਲ 2019-20 ਤੋਂ ਹੋਂਦ ਵਿੱਚ ਆਏ ਹਨ। ਇੱਕ ਕਿਲੋਮੀਟਰ ਅਜਿਹੀ ਸੜਕ ਬਣਾਉਣ ਲਈ ਲਗਭਗ 6 ਹੈਕਟੇਅਰ ਜ਼ਮੀਨ ਵਰਤੋਂ ਵਿੱਚ ਆਉਂਦੀ ਹੈ। ਕਾਂਟ-ਛਾਂਟ ਪਾ ਕੇ 75 ਕਿਲੋਮੀਟਰ ਮਾਰਗ ਲਈ 500 ਹੈਕਟੇਅਰ ਜ਼ਮੀਨ ਦੀ ਵਰਤੋਂ ਹੁੰਦੀ ਹੈ। ਇਉਂ ਇਨ੍ਹਾਂ ਸਾਰੇ ਪ੍ਰੋਜੈਕਟਾਂ ਰਾਹੀਂ 25000 ਹੈਕਟੇਅਰ ਉਪਜਾਊ ਜ਼ਮੀਨ ਸੜਕਾਂ ਲਈ ਵਰਤ ਲਈ ਜਾਵੇਗੀ।

ਪ੍ਰਮੁੱਖ ਹਾਈਵੇਅਜ਼ ਜਦੋਂ ਸ਼ਹਿਰਾਂ ਕੋਲ ਦੀ ਲੰਘਦੇ ਹਨ ਤਾਂ ਟ੍ਰੈਫਿਕ ਸਹੂਲਤਾਂ ਲਈ ਵੱਡਾ ਵਲ਼ ਪਾ ਕੇ ਸ਼ਹਿਰਾਂ ਤੇ ਕਸਬਿਆਂ ਦੇ ਉੱਪਰਲੇ ਜਾਂ ਹੇਠਲੇ ਪਾਸੇ ਬਾਈਪਾਸ ਕੱਢੇ ਜਾਂਦੇ ਹਨ। ਇਨ੍ਹਾਂ ਬਾਈਪਾਸ ਦੇ ਸ਼ਹਿਰ/ਕਸਬੇ ਵਾਲੇ ਪਾਸੇ ਵਾਲੀ ਜ਼ਮੀਨ ਝਟਪਟ ਰੀਅਲ ਅਸਟੇਟ ਤੇ ਲੈਂਡ ਮਾਫ਼ੀਆ ਦੇ ਨਿਸ਼ਾਨੇ 'ਤੇ ਆ ਜਾਂਦੀ ਹੈ। ਜਦੋਂ ਕਿਸੇ ਖੇਤ ਦੀ ਚਾਰਦੀਵਾਰੀ ਹੋ ਜਾਂਦੀ ਹੈ ਤਾਂ ਜਲਦੀ ਹੀ ਉਸ ਦੇ ਆਸੇ-ਪਾਸੇ ਵਾਲੇ ਖੇਤ ਵੀ ਵਿਕ ਜਾਂਦੇ ਹਨ। ਚਾਰ ਦੀਵਾਰੀਆਂ ਵਿੱਚ ਘਿਰੇ ਖੇਤ ਛੇਤੀ ਹੀ ਸਾਹ ਛੱਡ ਜਾਂਦੇ ਹਨ। ਇਸ ਤਰ੍ਹਾਂ ਵੱਡੀ ਪੱਧਰ 'ਤੇ ਖੇਤੀਯੋਗ ਉਪਜਾਊ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ।

ਪੰਜਾਬ ਵਿੱਚ ਟੈਕਸ ਇਕੱਠਾ ਕਰਨ ਦੀ ਵਿਧੀ ਬੇਹੱਦ ਕਮਜ਼ੋਰ ਹੈ ਤੇ ਟੈਕਸ ਚੋਰੀ ਕਰਨ ਵਾਲਿਆਂ ਦੇ ਹੱਥ ਲੰਬੇ ਅਤੇ ਮਜ਼ਬੂਤ ਹਨ। ਇੰਝ ਹੋਂਦ ਵਿੱਚ ਆਇਆ ਕਾਲਾ ਧਨ ਸਰਕੁਲੇਸ਼ਨ ਤੋਂ ਬਾਹਰ ਹੋ ਕੇ ਸਮੁੱਚੇ ਵਿਕਾਸ ਦਾ ਹਿੱਸਾ ਨਹੀਂ ਬਣਦਾ ਸਗੋਂ ਕੁਝ ਕੁ ਹੱਥਾਂ ਵਿੱਚ ਇਕੱਠਾ ਹੁੰਦਾ ਰਹਿੰਦਾ ਹੈ। ਜ਼ਮੀਨ ਦੀ ਖਰੀਦ-ਵੇਚ ਵਿੱਚ ਕੱਚੇ-ਪੱਕੇ ਦਾ ਵੱਡਾ ਫ਼ਰਕ ਕਾਲੇ ਧਨ ਦੀ ਸਰਲ ਤੇ ਸੌਖੀ ਖ਼ਪਤ ਲਈ ਕਾਰਗਰ ਮਾਹੌਲ ਸਿਰਜਦਾ ਹੈ। ਇੰਨਾ ਹੀ ਨਹੀਂ ਇਹ 'ਸੌਦਾ' ਸਭ ਭਾਈਵਾਲਾਂ ਦੇ ਫ਼ਾਇਦੇ ਨੂੰ ਯਕੀਨੀ ਬਣਾਉਂਦਾ ਹੈ। ਕੱਚੇ-ਪੱਕੇ ਦਾ ਇਹ ਵੱਡਾ ਫ਼ਰਕ 'ਰਾਜਨੀਤਕ-ਪ੍ਰਸ਼ਾਸਨਿਕ ਤੇ ਅਮੀਰਾਂ' ਦੇ ਗੱਠਜੋੜ ਨੂੰ ਥਾਪੜਾ ਵੀ ਦਿੰਦਾ ਹੈ। ਨਵੀਆਂ ਬਣ ਰਹੀਆਂ ਸੜਕਾਂ ਦੇ ਆਸੇ-ਪਾਸੇ ਜ਼ਮੀਨਾਂ ਖਰੀਦਣੀਆਂ ਕਾਲੇ ਧਨ ਦੀ 'ਸਰਵੋਤਮ' ਵਰਤੋਂ ਹੈ। ਇਸ ਤਰ੍ਹਾਂ ਨਵੀਆਂ ਸੜਕਾਂ ਦੀ ਲੋੜ ਤੋਂ ਵੱਧ, ਨਵੀਆਂ ਸੜਕਾਂ ਦੇ ਨੇੜੇ-ਤੇੜੇ ਇਸ ਤਰੀਕੇ ਨਾਲ ਹੋਰ ਉਪਜਾਊ ਜ਼ਮੀਨ ਤੇਜ਼ੀ ਨਾਲ ਖੇਤੀ ਖੇਤਰ ਤੋਂ ਬਾਹਰ ਹੋ ਰਹੀ ਹੈ। ਕਾਲੇ ਧਨ ਦੀਆਂ ਛੱਲਾਂ ਨੇ ਦੂਰ ਤੱਕ ਖੇਤੀਯੋਗ ਉਪਜਾਊ ਜ਼ਮੀਨ ਦੇ ਕਿਨਾਰੇ ਖੋਰ ਦਿੱਤੇ ਹਨ। ਇਉਂ ਛੇਤੀ ਹੀ ਪੰਜਾਬ, ਕੇਂਦਰੀ ਪੂਲ ਵਿੱਚ ਸਭ ਤੋਂ ਵੱਧ ਅਨਾਜ ਪਾਉਣ ਦਾ ਦਾਅਵਾ ਕਰਨ ਤੋਂ ਅਸਮਰੱਥ ਹੋ ਜਾਵੇਗਾ।

ਨਵੀਆਂ ਸੜਕਾਂ ਦੇ ਆਸੇ-ਪਾਸੇ ਖਰੀਦੀਆਂ ਜਾ ਰਹੀਆਂ ਜ਼ਮੀਨਾਂ ਦੀਆਂ ਰਜਿਸਟਰੀ ਕੀਮਤਾਂ ਅਕਸਰ ਕੁੱਲ ਹੋਏ ਆਦਾਨ-ਪ੍ਰਦਾਨ ਦੇ ਤੀਜੇ ਹਿੱਸੇ ਤੋਂ ਵੀ ਘੱਟ ਹੁੰਦੀਆਂ ਹਨ। ਕਾਲੇ ਧਨ ਦਾ ਪਸਾਰ ਇੰਨਾ ਜ਼ਿਆਦਾ ਹੈ ਕਿ ਸੂਬੇ ਦਾ ਸਾਲਾਨਾ ਬਜਟ ਉਸ ਸਾਹਮਣੇ ਊਣਾ ਨਜ਼ਰ ਆਉਂਦਾ ਹੈ। ਲੁਧਿਆਣਾ ਤੋਂ ਫਿਰੋਜ਼ਪੁਰ ਤੱਕ ਸੜਕ ਦੇ ਦੋਵੇਂ ਪਾਸੇ ਅੱਧਿਓਂ ਵੱਧ ਜ਼ਮੀਨ ਵਿਕ ਚੁੱਕੀ ਹੈ। ਇਸ ਸੜਕ 'ਤੇ ਕੁਝ ਖੇਤਰ ਤਾਂ ਅਜਿਹੇ ਹਨ ਜਿੱਥੇ ਲਿੰਕ ਸੜਕਾਂ ਰਾਹੀਂ ਚਾਰ-ਚਾਰ, ਪੰਜ-ਪੰਜ ਕਿਲੋਮੀਟਰ ਅੰਦਰ ਤੱਕ ਜ਼ਮੀਨਾਂ ਵਿਕ ਗਈਆਂ ਹਨ। ਰਾਜਪੁਰਾ-ਜ਼ੀਰਕਪੁਰ ਸੜਕ ਦੇ ਆਸੇ-ਪਾਸੇ ਪੂਰੇ ਖੇਤ ਸਦਾ ਲਈ ਆਪਣੀ ਹੋਂਦ ਗੁਆ ਚੁੱਕੇ ਹਨ। ਇਸ ਪੱਖੋਂ ਪੰਜਾਬ 'ਚੋਂ ਲੰਘਦੇ ਸਾਰੇ ਕੌਮੀ ਤੇ ਸੂਬਾਈ ਸ਼ਾਹਰਾਹ ਰੈੱਡ ਜ਼ੋਨ ਵਿੱਚ ਹਨ। ਜਦੋਂ ਹਾਈਵੇਅਜ਼ ਅਤੇ ਨਵੀਆਂ ਸੜਕਾਂ ਦੀ ਨਿਸ਼ਾਨਦੇਹੀ ਹੋ ਰਹੀ ਹੁੰਦੀ ਹੈ, ਅਮੀਰ ਲੋਕ ਉਦੋਂ ਹੀ ਰੀਅਲ ਅਸਟੇਟ ਰਾਹੀਂ ਦੋ ਨੰਬਰ ਦੀਆਂ ਵੱਡੀਆਂ ਰਕਮਾਂ ਨਾਲ ਇਨ੍ਹਾਂ ਸੜਕਾਂ 'ਤੇ (**ਬਾਕੀ ਸਫ਼ਾ 31 'ਤੇ**)



# ਅਸੀਮ ਸ਼ਖਸ਼ੀਅਤ ਸਿੰਘ ਸਾਹਿਬ ਹਰਿਚਰਨ ਸਿੰਘ ਮਹਾਲੋਂ







5 ਫ਼ਰਵਰੀ 1986 ਨਕੋਦਰ ਠਾਣੇ ਦੇ ਬਾਹਰ

9 ਅਪ੍ਰੈਲ 2024 ਨੂੰ ਸਿੱਖ ਪੰਥ ਦੀ ਮਹਾਨ ਸਖ਼ਸ਼ੀਅਤ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਿਚਰਨ ਸਿੰਘ ਜੀ ਮਹਾਲੋਂ ਦੀਆਂ ਪੰਥ ਪ੍ਰਤੀ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਤਸਵੀਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਸਥਿਤ ਕੇਂਦਰੀ ਅਜਾਇਬ ਘਰ ਵਿੱਚ ਸੁਸ਼ੋਭਿਤ ਕੀਤੀ ਗਈ।

ਜ਼ਿਕਰਯੋਗ ਹੈ ਕਿ ਜਥੇਦਾਰ ਗਿਆਨੀ ਹਰਿਚਰਨ ਸਿੰਘ ਮਹਾਲੋਂ ਧਰਮ ਨੂੰ ਪ੍ਰਣਾਈ ਹੋਈ ਉਹ ਮਹਾਨ ਸ਼ਖਸ਼ੀਅਤ ਸਨ ਜਿਨ੍ਹਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਜਥੇਦਾਰ ਹੁੰਦਿਆਂ ਸਿੱਖ ਧਰਮ ਦੇ ਪ੍ਰਚਾਰ ਅਤੇ ਅੰਮ੍ਰਿਤਪਾਨ ਕਰਵਾਉਣ ਦੀ ਜੋ ਅਣਥੱਕ ਸੇਵਾ ਕੀਤੀ ਉਹ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈ ਹੋਵੇ। ਜਥੇਦਾਰ ਸਾਹਿਬ ਨੇ ਸਿੱਖ ਧਰਮ ਦੇ ਅਸੂਲਾਂ-ਮਰਯਾਦਾ ਤੇ ਸਾਰੀ ਉਮਰ ਡਟ ਕੇ ਪਹਿਰਾ ਦਿੱਤਾ ਜੋ ਕਿ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਆਪ ਜੀ ਨੇ ਆਪਣੀ ਇਸ ਸੇਵਾ ਦੌਰਾਨ ਸ਼੍ਰੋਮਣੀ ਕਮੇਟੀ ਤੋਂ ਕਿਸੇ ਵੀ ਤਰਾਂ ਦੀ ਮਾਲੀ ਮਦਦ, ਤਨਖ਼ਾਹ ਜਾਂ ਕੋਈ ਭੱਤਾ ਵਗੈਰਾ ਨਹੀਂ ਲਿਆ।

ਜਥੇਦਾਰ ਸਾਹਿਬ ਨੇ ਤਖ਼ਤ ਸ਼੍ਰੀ ਕੇਸਗੜ੍ਹ ਸਾਹਿਬ ਦੀ ਸੇਵਾ 26 ਮਾਰਚ 1980 ਨੂੰ ਸੰਭਾਲੀ ਅਤੇ 23 ਜਨਵਰੀ 1987 ਤੱਕ ਸੇਵਾ ਕੀਤੀ। ਇਸ ਤੋਂ ਪਹਿਲਾਂ ਆਪ ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਸਿੱਖੀ ਦਾ ਪ੍ਰਚਾਰ ਤੇ ਅੰਮ੍ਰਿਤਪਾਨ ਕਰਵਾਉਣ ਦੀ ਸੇਵਾ ਸਾਈਕਲ ਤੇ ਪਿੰਡ-ਪਿੰਡ ਜਾ ਕਰਦੇ ਰਹੇ। ਆਪ ਜੀ ਦਾ ਜੀਵਨ ਬਹੁਤ ਹੀ ਸਾਦਗੀ ਭਰਪੂਰ ਸੀ ਅਤੇ ਹਮੇਸ਼ਾਂ ਸਿੱਖੀ ਦੀ ਚੜ੍ਹਦੀਕਲਾ ਅਤੇ ਧਰਮ ਪ੍ਰਚਾਰ ਦੇ ਕਾਰਜ਼ਾਂ ਲਈ ਤਤਪਰ ਰਹਿੰਦੇ ਸਨ।

ਆਪਦੀ ਭੈਣ ਚਰਨ ਕੌਰ ਅਤੇ ਆਪ ਦਾ ਜਨਮ 8 ਜੁਲਾਈ 1925 ਨੂੰ ਮਾਤਾ ਬਸੰਤ ਕੋਰ ਪਤਨੀ ਸ. ਭਗਵਾਨ ਸਿੰਘ ਦੀ ਕੁੱਖੋਂ ਚੱਕ ਨੰ: 53 ਜੀ. ਬੀ. ਢੇਸੀਆਂ ਤਹਿਸੀਲ ਜੜ੍ਹਾਂਵਾਲਾ ਜ਼ਿਲ੍ਹਾ ਲਾਇਲਪੁਰ, ਲਹਿੰਦੇ ਪੰਜਾਬ (ਅਜੋਕੇ ਪਾਕਿਸਤਾਨ) ਵਿੱਚ ਹੋਇਆ।

ਪੰਜਾਬ ਦੀ ਵੰਡ ਸਮੇਂ ਆਪ ਆਪਣੇ ਚਚੇਰੇ ਭਰਾਵਾਂ ਜਗਜੀਤ ਸਿੰਘ ਅਤੇ ਜਵਾਲਾ ਸਿੰਘ ਨਾਲ ਪਿੰਡ ਕਮਾਲਪੁਰ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਆ ਗਏ। ਇੱਥੇ ਹੀ ਇਨ੍ਹਾਂ ਦੀ ਭਾਣਜੀ ਬਲਦੀਪ ਕੌਰ ਨੇ ਜਨਮ ਲਿਆ। ਏਸੇ ਬਲਦੀਪ ਕੌਰ ਦੀ ਕੁੱਖੋਂ ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਸਪੁੱਤਰ ਬਾਪੂ ਬਲਦੇਵ ਸਿੰਘ ਨੇ ਜਨਮ ਲਿਆ। ਇਨ੍ਹਾਂ ਦੇ ਚਚੇਰੇ ਭਾਈ ਪਿੰਡ ਤੇਂਹਗ ਰਹਿਣ ਲਗ ਪਏ। ਇਨ੍ਹਾਂ ਵਿੱਚੋਂ ਸ. ਜਵਾਲਾ ਸਿੰਘ ਦਾ ਇੱਕ ਪੁੱਤਰ ਡਾ. ਅਜੀਤ ਸਿੰਘ ਸਿੱਧੂ ਪੀ. ਏ. ਯੂ. ਲੁਧਿਆਣੇ ਨੌਕਰੀ ਕਰਦੇ ਸਨ ਅਤੇ ਉਹ ਓਥੇ ਰਹਿਣ ਲਗ ਪਏ ਸਨ। ਭਾਈ ਦਲਜੀਤ ਸਿੰਘ ਬਿੱਟੂ ਇਨ੍ਹਾਂ ਦੇ ਸਪੁੱਤਰ ਹਨ।



ਆਪ ਦੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਹੁੰਦਿਆਂ ਪੰਜਾਬ ਤੇ ਖ਼ਾਸ ਕਰ ਸਿੱਖਾਂ ਉਤੇ ਬਹੁਤ ਕਹਿਰ ਦਾ ਸਮਾਂ ਸੀ। ਜੂਨ 1984 ਦੇ ਘੱਲੂਘਾਰੇ ਵੇਲੇ ਵਾਪਰੇ ਘਟਨਾ ਚੱਕਰਾਂ ਦੌਰਾਨ ਬੂਟਾ ਸਿੰਘ ਤੇ ਗਿਆਨੀ ਜੈਲ ਸਿੰਘ ਨੂੰ ਪੰਥ ਵਿੱਚੋਂ ਛੇਕਣ ਦੀ ਪ੍ਰਕਿਰਿਆ ਵਿੱਚ ਜਥੇਦਾਰ ਹਰਿਚਰਨ ਸਿੰਘ ਮਹਾਲੋਂ ਜੀ ਦਾ ਬਹੁਤ ਹੀ ਸ਼ਲਾਘਾਯੋਗ ਕਿਰਦਾਰ ਰਿਹਾ। ਆਪ ਨੇ ਸਰਕਾਰੀ ਦਬਾਅ ਦੇ ਬਾਵਜੂਦ ਵੀ ਕਦੇ ਸਿੱਖ ਅਸੂਲਾਂ ਅਤੇ ਮਰਯਾਦਾ ਨਾਲ ਸਮਝੌਤਾ ਨਹੀਂ ਕੀਤਾ।

ਉਸ ਸਮੇਂ ਦੇ ਭਾਰਤੀ ਗ੍ਰਹਿ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਆਪਣੇ ਦੋਹਤੇ ਦੇ ਅਨੰਦ ਕਾਰਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕਰਨ ਲਈ ਆਪ ਨੂੰ ਕਿਹਾ ਪਰ ਆਪ ਨੇ ਤਖ਼ਤ ਸਾਹਿਬ ਵਿਖੇ ਅਨੰਦ ਕਾਰਜ ਦੀ ਕੋਈ ਮਰਯਾਦਾ ਨਾ ਹੋਣ ਅਤੇ ਦੋਹਤੇ ਦੇ ਕਲੀਨ ਸ਼ੇਵ ਹੋਣ ਕਾਰਨ ਸਾਫ਼ ਇਨਕਾਰ ਕਰ ਦਿੱਤਾ। ਉਪਰੰਤ ਸਰਕਾਰ ਨੇ ਆਪ ਨੂੰ ਘਰ ਵਿੱਚ ਨਜ਼ਰਬੰਦ ਕਰਕੇ ਮਰਯਾਦਾ ਦਾ ਉਲੰਘਣ ਕੀਤਾ। ਸਾਕਾ ਨਕੋਦਰ ਸਮੇਂ ਵੀ ਆਪ ਜੀ ਨੇ ਅਹਿਮ ਭੂਮਿਕਾ ਨਿਭਾਈ। ਸਾਕੇ ਦੌਰਾਨ ਸ਼ਹੀਦ ਹੋਏ ਚਾਰ ਸਿੰਘਾਂ 'ਚੋਂ ਇੱਕ ਭਾਈ ਰਵਿੰਦਰ ਸਿੰਘ ਲਿੱਤਰਾਂ, ਜਥੇਦਾਰ ਸਾਹਿਬ ਦਾ ਦੋਹਤਾ ਲਗਦਾ ਸੀ।

ਤਖ਼ਤ ਸਾਹਿਬ ਦੀ ਸੇਵਾ ਭਾਈ ਸ਼ਵਿੰਦਰ ਸਿੰਘ ਜੀ ਨੂੰ ਸੌਂਪ ਉਪਰੰਤ ਆਪ ਆਪਣੇ ਪਿੰਡ ਮਹਾਲੋਂ ਆ ਗਏ ਅਤੇ ਇੱਥੇ ਸੁਪਤਨੀ ਅਵਤਾਰ ਕੋਰ ਅਤੇ ਗੋਦ ਲਏ ਪੁੱਤਰ ਜਗਦੀਪ ਸਿੰਘ ਨਾਲ ਰਹਿੰਦੇ ਹੋਏ 26 ਅਪਰੈਲ 1994 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦਿਆਂ ਅਕਾਲ ਚਲਾਣਾ ਕਰ ਗਏ।

# ਬਸਪਾ ਚਾਲ਼ੀ ਸਾਲਾਂ ’ਚ ਛੇ ਸਾਂਸਦ ਬਣਾਉਣ ਵਿੱਚ ਰਹੀ ਕਾਮਯਾਬ

## 1996 ਵਿੱਚ ਕੋਈ ਲੋਕ ਸਭਾ ਸੀਟ ਜਿੱਤ ਨਾ ਸਕੀ

## ਪੰਜਾਬ ’ਚ ਜਾਤੀਵਾਦ ਘੱਟ ਹੋਣ ਕਰਕੇ ਬਸਪਾ ਸਫ਼ਲ ਨਾ ਹੋ ਸਕੀ

## ਬਹੁਜਨ ਨਾਇਕ ਕਾਂਸ਼ੀ ਰਾਮ ਦੇ ਦਿਹਾਂਤ ਬਾਅਦ ਬਸਪਾ ਤਾਸ਼ ਦੇ ਪੱਤਿਆਂ ਵਾਂਗ ਖਿਲੱਰੀ







ਪੰਜਾਬ ਵਿੱਚ ਦਲਿਤ ਵਸੋਂ 32 ਫ਼ੀਸਦੀ ਤੋਂ ਵੱਧ ਹੈ ਜਿਸ ਕਾਰਨ ਭਾਰਤ ਦੇ 28 ਸੂਬਿਆਂ ਵਿੱਚੋਂ ਦਲਿਤ ਅਬਾਦੀ ਵਿੱਚ ਪੰਜਾਬ ਪਹਿਲੇ ਨੰਬਰ ਉਪਰ ਹੈ। ਮਨਿਸਟਰੀ ਆਫ਼ ਸੋਸ਼ਲ ਜਸਟਿਸ ਦੀ 2018 ਦੀ ਰਿਪੋਰਟ ਮੁਤਾਬਕ ਪੰਜਾਬ ਵਿੱਚ ਦਲਿਤਾਂ ਦੀਆਂ 39 ਉੱਪ ਜਾਤੀਆਂ ਹਨ। ਇਹ ਲੋਕ ਸਿੱਖ, ਹਿੰਦੂ, ਇਸਾਈ ਅਤੇ ਬੁੱਧ ਧਰਮ ਨੂੰ ਮੰਨਦੇ ਹਨ ਅਤੇ ਇਸ ਤੋਂ ਇਲਾਵਾ ਲੋਕ ਰਵੀਦਾਸੀਏ, ਕਬੀਰਪੰਥੀ, ਬਾਲਮਿਕੀ ਵਿਚਾਰਧਾਰਾਂ ਅਤੇ ਵੱਖ-ਵੱਖ ਡੇਰਿਆ ਨਾਲ ਜੁੜੇ ਹੋਏ ਹਨ। ਪੰਜਾਬ ਵਿੱਚ ਬਸਪਾ, ਖੱਬੇਪੱਖੀ ਪਾਰਟੀਆਂ ਅਤੇ ਕਾਂਗਰਸ ਮੁੱਖ ਤੌਰ ’ਤੇ ਦਲਿਤ ਸਿਆਸਤ ਉਪਰ ਜ਼ੋਰ ਦਿੰਦੀਆਂ ਰਹੀਆਂ ਹਨ ਪਰ ਚੋਣਾਂ ਵਿੱਚ ਦਲਿਤਾਂ ਲਈ ਸੀਟਾਂ ਰਾਖਵੀਆਂ ਹੋਣ ਕਾਰਨ ਹੁਣ ਸਾਰੀਆਂ ਹੀ ਸਿਆਸੀ ਪਾਰਟੀਆਂ ਦਲਿਤ ਵੋਟ ਬੈਂਕ ਨੂੰ ਖਾਸ ਤਵੱਜੋ ਦਿੰਦੀਆਂ ਹਨ।

ਸਾਲ 2024 ਦੀਆਂ ਲੋਕ ਸਭਾ ਚੋਣਾਂ ਲਈ ਪੰਜਾਬ ਦੀਆਂ 13 ਸੀਟਾਂ ਵਿੱਚੋਂ 4 ਦਲਿਤ ਭਾਈਚਾਰੇ ਲਈ ਰਾਖਵੀਆਂ ਹਨ। ਕਾਂਸ਼ੀ ਰਾਮ ਨੇ 1984 ਵਿੱਚ ਬਸਪਾ ਦੀ ਸਥਾਪਨਾ ਕੀਤੀ ਸੀ। ਉਨ੍ਹਾਂ ਨੇ ਪੰਜਾਬ ਵਿੱਚ ਸਾਈਕਲ ਉੱਪਰ ਯਾਤਰਾਵਾਂ ਕੀਤੀਆਂ ਅਤੇ ਦਲਿਤਾਂ ਦੀ ਚੇਤਨਾ ਵਧਾਉਣ ਦਾ ਕੰਮ ਕੀਤਾ। ਬਹੁਜਨ ਸਮਾਜ ਪਾਰਟੀ ਨੇ ਉੱਤਰ ਪ੍ਰਦੇਸ਼ ਵਿੱਚ ਸੱਤਾ ਦਾ ਸੁੱਖ ਹੰਢਾਇਆ ਪਰ ਕਾਂਸ਼ੀਰਾਮ ਦੀ ਆਪਣੀ ਮਾਤਭੂਮੀ ਯਾਨੀ ਪੰਜਾਬ ਵਿੱਚ ਬਸਪਾ ਸੱਤਾ ਤੋਂ ਬਾਹਰ ਹੀ ਰਹੀ ਹੈ।

ਜ਼ਿਲ੍ਹਾ ਰੋਪੜ ਦੇ ਪਿੰਡ ਖਵਾਸਪੁਰਾ ਦੇ ਜੰਮਪਲ ਮਰਹੂਮ ਬਾਬੂ ਕਾਂਸ਼ੀ ਰਾਮ ਨੇ 1984 ਵਿੱਚ ਸਥਾਪਤ ਕੀਤੀ ਸੀ। ਬਸਪਾ ਨੇ ਆਪਣੇ ਚਾਲ਼ੀ ਸਾਲਾਂ ਦੇ ਇਤਿਹਾਸ ਵਿੱਚ ਆਈਆਂ ਸਾਰੀਆਂ ਦਸ ਚੋਣਾਂ ਲੜੀਆਂ ਹਨ। ਛੇ ਵਾਰ ਇਕੱਲਿਆਂ ਅਤੇ ਚਾਰ ਵਾਰ ਗੱਠਜੋੜ ਤਹਿਤ ਚੋਣਾਂ ਲੜੀਆਂ ਤੇ ਪਾਰਟੀ ਤਿੰਨ ਵਾਰੀਆਂ ਵਿੱਚ ਆਪਣੇ ਛੇ ਸਾਂਸਦ ਬਣਾਉਣ ਵਿੱਚ ਕਾਮਯਾਬ ਰਹੀ। ਬਸਪਾ ਦੇ ਸੂਬਾਈ ਪ੍ਰਧਾਨ ਰਹਿ ਚੁੱਕੇ ਅਵਤਾਰ ਸਿੰਘ ਕਰੀਮਪੁਰੀ ਨੂੰ ਇੱਕ ਵਾਰ ਯੂਪੀ ਤੋਂ ਰਾਜ ਸਭਾ ਮੈਂਬਰ ਬਣਨ ਦਾ ਮਾਣ ਹਾਸਲ ਹੈ। ਪਿਛਲੇ ਢਾਈ ਦਹਾਕਿਆਂ ਵਿੱਚ ਲੜੀਆਂ ਸਾਰੀਆਂ ਛੇ ਚੋਣਾਂ ਦੌਰਾਨ ਬਸਪਾ ਦੇ ਹੱਥ ਇੱਕ ਵੀ ਸੀਟ ਨਹੀਂ ਲੱਗੀ।

ਬਸਪਾ ਵੱਲੋਂ 1985 ਵਿੱਚ ਲੜੀ ਪਲੇਠੀ ਚੋਣ ਦੌਰਾਨ ਭਾਵੇਂ ਹੱਥ ਖਾਲੀ ਰਹੇ ਪਰ 1989 ਵਿੱਚ ਇਸ ਨੂੰ ਸੰਸਦ ਵਿੱਚ ਦਾਖ਼ਲੇ ਦਾ ਮੌਕਾ ਮਿਲਿਆ ਤੇ ਫਿਲੌਰ ਤੋਂ ਬਸਪਾ ਉਮੀਦਵਾਰ ਵਜੋਂ ਬਸਪਾ ਪੰਜਾਬ ਦੇ ਉਸ ਵੇਲੇ ਜਨਰਲ ਸਕੱਤਰ ਹਰਭਜਨ ਸਿੰਘ ਲਾਖਾ ਜੇਤੂ ਰਹੇ। 1992 ਦੀ ਚੋਣ ਦੌਰਾਨ ਗਰਾਫ ਉਤਾਂਹ ਚੜ੍ਹਿਆ ਤੇ ਹਰਭਜਨ ਲਾਖਾ ਲਗਾਤਾਰ ਦੂਜੀ ਵਾਰ ਫਿਲੌਰ ਤੋਂ ਅਤੇ ਫਿਰੋਜ਼ਪੁਰ ਤੋਂ ਉਸ ਸਮੇਂ ਪਾਰਟੀ ਦੇ ਸੂਬਾ ਪ੍ਰਧਾਨ ਡਾ. ਮੋਹਨ ਸਿੰਘ ਫਲ਼ੀਆਂਵਾਲ਼ਾ ਜੇਤੂ ਰਹੇ। ਇਹ ਤਿੰਨੋਂ ਚੋਣਾਂ ਬਸਪਾ ਨੇ ਆਪਣੇ ਬਲਬੂਤੇ ਲੜੀਆਂ ਸਨ। ਇਸ ਮਗਰੋਂ 1996 ਦੀ ਚੋਣ ਬਸਪਾ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲ ਰਲ਼ ਕੇ ਲੜੀ। ਇਸ ਦੌਰਾਨ ਹੁਸ਼ਿਆਰਪੁਰ ਤੋਂ ਪਾਰਟੀ ਦੇ ਬਾਨੀ ਪ੍ਰਧਾਨ ਕਾਂਸ਼ੀ ਰਾਮ ਵੀ ਸੰਸਦ ਮੈਂਬਰ ਚੁਣੇ ਗਏ ਅਤੇ ਨਾਲ ਹੀ ਫਿਲੌਰ ਤੋਂ ਹੀ ਹਰਭਜਨ ਲਾਖਾ ਤੀਜੀ ਵਾਰ ਅਤੇ ਫਿਰੋਜ਼ਪੁਰ ਤੋਂ ਡਾ. ਮੋਹਨ ਸਿੰਘ ਫਲ਼ੀਆਂਵਾਲ਼ਾ ਦੂਜੀ ਵਾਰ ਜੇਤੂ ਹੋ ਕੇ ਨਿਕਲ਼ੇ। ਪਰ ਦਲਿਤਾਂ ਦੇ ਵਿਹੜਿਆਂ ਵਿਚੋਂ ਉਭਰੀ ਬਸਪਾ ਦੀ ਇਹ ਹੁਣ ਤੱਕ ਦੀ ਅੰਤਲੀ ਜਿੱਤ ਹੋ ਕੇ ਰਹਿ ਗਈ। ਇਸ ਤੋਂ ਬਾਅਦ ਪਾਰਟੀ ਨੇ ਭਾਵੇਂ ਸਾਰੀਆਂ ਛੇ ਚੋਣਾਂ ਵਿੱਚ ਵੀ ਕਿਸਮਤ ਅਜ਼ਮਾਈ ਕੀਤੀ, ਪਰ ਕਿਸੇ ਵੀ ਬਸਪਾ ਉਮੀਦਵਾਰ ਨੂੰ ਮੁੜ ਪੰਜਾਬ ਤੋਂ ਸੰਸਦ ਵਿੱਚ ਨਾ ਜਾ ਸਕਿਆ।

ਪਾਰਟੀ ਨੇ 1998 ਵਿੱਚ ਅਕਾਲੀ ਦਲ (ਅੰਮ੍ਰਿਤਸਰ) ਨਾਲ ਤੇ 1999 ਵਿੱਚ ਗੁਰਚਰਨ ਸਿੰਘ ਟੌਹੜਾ ਦੀ ਅਗਵਾਈ ਹੇਠਾਂ ਬਣੇ ‘ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ’ ਦੇ ਨਾਲ ਗੱਠਜੋੜ ਕੀਤਾ ਪਰ ਕੋਈ ਗੱਲ ਨਾ ਬਣ ਸਕੀ। ਫੇਰ 2004, 2009 ਅਤੇ 2014 ਦੀਆਂ ਚੋਣਾ ਵਿੱਚ ਬਸਪਾ ਇਕੱਲਿਆਂ ਲੜੀ ਜਦੋਂ ਕਿ ਪਿਛਲੀਆਂ 2019 ਦੀਆਂ ਚੋਣਾਂ ਬਸਪਾ ਨੇ ਮੁੜ ਗੱਠਜੋੜ ਦੇ ਤਹਿਤ ਲੜੀਆਂ, ਪਰ ਕੁਝ ਨਾ ਬਣ ਸਕਿਆ। ਇਸ ਦੌਰਾਨ ਬਸਪਾ ਦਾ ਬੈਂਸ ਭਰਾਵਾਂ ਅਤੇ ਡਾ. ਧਰਮਵੀਰ ਗਾਂਧੀ ਦੀ ਪਾਰਟੀ ਨਾਲ ਗੱਠਜੋੜ ਰਿਹਾ। ਇਸ ਤਰ੍ਹਾਂ ਬੀਤੇ ਢਾਈ ਦਹਾਕਿਆਂ ਤੋਂ ਪਾਰਟੀ ਦੇ ਹੱਥ ਕੋਈ ਵੀ ਸੀਟ ਨਹੀਂ ਲੱਗ ਸਕੀ। ਇਸ ਦੇ ਬਾਵਜੂਦ ਐਤਕੀਂ ਫੇਰ ਬਸਪਾ ਨੇ ਇਕੱਲਿਆਂ ਹੀ ਚੋਣਾਂ ਲੜਨ ਦਾ ਫੈਸਲਾ ਲਿਆ ਹੈ। ਹੁਸ਼ਿਆਰਪੁਰ ਤੋਂ ਰਾਕੇਸ਼ ਕੁਮਾਰ ਸੁਮਨ ਨੂੰ ਮੈਦਾਨ ਵਿੱਚ ਵੀ ਉਤਾਰਿਆ ਜਾ ਚੁੱਕਾ ਹੈ। ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਉਤਾਰੇ ਜਾਣ ਦੇ ਚਰਚੇ ਹਨ।

### ਵਿਧਾਨ ਸਭਾ ਵਿੱਚ ਵਿਰੋਧੀ ਧਿਰ ਵੀ ਰਹੀ ਹੈ ਬਸਪਾ

ਹੁਣ ਭਾਵੇਂ ਬਸਪਾ ਪੰਜਾਬ ਵਿੱਚ ਬਿਖਰਦੀ ਨਜ਼ਰ ਆ ਰਹੀ ਹੈ, ਪਰ 1992 ਵਿੱਚ ਇਸ ਨੇ ਪੰਜਾਬ ਵਿਧਾਨ ਸਭਾ ’ਚ ਵਿਰੋਧੀ ਧਿਰ ਦੀ ਭੂਮਿਕਾ ਵੀ ਨਿਭਾਈ ਹੈ। ਉਦੋਂ ਅਕਾਲੀਆਂ ਨੇ ਚੋਣਾਂ ਦਾ ਬਾਈਕਾਟ ਕੀਤਾ ਸੀ ਅਤੇ ਬਸਪਾ ਦੇ ਨੌਂ ਵਿਧਾਇਕ ਬਣੇ ਸਨ। ਇਸ ਦੌਰਾਨ ਸਤਿਨਾਮ ਕੈਂਥ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਬਣੇ, ਪਰ 1997 ਵਿੱਚ ਬਸਪਾ ਨੂੰ ਇੱਕ ਸੀਟ ਹੀ ਆਈ ਤੇ ਸ਼ਿੰਗਾਰਾ ਰਾਮ ਸਹੂੰਗੜਾ ਗੜਸ਼ੰਕਰ ਤੋਂ ਦੂਜੀ ਵਾਰ ਵਿਧਾਇਕ ਬਣੇ ਸਨ। ਉਸ ਤੋਂ ਬਾਅਦ 27 ਸਾਲਾਂ ਮਗਰੋਂ 2022 ਦੀਆਂ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਹੀ ਨਵਾਂ ਸ਼ਹਿਰ ਹਲਕੇ ਤੋਂ ਡਾ. ਨਛੱਤਰ ਪਾਲ ਦੇ ਰੂਪ ਵਿੱਚ ਬਸਪਾ ਦਾ ਇੱਕ ਵਿਧਾਇਕ ਬਣ ਸਕਿਆ।

### ਬਸਪਾ ਦੀ ਪੰਜਾਬ ਤੇ ਦੋਆਬੇ ਦੀ ਵੋਟ ਦਰ ਤੇ ਅਸਫਲਤਾ ਦੇ ਕਾਰਨ

ਬਸਪਾ ਦੀ ਰਾਜਨੀਤੀ ’ਤੇ ਪਕੜ ਰੱਖਣ ਵਾਲੇ ਮਾਹਿਰ ਬਸਪਾ ਦਾ ਦੋਆਬੇ ਵਿੱਚ ਅਸਰ ਬਾਰੇ ਗੱਲ ਕਰਦੇ ਹਨ। 2014 ਵਿੱਚ ਲੋਕ ਸਭਾ ਚੋਣਾਂ ਵਿੱਚ ਬਸਪਾ ਦੀ ਵੋਟ ਦਰ 4.45 ਫੀਸਦੀ ਸੀ ਤੇ 2019 ਦੀਆਂ ਚੋਣਾਂ ਵਿੱਚ ਇਹ ਦਰ ਵੱਧ ਕੇ 17.59 ਹੋ ਗਈ ਸੀ। ਵਿਧਾਨ ਸਭਾ ਚੋਣਾਂ ਦੌਰਾਨ ਬਸਪਾ ਦੀ ਦੋਆਬੇ ਵਿੱਚ ਸਥਿਤੀ ਸਾਲ 2012 ਵਿੱਚ 12.08 ਫੀਸਦੀ ਰਹੀ ਸੀ ਤੇ 2017 ਬਸਪਾ ਦੀ ਵੋਟ ਦਰ ਘੱਟ ਕੇ 5.30 ਫੀਸਦੀ ਰਹਿ ਗਈ ਸੀ। ਸਾਲ 2017 ਵਿੱਚ ਬਸਪਾ ਨੇ 111 ਉਮੀਦਵਾਰ ਖੜੇ ਕੀਤੇ ਸਨ ਇਨ੍ਹਾਂ ਵਿੱਚੋਂ 110 ਉਮੀਦਵਾਰਾਂ ਦੀਆਂ ਜ਼ਮਾਨਤਾਂ ਜ਼ਬਤ ਹੋ ਗਈਆਂ ਸਨ। ਦੋਆਬੇ ਦੀ ਲੋਕ ਸਭਾ ਸੀਟ ਹੁਸ਼ਿਆਰਪੁਰ ਤੋਂ 1996 ਵਿੱਚ ਪਾਰਟੀ ਦੇ ਬਾਨੀ ਬਾਬੂ ਕਾਂਸ਼ੀ ਰਾਮ ਚੋਣ ਜਿੱਤੇ ਸਨ ਤੇ ਉਸ ਵੇਲੇ ਇਸ ਹਲਕੇ ਵਿੱਚ ਬਸਪਾ ਦੀ ਵੋਟ ਦਰ 40 ਫੀਸਦੀ ਸੀ। ਉਸ ਵੇਲੇ ਅਕਾਲੀ ਦਲ ਨਾਲ ਬਸਪਾ ਦਾ ਗੱਠਜੋੜ ਸੀ।

ਪੰਜਾਬ ਯੂਨੀਵਰਸਿਟੀ ਦੇ ਰਾਜਨੀਤਿਕ ਵਿਭਾਗ ਦੇ ਪ੍ਰੋਫੈਸਰ ਰੌਣਕੀ ਰਾਮ ਨੇ ਆਖਿਆ ਕਿ ਬਸਪਾ ਦੀ ਵੀ ਪੰਜਾਬ ਵਿੱਚ ਸਥਿਤੀ ਕੁਝ ਜ਼ਿਆਦਾ ਚੰਗੀ ਨਹੀਂ ਹੈ ਜਿਸ ਦਾ ਨਤੀਜਾ ਉਸ ਦਾ ਲਗਾਤਾਰ ਘਟਦਾ ਵੋਟ ਪ੍ਰਤੀਸ਼ਤ ਹੈ। ਉਨ੍ਹਾਂ ਮੁਤਾਬਕ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਦਾ ਵੋਟ ਸ਼ੇਅਰ 2 ਫ਼ੀਸਦੀ ਤੋਂ ਘੱਟ ਰਿਹਾ ਹੈ। ਉਨ੍ਹਾਂ ਆਖਿਆ ਕਿ ਬਸਪਾ ਦਾ ਪੰਜਾਬ ਵਿੱਚ ਆਧਾਰ ਘੱਟ ਹੋਣ ਦਾ ਕਾਰਨ ਯੋਗ ਲੀਡਰਸ਼ਿਪ ਦੀ ਘਾਟ ਹੈ ਜਿਸ ਕਾਰਨ ਪਾਰਟੀ ਦੀ ਹਾਲਤ ਦਿਨ ਪ੍ਰਤੀ ਦਿਨ ਖਸਤਾ ਹੁੰਦੀ ਗਈ। ਪ੍ਰੋਫੈਸਰ ਰੌਣਕੀ ਰਾਮ ਮੁਤਾਬਕ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਬਾਦਲ ਅਕਾਲੀ ਦਲ ਨਾਲ ਸਮਝੌਤੇ ਲਈ ਯੂਪੀ ਤੋਂ ਸਤੀਸ਼ ਮਿਸ਼ਰਾ ਨੂੰ ਬੁਲਾਇਆ ਗਿਆ ਜਿਸ ਦਾ ਸਬੰਧ ਦਲਿਤ ਵਰਗ ਨਾਲ ਨਹੀਂ ਹੈ ਸੋ ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਬਸਪਾ ਦੀ ਪੰਜਾਬ ਲੀਡਰਸ਼ਿਪ ਦੀ ਸਥਿਤੀ ਕੀ ਹੈ। ਪੰਜਾਬ ਵਿੱਚ ਦਲਿਤਾਂ ਦੀ ਨਫ਼ਰੀ ਤਾਂ ਬਹੁਤ ਹੈ ਪਰ ਉਹ ਆਪਸ ਵਿੱਚ ਇਕੱਠੇ ਨਹੀਂ ਹਨ। ਉਹਨਾਂ ਦੀ ਆਪਸ ਵਿੱਚ ਕਈ ਤਰ੍ਹਾਂ ਦੀ ਭਿੰਨਤਾ ਹੈ। ਸਾਰੀਆਂ 39 ਜਾਤਾਂ ਦਾ ਵੱਖ-ਵੱਖ ਧਰਮਾਂ ਨਾਲ ਨਾਤਾ ਹੈ। ਇਸੇ ਤਰ੍ਹਾਂ ਉਹ ਵੱਖਰੇ-ਵੱਖਰੇ ਰੂਪ ਵਿੱਚ ਕਾਂਗਰਸ, ਅਕਾਲੀ ਦਲ ਅਤੇ ਬੀਜੇਪੀ ਨਾਲ ਜੁੜੇ ਹੋਏ ਹਨ। ਇਸੇ ਕਾਰਨ ਇਹ ਸਭ ਇੱਕ ਪਾਰਟੀ ਦੇ ਝੰਡੇ ਹੇਠ ਨਹੀਂ ਹਨ।

ਸਿਆਸੀ ਮਾਹਿਰ ਪ੍ਰੋਫ਼ੈਸਰ ਮੁਹੰਮਦ ਖਾਲਿਦ ਕਹਿੰਦੇ ਹਨ ਕਿ ਬੀ.ਐਸ.ਪੀ. ਕਾਂਸ਼ੀ ਰਾਮ ਤੋਂ ਬਾਅਦ ਦੀ ਲੀਡਰਸ਼ਿਪ ਪੰਜਾਬ ਵਿੱਚ ਉਹ ਆਧਾਰ ਕਾਇਮ ਨਹੀਂ ਰੱਖ ਸਕੀ ਅਤੇ ਇਲੈਕਟੋਰਲ ਸਿਆਸਤ ਵਿੱਚੋਂ ਇਸ ਦਾ ਵਜੂਦ ਖ਼ਤਮ ਹੋ ਗਿਆ। ਮੌਜੂਦਾ ਵੇਲੇ ਇਸ ਗਠਜੋੜ ਦੀ ਲੋੜ ਬਾਰੇ ਗੱਲ ਕਰੀਏ, ਤਾਂ ਪੰਜਾਬ ਅੰਦਰ ਦੇਸ਼ ਵਿੱਚੋਂ ਸਭ ਤੋਂ ਵੱਧ 33 ਫੀਸਦੀ ਦਲਿਤ ਜਨਗਣਨਾ ਹੈ। ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਪੰਜਾਬ ਵਿੱਚ ਵੱਖਰੀ ਤਰ੍ਹਾਂ ਦੀ ਦਲਿਤ ਸਿਆਸਤ ਹੋਣ ਦੀ ਗੱਲ ਆਖੀ ਜਾ ਰਹੀ ਹੈ ਜਿਸ ਕਾਰਨ ਪੂਰੇ ਹਿੰਦੋਸਤਾਨ ਦੀ ਦਲਿਤ ਸਿਆਸਤ ਵਾਲਾ ਚਸ਼ਮਾ ਇੱਥੇ ਫਿੱਟ ਨਹੀਂ ਬੈਠਦਾ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚ ਰਾਜਨੀਤੀ ਵਿਭਾਗ ਦੇ ਸਾਬਕਾ ਅਸਿਸਟੈਂਟ ਪ੍ਰੋਫ਼ੈਸਰ ਡਾਕਟਰ ਜਤਿੰਦਰ ਸਿੰਘ ਕਹਿੰਦੇ ਹਨ, ਭਾਵੇਂ ਕਿ ਕਾਂਸ਼ੀ ਰਾਮ ਦਲਿਤਾਂ ਦੀਆਂ ਸਾਰੀਆਂ ਜਾਤੀਆਂ ਨੂੰ ਇਕੱਠਾ ਨਹੀਂ ਕਰ ਪਾਏ ਪਰ ਇਹ ਜਾਤੀ ਚੇਤਨਾ ਉਪਰ ਕੰਮ ਕਰਨ ਦਾ ਪਹਿਲਾ ਤਜਰਬਾ ਸੀ।

ਡਾਕਟਰ ਜਤਿੰਦਰ ਸਿੰਘ ਦਾਅਵਾ ਕਰਦੇ ਹਨ, ਉਹਨਾਂ ਦੇ ਯਤਨ ਨੂੰ ਸਿਰਫ਼ ਵੋਟਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ। ਦੂਜੀਆਂ ਪਾਰਟੀਆਂ ਵਿੱਚ ਚੁਣੇ ਗਏ ਵਿਧਾਇਕ ਜਾਂ ਲੋਕ ਸਭਾ ਮੈਂਬਰ ਕਈ ਵਾਰ ਆਪਣੀ ਗੱਲ ਠੋਸ ਰੂਪ ਵਿੱਚ ਨਹੀਂ ਰੱਖ ਪਾਉਂਦੇ। ਇਹਨਾਂ ਪਾਰਟੀਆਂ ਅੰਦਰ ਉਹ ਤਿੱਖੇ ਰੂਪ ਵਿੱਚ ਮਸਲਾ ਨਹੀਂ ਚੁੱਕ ਸਕਦੇ। ਇਸੇ ਕਾਰਨ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਅੰਦਰ ਚੁਣੇ ਗਏ ਦਲਿਤ ਆਗੂ ਅਜਿਹਾ ਨਹੀਂ ਕਰ ਸਕੇ। ਉਨ੍ਹਾਂ ਕਿਹਾ, ਕਾਂਗਰਸ ਨੇ ਵੀ ਸਭ ਵਰਗਾਂ ਤੋਂ ਵੋਟਾਂ ਲੈਣੀਆਂ ਹਨ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਜਿਸ ਜ਼ਿਮੀਦਾਰ ਵਰਗ ਉਪਰ ਕੇਂਦਰਿਤ ਹੈ, ਉਸ ਨਾਲ ਦਲਿਤਾਂ ਦੇ ਸਿੱਧੇ ਮਤਭੇਦ ਹਨ। ਕਾਂਸੀ ਰਾਮ ਨੇ ਅਜਿਹੇ ਮਾਹੌਲ ਵਿੱਚ ਦਲਿਤਾਂ ਦੀ ਸਿਆਸੀ ਚੇਤਨਾ ਨੂੰ ਉਭਾਰਿਆ ਸੀ।

ਬਹੁਜਨ ਚਿੰਤਕ ਸੰਤੋਖ ਲਾਲ ਵਿਰਦੀ ਕਹਿੰਦੇ ਹਨ, ‘ਕਾਂਸ਼ੀ ਰਾਮ ਸਾਈਕਲ ਉੱਪਰ ਪਿੰਡ-ਪਿੰਡ ਜਾ ਕੇ ਲੋਕਾਂ ਨੂੰ ਚੇਤਨ ਕਰਦੇ ਰਹੇ। ਜਿੱਥੇ ਰਾਤ ਪੈ ਜਾਂਦੀ ਉੱਥੇ ਹੀ ਸੌਂ ਜਾਂਦੇ ਸਨ। ਉਹ ਪੈਨ ਦਿਖਾ ਕੇ ਸਮਝਾਉਂਦੇ ਸਨ ਕਿ ਇਸ ਦਾ ਉਪਰਲਾ ਹਿੱਸਾ 15 ਫੀਸਦੀ ਲੋਕ ਹਨ ਅਤੇ 85 ਫੀਸਦੀ ਬਹੁ ਗਿਣਤੀ ਲੋਕ, ਜਿੰਨਾਂ ਨੂੰ ਇਕੱਠੇ ਹੋਣ ਲਈ ਲੋੜ ਹੈ। ਭਾਵੇਂ ਕਿ ਪੰਜਾਬ ਵਿੱਚ ਹੋਰ ਸੂਬਿਆਂ ਨਾਲੋਂ ਵੱਧ ਦਲਿਤ ਵਸੋਂ ਹੈ ਪਰ ਪੰਜਾਬ ਵਿੱਚ ਦਲਿਤ ਆਪਸ ਵਿੱਚ ‘ਵੰਡੇ ਹੋਏ’ ਦਿਖਾਈ ਦਿੰਦੇ ਹਨ।



### ਕੀ ਕਹਿੰਦੇ ਨੇ ਬਸਪਾ ਪੰਜਾਬ ਪ੍ਰਧਾਨ ‘ਗੜ੍ਹੀ’ ?



ਪੰਜਾਬ ਬਸਪਾ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਕਹਿੰਦੇ ਹਨ, ਇਹ ਵਰਗ ਹਜ਼ਾਰਾਂ ਸਾਲਾਂ ਤੋਂ ਸਮਾਜਿਕ ਤੌਰ ਉੱਪਰ ਕਮਜ਼ੋਰ ਰਿਹਾ ਹੈ ਤੇ ਸਿੱਖਿਆ ਦੇ ਖੇਤਰ ਵਿੱਚ ਵੀ ਪਛੜਿਆ ਰਿਹਾ ਹੈ। ਇਹਨਾਂ ਲੋਕਾਂ ਨੂੰ ਸਮੇਂ-ਸਮੇਂ ਮੁਫ਼ਤ ਸਹੂਲਤਾਂ ਅਤੇ ਪੈਸੇ ਦੇ ਜ਼ੋਰ ਉਪਰ ਵੰਡ ਲਿਆ ਜਾਂਦਾ ਹੈ ਜਿਸ ਕਾਰਨ ਵੋਟ ਵਿਖਰ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਲ 2022 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਮੇਂ ਕਈ ਪਾਰਟੀਆਂ ਨੇ ਦਲਿਤ ਉੱਪ ਮੁੱਖ ਮੰਤਰੀ ਲਗਾਉਣ ਦਾ ਵਾਅਦਾ ਕੀਤਾ ਸੀ। ਜਸਵੀਰ ਸਿੰਘ ਗੜ੍ਹੀ ਕਹਿੰਦੇ ਹਨ ਕਿ ਸਾਲ 2020 ਵਿੱਚ ਦਲਿਤ ਸਿਆਸਤ ਉਪਰ ਬਹੁਤ ਕੰਮ ਹੋਇਆ ਜਿਸ ਤੋਂ ਬਾਅਦ ਸਾਰੀਆਂ ਪਾਰਟੀਆਂ ਦਲਿਤਮਈ ਹੋ ਗਈਆਂ। ਐੱਸਸੀ ਏਜੰਡਾ ਐਨਾ ਮਜ਼ੂਬਤ ਸੀ ਕਿ ਕਾਂਗਰਸ ਨੇ ਦਲਿਤ ਮੁੱਖ ਮੰਤਰੀ ਲਗਾਇਆ, ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਨੇ ਉੱਪ ਮੁੱਖ ਮੰਤਰੀ ਦੀ ਗੱਲ ਕੀਤੀ। ਭਾਜਪਾ ਨੂੰ ਦਲਿਤ ਸੀਐੱਮ ਦੇਣ ਦੀ ਗੱਲ ਕਹਿਣੀ ਪਈ ਸੀ। ਪਰ ਇਹ ਇਨ੍ਹਾਂ ਪਾਰਟੀਆਂ ਦੇ ਲਾਰੇ ਹੀ ਸਨ। ਦਲਿਤਾਂ ਤੇ ਪਛੜਿਆਂ ਦੀ ਪ੍ਰਤੀਨਿਧਤਾ ਬਸਪਾ ਹੀ ਕਰਦੀ ਹੈ।



# ਜਦੋਂ 'ਪੰਜਾਬ' ਨੂੰ ਅਲਵਿਦਾ ਕਿਹਾ ਸੀ...

## ਕੰਧਿਆਂ 'ਤੇ ਪਰਦੇਸੀ ਲਿੱਖ ਕੇ, ਵਹਿ ਗਏ ਵਿੱਚ ਝਨਾਂਵਾਂ
## ਸੱਥਾਂ ਦੇ ਵਿੱਚ ਬਾਪੂ ਝੂਰਨ, ਬੂਹਿਆਂ ਦੇ ਵਿੱਚ ਮਾਵਾਂ




ਅਨੇਕਾਂ ਪੰਜਾਬੀ ਦਾਅਵਾ ਕਰਦੇ ਹਨ ਕਿ ਉਹਨਾਂ ਦੇ ਘਰ ਸਿਰਫ਼ 'ਜੀ ਆਇਆਂ ਨੂੰ ਕਹਿਣਾ ਜਾਣਦੇ ਹਨ, ਅਲਵਿਦਾ ਨਹੀਂ।' ਉਹਨਾਂ ਹੀ ਪੰਜਾਬੀਆਂ ਦੇ ਬੱਚੇ ਹੁਣ ਆਪਣੇ 'ਘਰਾਂ' ਦੇ ਨਾਲ ਹੀ ਪੰਜਾਬ ਨੂੰ ਵੀ 'ਅਲਵਿਦਾ' ਕਹਿ ਗਏ ਹਨ ਅਤੇ ਨਵੀਂ ਦਿੱਲੀ ਦੇ ਏਅਰਪੋਰਟ ਦੀਆਂ ਅੱਖਾਂ ਚੁਧਾਂਉਂਦੀਆਂ ਰੰਗ ਬਿਰੰਗੀਆਂ ਰੌਸ਼ਨੀਆਂ ਵਿੱਚ ਅੱਧਮੀਚੀਆਂ ਅੱਖਾਂ ਵਿੱਚ ਅਨੇਕਾਂ ਸੁਪਨੇ ਸੰਜੋ ਕੇ ਜਹਾਜ਼ ਵਿੱਚ ਬੈਠ ਕੇ 'ਸੱਤ ਸਮੁੰਦਰ ਪਾਰ' ਚਲੇ ਗਏ ਹਨ। ਵਿਦੇਸ਼ ਵਿੱਚ ਗਏ ਪੰਜਾਬੀਆਂ ਅੱਗੇ ਜਦੋਂ ਉਹਨਾਂ ਮੁਲਕਾਂ ਦੀਆਂ ਤਲਖ਼ ਹਕੀਕਤਾਂ ਸਾਹਮਣੇ ਆਉਂਦੀਆਂ ਨੇ ਤੇ ਉਥੇ ਮਸ਼ੀਨਾਂ ਵਾਂਗ ਹੀ ਕੰਮ ਕਰਨਾ ਪੈਂਦਾ ਹੈ ਤਾਂ ਉਹਨਾਂ ਪੰਜਾਬੀਆਂ ਨੂੰ ਮੁੜ ਪੰਜਾਬ ਚੇਤੇ ਆਉਣ ਲੱਗਦਾ ਹੈ। ਵਿਦੇਸ਼ ਵਿੱਚ ਜੇ ਕਮਾਈ ਡਾਲਰਾਂ/ਪੌਂਡਾਂ ਵਿੱਚ ਹੁੰਦੀ ਹੈ ਤਾਂ ਖ਼ਰਚੇ ਵੀ ਤਾਂ ਡਾਲਰਾਂ ਤੇ ਪੌਂਡਾਂ ਵਿੱਚ ਹੁੰਦੇ ਹਨ। ਕਹਿੰਦੇ ਨੇ ਕਿ ਵਿਦੇਸ਼ਾਂ ਵਿੱਚ ਜੇ ਕਿਸੇ ਪੰਜਾਬੀ ਵੀਰ ਨੇ ਦੂਜੇ ਪੰਜਾਬੀ ਨੂੰ ਮਿਲਣ ਜਾਣਾ ਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਸੰਬਧਿਤ ਪੰਜਾਬੀ ਤੋਂ ਮਿਲਣ ਲਈ ਸਮਾਂ ਲੈਣਾ ਪੈਂਦਾ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਕਿਸੇ ਆਪਣੇ ਨੂੰ ਵੀ ਮਿਲਣ ਦੀ ਵਿਹਲ ਨਹੀਂ ਹੁੰਦੀ।

ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪੰਜਾਬੀ ਅਕਸਰ ਦਾਅਵਾ ਕਰਦੇ ਹਨ ਕਿ 'ਪੰਜਾਬ' ਉਹਨਾਂ ਦੇ ਦਿਲਾਂ ਵਿੱਚ ਵਸਿਆ ਹੋਇਆ ਹੈ ਅਤੇ ਉਹ ਹਮੇਸ਼ਾ 'ਪੰਜਾਬ' ਜਾਣ ਲਈ ਤਾਂਘਦੇ ਰਹਿੰਦੇ ਹਨ। ਅਜਿਹੇ ਪਰਵਾਸੀ ਪੰਜਾਬੀਆਂ ਨੂੰ ਸਵਾਲ ਕੀਤਾ ਜਾਣਾ ਚਾਹੀਦਾ ਹੈ ਕਿ ਜਦੋਂ ਉਹਨਾਂ ਨੇ 'ਪੰਜਾਬ' ਨੂੰ ਅਲਵਿਦਾ ਕਿਹਾ ਸੀ ਤਾਂ ਕੀ ਉਦੋਂ ਪੰਜਾਬ ਉਹਨਾਂ ਦੇ ਦਿਲਾਂ ਵਿੱਚ ਨਹੀਂ ਸੀ ? ਪੰਜਾਬ ਤੋਂ ਦਿੱਲੀ ਏਅਰਪੋਰਟ ਤੱਕ ਜਾਂਦਿਆਂ ਉਹਨਾਂ ਦੇ ਦਿਲਾਂ ਵਿੱਚ ਪੰਜਾਬ ਦੀ ਥਾਂ ਵਿਦੇਸ਼ੀ ਮੁਲਕ ਦੇ ਡਾਲਰ ਅਤੇ ਪੌਂਡ ਹੀ ਵਸੇ ਹੋਏ ਸਨ। ਜਦੋਂ ਮੁਰਥਲ ਦੇ ਢਾਬਿਆਂ 'ਤੇ ਚਾਹ ਪਾਣੀ ਪੀਣ ਅਤੇ ਨਾਸ਼ਤਾ ਕਰਨ ਲਈ ਰੁਕੇ ਸਨ ਉਦੋਂ ਵੀ ਉਹਨਾਂ ਨੂੰ ਦਿੱਲੀ ਦੇ ਏਅਰਪੋਰਟ 'ਤੇ ਜਾ ਕੇ ਵਿਦੇਸ਼ ਜਾਣ ਲਈ ਜਹਾਜ਼ ਵਿੱਚ ਬੈਠਣ ਦੀ ਕਾਹਲੀ ਪਈ ਹੋਈ ਸੀ, ਉਦੋਂ 'ਪੰਜਾਬ' ਕਿਉਂ ਯਾਦ ਨਹੀਂ ਆਇਆ ? ਉਦੋਂ ਤਾਂ ਪੰਜਾਬ ਦੀਆਂ ਰੁੱਤਾਂ ਵੀ ਉਹਨਾਂ ਨੂੰ ਭੁੱਲ ਗਈਆਂ ਸਨ। ਵਿਦੇਸ਼ ਜਾਣ ਦੇ ਚਾਅ ਵਿੱਚ ਉਦੋਂ ਤਾਂ ਪੰਜਾਬੀਆਂ ਨੂੰ ਸਾਵਣ ਮਹੀਨਾ ਵੀ ਭੁੱਲ ਗਿਆ ਸੀ ਤੇ ਸਾਵਣ ਮਹੀਨੇ ਦੇ ਛਰਾਟਿਆਂ ਦੀ ਯਾਦ ਵੀ ਨਹੀਂ ਸੀ ਆਈ। ਅਜਿਹੇ ਪੰਜਾਬੀ ਉਦੋਂ ਪੰਜਾਬ ਦੇ ਮਾਲ ਪੂੜਿਆਂ ਦਾ ਸਵਾਦ ਵੀ ਭੁੱਲ ਗਏ ਸਨ।

ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਕਈ ਇਲਾਕੇ ਤਾਂ ਅਜਿਹੇ ਹਨ, ਜਿਥੇ ਰਹਿੰਦੇ ਸਾਰੇ ਪੰਜਾਬੀਆਂ ਦੇ ਬੱਚੇ ਵਿਦੇਸ਼ ਚਲੇ ਗਏ ਹਨ ਅਤੇ ਪਿੱਛੇ ਘਰਾਂ ਵਿੱਚ ਅੱਧਖੜ ਜਾਂ ਬੁੱਢੜੇ ਮਾਪੇ ਰਹਿ ਰਹੇ ਹਨ। ਵਿਦੇਸ਼ ਗਏ ਪੁੱਤਰਾਂ ਦੇ ਪਿਤਾ ਜੀ ਅਕਸਰ ਸੱਥਾਂ ਵਿੱਚ ਬੈਠ ਕੇ ਝੂਰਦੇ ਹਨ ਅਤੇ ਵਿਦੇਸ਼ ਗਏ ਪੁੱਤਰਾਂ ਦੀਆਂ ਮਾਵਾਂ ਘਰਾਂ ਦੇ ਬੂਹਿਆਂ 'ਚ ਬੈਠ ਕੇ ਆਪਣੇ ਪੁੱਤਰਾਂ ਨੂੰ ਉਡੀਕਦੀਆਂ ਹਨ। ਦੂਜੇ ਪਾਸੇ ਇਹਨਾਂ ਮਾਪਿਆਂ ਦੇ ਪੁੱਤਰ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਮਾਪਿਆਂ ਅਤੇ ਘਰਾਂ ਨੂੰ ਯਾਦ ਕਰਦੇ ਹਨ। ਜਿਹੜੇ ਨੌਜਵਾਨ ਸਹੀ ਤਰੀਕੇ ਨਾਲ ਵਿਦੇਸ਼ ਜਾਂਦੇ ਹਨ, ਉਹ ਤਾਂ ਵਿਦੇਸ਼ ਸਹੀ ਸਲਾਮਤ ਪਹੁੰਚ ਜਾਂਦੇ ਹਨ ਅਤੇ ਜਿਹੜੇ ਨੌਜਵਾਨ 'ਡੰਕੀ ਰੂਟ' ਰਾਹੀਂ ਵਿਦੇਸ਼ ਜਾਂਦੇ ਹਨ ਉਹ ਅਕਸਰ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦੇ ਤੇ ਰਸਤੇ ਵਿੱਚ ਹੀ ਬੇਗਾਨੇ ਮੁਲਕਾਂ ਵਿੱਚ ਫ਼ਸ ਜਾਂਦੇ ਹਨ। ਜਿਥੇ ਇਹ ਪੈਸੇ ਦੀ ਘਾਟ, ਬੇਗਾਨੇ ਮੁਲਕਾਂ ਦੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਨ ਆਪਣੀ ਪੈਰਵਾਈ ਵੀ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਅਜਿਹੇ ਨੌਜਵਾਨ ਫਿਰ ਉਸ ਸਮੇਂ ਨੂੰ ਕੋਸਦੇ ਹਨ ਜਦੋਂ ਉਹਨਾਂ ਨੇ ਵਿਦੇਸ਼ ਜਾਣ ਲਈ ਆਪਣੇ 'ਪੰਜਾਬ' ਨੂੰ 'ਅਲਵਿਦਾ' ਕਿਹਾ ਸੀ।



ਇਹ ਸੱਚ ਹੈ ਕਿ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਗਏ ਵੱਡੀ ਗਿਣਤੀ ਪੰਜਾਬੀਆਂ ਨੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ ਨੂੰ ਆਲੀਸ਼ਾਨ ਰੂਪ ਦਿੱਤਾ ਹੋਇਆ ਹੈ, ਕਿਸੇ ਨੇ ਆਪਣੇ ਜੱਦੀ ਘਰ ਦੀ ਛੱਤ 'ਤੇ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ ਅਤੇ ਕਿਸੇ ਨੇ ਅਜਿਹਾ ਹੀ ਕੁਝ ਹੋਰ। ਇਹਨਾਂ ਨੇ ਆਪਣੇ ਘਰਾਂ ਨੂੰ ਵੀ ਮਹੱਲਾਂ ਵਾਂਗ ਸਜਾਇਆ ਹੋਇਆ ਹੈ, ਪਰ ਇਹਨਾਂ ਆਲੀਸ਼ਾਨ ਘਰਾਂ ਵਿੱਚ ਜਿੰਦਗੀ ਨਹੀਂ ਧੜਕਦੀ। ਅਜਿਹੇ ਘਰਾਂ ਨੂੰ ਅਕਸਰ ਸਾਲਾਂ ਬੱਧੀ ਜਿੰਦਰੇ ਲੱਗੇ ਰਹਿੰਦੇ ਹਨ ਅਤੇ ਪੰਜ ਕੁ ਸਾਲ ਬਾਅਦ ਜਦੋਂ ਐਨ.ਆਰ.ਆਈ. ਪੰਜਾਬੀ ਆਪਣੇ ਘਰਾਂ ਨੂੰ ਪਰਤਦੇ ਹਨ ਤਾਂ ਉਦੋਂ ਹੀ ਇਹਨਾਂ ਘਰਾਂ ਵਿੱਚ ਰੌਸ਼ਣੀ ਹੁੰਦੀ ਹੈ। ਇਹ ਵੀ ਸੱਚ ਹੈ ਕਿ ਕਈ ਐਨ.ਆਰ.ਆਈ. ਪੰਜਾਬੀਆਂ ਨੇ ਆਪਣੇ ਪਿੰਡਾਂ ਦੇ ਵਿਕਾਸ ਵਿੱਚ ਵੀ ਚੰਗਾ ਯੋਗਦਾਨ ਪਾਇਆ ਹੈ ਅਤੇ ਅਨੇਕਾਂ ਪੇਂਡੂ ਖੇਡ ਮੇਲੇ ਤਾਂ ਹੁੰਦੇ ਹੀ ਪਰਵਾਸੀ ਪੰਜਾਬੀਆਂ ਦੇ ਯੋਗਦਾਨ ਨਾਲ ਹਨ। ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਕਈ ਪਰਵਾਸੀ ਪੰਜਾਬੀਆਂ ਦੇ ਪੰਜਾਬ ਵਿਚਲੇ ਜੱਦੀ ਘਰ ਹੁਣ ਢਹਿਣ ਕਿਨਾਰੇ ਪਹੁੰਚੇ ਹੋਏ ਹਨ, ਉਹਨਾਂ ਘਰਾਂ ਦਾ ਰੰਗ ਰੌਗਣ ਫਿੱਕਾ ਪੈ ਗਿਆ ਹੈ ਅਤੇ ਘਰ ਦੀਆਂ ਕੰਧਾਂ ਤੋਂ ਪਲੱਸਤਰ ਉਖੜਨ ਲੱਗ ਪਿਆ ਹੈ। ਇਹਨਾਂ ਘਰਾਂ ਦੇ ਵਿੱਚ ਰਹਿ ਰਹੇ ਬੁੱਢੜੇ ਮਾਪਿਆਂ ਕੋਲ ਏਨਾ ਪੈਸਾ ਨਹੀਂ ਹੁੰਦਾ ਕਿ ਉਹ ਆਪਣੇ ਘਰਾਂ ਦੀ ਮੁਰੰਮਤ ਕਰਵਾ ਸਕਣ। ਇਹਨਾਂ ਲੋਕਾਂ ਨੇ ਆਪਣੀ ਜਿੰਦਗੀ ਦੀ ਸਾਰੀ ਜਮਾਂ ਪੂੰਜੀ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਲਗਾ ਦਿੱਤੀ ਹੁੰਦੀ ਹੈ। ਇਹਨਾਂ ਵਿਚੋਂ ਕਈਆਂ ਦੇ ਨੌਜਵਾਨ ਪੁੱਤਰ ਤਾਂ ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਲੱਗੇ ਜੰਗਲਾਂ ਵਿੱਚ ਹੀ ਗਾਇਬ ਹੋ ਜਾਂਦੇ ਹਨ ਭਾਵ ਖੁਦਗਰਜ਼ ਏਜੰਟਾਂ ਵੱਲੋਂ ਹੀ ਗਾਇਬ ਕਰ ਦਿੱਤੇ ਜਾਂਦੇ ਹਨ। ਜਿਸ ਕਰਕੇ ਇਹਨਾਂ ਬੁੱਢੜੇ ਮਾਪਿਆਂ ਨੂੰ ਆਪਣੇ ਪੁੱਤਰਾਂ ਤੋਂ ਵੀ ਕੋਈ ਸਹਾਰਾ ਨਹੀਂ ਮਿਲ ਰਿਹਾ। ਇਹਨਾਂ ਦੇ ਪੁੱਤਰ ਵੀ ਵਿਦੇਸ਼ਾਂ ਵਿੱਚ ਭਟਕਦਿਆਂ ਉਸ ਸਮੇਂ ਨੂੰ ਯਾਦ ਕਰਕੇ ਰੋਂਦੇ ਹਨ ਜਦੋਂ ਇਹਨਾਂ ਨੇ ਆਪਣੇ ਹੱਸਦੇ ਵਸਦੇ 'ਘਰਾਂ' ਨੂੰ 'ਅਲਵਿਦਾ' ਕਿਹਾ ਸੀ।



ਵਿਦੇਸ਼ਾਂ 'ਚ ਖੱਜਲ ਖੁਆਰ ਹੁੰਦਿਆਂ ਇਹਨਾਂ ਨੌਜਵਾਨਾਂ ਦੇ ਫਿਰ ਉਹ ਸਮਾਂ ਯਾਦ ਆਉਂਦਾ ਹੈ, ਜਦੋਂ ਉਹਨਾਂ ਵੱਲੋਂ ਪੰਜਾਬ ਨੂੰ ਅਲਵਿਦਾ ਕਹਿੰਦਿਆਂ ਉਹਨਾਂ ਦਾ ਘਰ ਅਤੇ ਪੰਜਾਬ ਚੁੱਪ ਜਿਹਾ ਹੋ ਗਿਆ ਸੀ ਤੇ ਮਾਂ ਦੀ ਅਸੀਸ ਨੂੰ ਤੌਖਲਾ ਦਿੱਸਣ ਲੱਗ ਪਿਆ ਸੀ। ਭੈਣਾਂ ਦੇ ਚਾਅ ਨੂੰ ਡੋਬ ਜੇਹੇ ਪੈਣ ਲੱਗ ਪਏ ਸਨ। ਉਦੋਂ ਇਹਨਾਂ ਦੇ ਘਰ ਦੇ ਖੁੱਲ੍ਹੇ ਵਿਹੜੇ ਨੇ ਆਪਣੀ ਜ਼ੁਬਾਨ ਬੰਦ ਕਰ ਲਈ ਸੀ। ਰਸੋਈ ਦੀ ਰੌਣਕ ਗਾਇਬ ਹੋ ਗਈ ਸੀ। ਵਿਹੜੇ ਵਿੱਚ ਪਏ ਗਮਲਿਆਂ ਦੇ ਵਿੱਚ ਲੱਗੇ ਪੌਦਿਆਂ ਦੇ ਫੁੱਲ ਮੁਰਝਾਂ ਗਏ ਸਨ। ਚਿੜੀਆਂ ਨੇ ਘਰਾਂ ਵਿੱਚ ਆਉਣਾ ਛੱਡ ਦਿੱਤਾ ਸੀ ਤੇ ਚਿੜੀਆਂ ਕਿਤੇ ਦੂਰ ਉਡਾਰੀ ਮਾਰ ਗਈਆਂ ਸਨ। ਇਹ ਨੌਜਵਾਨ ਆਪਣੇ ਘਰਾਂ ਦੀ ਜੂਨ ਸੁਧਾਰਨ ਲਈ ਵਿਦੇਸ਼ ਗਏ ਸਨ ਪਰ ਵਿਦੇਸ਼ ਵਿੱਚ ਇਹਨਾਂ ਦੀ ਆਪਣੀ ਜੂਨ ਹੀ ਭਟਕਦੀ ਰਹਿ ਗਈ।

ਜੇ ਪੰਜਾਬੀਆਂ ਨੇ ਵਿਦੇਸ਼ ਜਾਣਾ ਹੈ ਤਾਂ ਉਹ ਜਾਇਜ਼ ਅਤੇ ਕਾਨੂੰਨੀ ਤਰੀਕਿਆਂ ਨਾਲ ਹੀ ਵਿਦੇਸ਼ ਜਾਣ ਅਤੇ 'ਡੰਕੀ ਰੂਟ' ਸਮੇਤ ਹੋਰ ਗੈਰ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦਾ ਯਤਨ ਨਾ ਕਰਨ। ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਕਰਜ਼ਾ ਲੈ ਕੇ ਵਿਦੇਸ਼ ਜਾਣ ਦੀ ਥਾਂ ਪੰਜਾਬ ਰਹਿ ਕੇ ਆਪਣੇ ਰੁਜ਼ਗਾਰ ਚਲਾਉਣ ਅਤੇ ਨੌਕਰੀਆਂ ਮੰਗਣ ਦੀ ਥਾਂ ਉਹ ਹੋਰਨਾਂ ਲੋਕਾਂ ਨੂੰ ਨੌਕਰੀਆਂ ਦੇਣ ਵਾਲੇ ਬਣਨ। ਪੰਜਾਬੀ ਨੌਜਵਾਨ ਹੀ ਪੰਜਾਬ ਵਿੱਚ ਰਹਿ ਕੇ ਪੰਜਾਬ ਦੀ ਨੁਹਾਰ ਬਦਲ ਸਕਦੇ ਹਨ।



## ਸੰਯੁਕਤ ਰਾਸ਼ਟਰ ਦੀ ਨਵੀਂ ਰਿਪੋਰਟ 'ਚ ਹੋਇਆ ਖ਼ੁਲਾਸਾ

# ਆਲਮੀ ਦੁਖਾਂਤ ਬਣੀ 'ਅੰਨ ਦੀ ਬਰਬਾਦੀ'

## ਹਰ ਦਿਨ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ 20 ਫ਼ੀਸਦੀ ਖਾਣਯੋਗ ਭੋਜਨ

### ਕੂੜੇ ਦੇ ਢੇਰਾਂ 'ਤੇ ਸੁੱਟੇ ਭੋਜਨ ਨੂੰ ਖਾਣ ਲਈ ਆਵਾਰਾ ਕੁੱਤਿਆਂ, ਪਸ਼ੂਆਂ ਅਤੇ ਗ਼ਰੀਬ ਬੱਚਿਆਂ ਵਿਚਾਲੇ ਹੋ ਜਾਂਦੀ ਹੈ 'ਭੁੱਖ ਦੀ ਜੰਗ'



ਪੂਰੇ ਵਿਸ਼ਵ ਵਿੱਚ ਜਿੱਥੇ 'ਭੁੱਖਮਰੀ' ਵੱਡਾ ਸੰਕਟ ਬਣੀ ਹੋਈ ਹੈ, ਉਥੇ ਹਰ ਦਿਨ ਹੁੰਦੀ 'ਅੰਨ ਦੀ ਬਰਬਾਦੀ' ਵੀ ਆਲਮੀ ਦੁਖਾਂਤ ਅਤੇ ਵੱਡੀ ਸਮੱਸਿਆ ਬਣ ਗਈ ਹੈ। ਭਾਰਤ ਸਮੇਤ ਦੁਨੀਆਂ ਦੇ ਵੱਖ- ਵੱਖ ਦੇਸ਼ਾਂ ਦੇ ਅਨੇਕਾਂ ਇਲਾਕਿਆਂ ਵਿੱਚ ਅਕਸਰ ਇਹ ਵੇਖਣ ਵਿੱਚ ਆਉਂਦਾ ਹੈ ਕਿ ਮੈਰਿਜ ਪੈਲਿਸਾਂ, ਹੋਟਲਾਂ , ਰੈਸਟੋਰੈਂਟਾਂ ਵਿੱਚ ਪਾਰਟੀਆਂ ਜਾਂ ਵਿਆਹ-ਸ਼ਾਦੀਆਂ ਤੋਂ ਬਾਅਦ ਬੱਚਿਆ ਖਾਣਾ ਜਾਂ ਲੋਕਾਂ ਵੱਲੋਂ ਛੱਡਿਆ ਗਿਆ ਜੂਠਾ ਖਾਣਾ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ, ਤਾਂ ਇਸ ਸੁੱਟੇ ਗਏ ਖਾਣੇ ਦੇ ਢੇਰ ਵਿੱਚੋਂ ਅੰਨ ਖਾਣ ਲਈ ਜਿਥੇ ਆਵਾਰਾ ਕੁੱਤੇ ਅਤੇ ਆਵਾਰਾ ਪਸ਼ੂ ਇਕੱਠੇ ਹੋ ਜਾਂਦੇ ਹਨ, ਉਥੇ ਹੀ ਗਰੀਬ ਅਤੇ ਭੁੱਖਮਰੀ ਦਾ ਸ਼ਿਕਾਰ ਬੱਚੇ ਵੀ ਆਪਣੀ ਭੁੱਖ ਮਿਟਾਉਣ ਲਈ ਕੂੜੇ ਦੇ ਢੇਰ ਵਿੱਚੋਂ ਜੂਠਾ ਜਾਂ ਬਚਿਆ ਅੰਨ ਚੁੱਕ ਕੇ ਖਾਂਦੇ ਨਜ਼ਰ ਆ ਜਾਂਦੇ ਹਨ। ਕਈ ਵਾਰ ਤਾਂ ਕੂੜੇ ਵਿੱਚ ਸੁੱਟੇ ਖਾਣੇ ਨੂੰ ਖਾਣ ਲਈ ਆਵਾਰਾ ਕੁੱਤਿਆਂ, ਆਵਾਰਾ ਪਸ਼ੂਆਂ ਅਤੇ ਗਰੀਬ ਬੱਚਿਆਂ ਵਿਚਾਲੇ 'ਜੰਗ' ਵੀ ਹੋ ਜਾਂਦੀ ਹੈ, ਜਿਸ ਨੂੰ 'ਭੁੱਖ ਦੀ ਜੰਗ' ਕਿਹਾ ਜਾ ਸਕਦਾ ਹੈ।

ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੀ ਨਵੀਂ ਰਿਪੋਰਟ 'ਫੂਡ ਵੇਸਟ ਇੰਡੈਕਸ ਰਿਪੋਰਟ 2024' 'ਚ ਅੰਨ ਭਾਵ ਭੋਜਨ ਦੀ ਬਰਬਾਦੀ ਦੀ ਗੱਲ ਸਾਹਮਣੇ ਆਈ ਹੈ। ਰਿਪੋਰਟ ਮੁਤਾਬਕ 20 ਫੀਸਦੀ ਖਾਣਯੋਗ ਭੋਜਨ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਹਾਲਾਤ ਤਾਂ ਇਸ ਸਮੇਂ ਇਹ ਬਣ ਗਏ ਹਨ ਕਿ ਇੱਕ ਪਾਸੇ ਹਰ ਦਿਨ ਦੁਨੀਆਂ ਦੇ 78.3 ਕਰੋੜ ਲੋਕ ਖਾਲੀ ਪੇਟ ਸੌਣ ਲਈ ਮਜਬੂਰ ਹਨ, ਦੂਜੇ ਪਾਸੇ ਹਰ ਰੋਜ਼ 100 ਕਰੋੜ ਖ਼ੁਰਾਕਾਂ ਦੇ ਬਰਾਬਰ ਭੋਜਨ ਬਰਬਾਦ ਹੋ ਰਿਹਾ ਹੈ। ਜੇਕਰ ਅਸੀਂ 2022 ਦੇ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇੱਕ ਸਾਲ 'ਚ ਲਗਭਗ 105.2 ਕਰੋੜ ਟਨ ਭੋਜਨ ਬਰਬਾਦ ਹੋ ਰਿਹਾ ਹੈ, ਜੋ ਹਰ ਸਾਲ ਔਸਤਨ 132 ਕਿਲੋ ਪ੍ਰਤੀ ਵਿਅਕਤੀ ਦੇ ਬਰਾਬਰ ਹੈ।

ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ ਦੇ ਕਾਰਜਕਾਰੀ ਨਿਰਦੇਸ਼ਕ ਇੰਗਰ ਐਂਡਰਸਨ ਨੇ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਹੈ ਕਿ ਭੋਜਨ ਦੀ ਬਰਬਾਦੀ ਇੱਕ ਵਿਸ਼ਵ ਦੁਖਾਂਤ ਹੈ। ਇਹ ਭੋਜਨ ਪੂਰੀ ਦੁਨੀਆਂ ਵਿੱਚ ਅਜਿਹੇ ਸਮੇਂ ਵਿੱਚ ਬਰਬਾਦ ਹੋ ਰਿਹਾ ਹੈ ਜਦੋਂ ਲੱਖਾਂ ਲੋਕਾਂ ਨੂੰ ਪੂਰਾ ਭੋਜਨ ਨਹੀਂ ਮਿਲ ਰਿਹਾ ਹੈ। ਉਨ੍ਹਾਂ ਮੁਤਾਬਕ ਇਸ ਦਾ ਅਸਰ ਵਿਸ਼ਵ ਅਰਥਵਿਵਸਥਾ 'ਤੇ ਵੀ ਪੈਂਦਾ ਹੈ।

ਰਿਪੋਰਟ ਦੇ ਅਨੁਸਾਰ, ਵਿਸ਼ਵ ਪੱਧਰ 'ਤੇ ਹੋਣ ਵਾਲੀ ਜ਼ਿਆਦਾਤਰ ਭੋਜਨ ਦੀ ਬਰਬਾਦੀ (ਯਾਨੀ 60 ਫ਼ੀਸਦੀ) ਘਰਾਂ ਵਿੱਚ ਹੋ ਰਹੀ ਹੈ। ਜੇਕਰ ਅਸੀਂ ਘਰਾਂ ਵਿੱਚ ਬਰਬਾਦ ਕੀਤੇ ਜਾ ਰਹੇ ਭੋਜਨ ਦੀ ਕੁੱਲ ਮਾਤਰਾ ਨੂੰ ਵੇਖੀਏ, ਤਾਂ ਇਹ ਲਗਭਗ 631 ਮਿਲੀਅਨ ਟਨ ਹੈ। ਇਸ ਤੋਂ ਵੱਡੀ ਦੁਖਦਾਈ ਗੱਲ ਕੀ ਹੋਵੇਗੀ ਕਿ ਜਿੱਥੇ ਇੱਕ ਪਾਸੇ ਇਸ ਭੋਜਨ ਦੀ ਬਰਬਾਦੀ ਹੋ ਰਹੀ ਹੈ, ਉੱਥੇ ਦੂਜੇ ਪਾਸੇ ਵਿਸ਼ਵ ਪੱਧਰ 'ਤੇ ਪੰਜ ਸਾਲ ਤੋਂ ਘੱਟ ਉਮਰ ਦੇ 15 ਕਰੋੜ ਬੱਚਿਆਂ ਦਾ ਵਿਕਾਸ ਰੁਕ ਗਿਆ ਹੈ ਕਿਉਂਕਿ ਉਨ੍ਹਾਂ ਦੀ ਖ਼ੁਰਾਕ ਵਿੱਚ ਜ਼ਰੂਰੀ ਪੌਸ਼ਟਿਕ ਤੱਤਾਂ ਦੀ ਘਾਟ ਹੈ। ਇਸ ਦਾ ਮਤਲਬ ਹੈ ਕਿ ਉਹ ਬੱਚੇ ਕਿ ਸੇ ਨ ਾ



ਕਿਸੇ ਰੂਪ ਵਿੱਚ ਕੁਪੋਸ਼ਣ ਦਾ ਸ਼ਿਕਾਰ ਹਨ।

ਜੇਕਰ ਦੇਖਿਆ ਜਾਵੇ ਤਾਂ ਅੱਜ ਭੋਜਨ ਪਦਾਰਥਾਂ ਦੀ ਬਰਬਾਦੀ ਸਿਰਫ਼ ਅਮੀਰ ਦੇਸ਼ਾਂ ਤੱਕ ਹੀ ਸੀਮਤ ਨਹੀਂ ਹੈ। ਇਹ ਸਮੱਸਿਆ ਘੱਟ ਅਤੇ ਮੱਧ ਆਮਦਨ ਵਾਲੇ ਦੇਸ਼ਾਂ ਵਿੱਚ ਵੀ ਵੱਧ ਰਹੀ ਹੈ।



ਅੰਕੜੇ ਇਹ ਵੀ ਪੁਸ਼ਟੀ ਕਰਦੇ ਹਨ ਕਿ ਉੱਚ-ਆਮਦਨੀ, ਉੱਚ-ਮੱਧਮ ਆਮਦਨੀ ਅਤੇ ਨਿਮਨ-ਮੱਧ ਆਮਦਨ ਵਾਲੇ ਦੇਸ਼ਾਂ ਵਿੱਚ ਔਸਤ ਭੋਜਨ ਦੀ ਬਰਬਾਦੀ ਪ੍ਰਤੀ ਵਿਅਕਤੀ ਪ੍ਰਤੀ ਸਾਲ ਸਿਰਫ਼ ਸੱਤ ਕਿਲੋਗ੍ਰਾਮ ਤੱਕ ਹੁੰਦੀ ਹੈ। ਖਾਣ-ਪੀਣ ਦੀਆਂ ਵਸਤੂਆਂ ਦਾ ਇਹ ਨੁਕਸਾਨ ਅਤੇ ਬਰਬਾਦੀ ਆਰਥਿਕ ਪੱਖੋਂ ਵੀ ਬਹੁਤ ਮਹਿੰਗੀ ਹੁੰਦੀ ਜਾ ਰਹੀ ਹੈ। ਇਸ ਕਾਰਨ ਇੱਕ ਖਰਬ ਡਾਲਰ ਦਾ ਨੁਕਸਾਨ ਹੋ ਰਿਹਾ ਹੈ।

ਇਸ ਰਿਪੋਰਟ ਵਿੱਚ ਸਿਫ਼ਾਰਸ਼ ਕੀਤੀ ਗਈ ਹੈ ਕਿ ਭੋਜਨ ਦੀ ਬਰਬਾਦੀ ਰੋਕਣ ਲਈ ਭੋਜਨ ਦੀ ਬਰਬਾਦੀ ਨੂੰ ਘਟਾਉਣ ਦੀਆਂ ਕੋਸ਼ਿਸ਼ਾਂ ਨੂੰ ਮਜ਼ਬੂਤ ਕਰਨਾ ਹੋਵੇਗਾ। ਸੜੇ ਹੋਏ ਭੋਜਨ ਨੂੰ ਖੇਤਾਂ ਵਿੱਚ ਖਾਦ ਵਜੋਂ ਵਰਤਣਾ ਸ਼ਹਿਰਾਂ ਵਿੱਚ ਰਹਿੰਦ-ਖੂੰਹਦ ਨੂੰ ਘਟਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਜੇਕਰ ਭੋਜਨ ਦ ਿਬਰਬਾਦੀ ਨੂੰ ਰੋਕ ਦਿੱਤਾ ਜਾਵੇ ਤਾਂ ਨਾ ਸਿਰਫ਼ ਕਰੋੜਾਂ ਲੋਕਾਂ ਨੂੰ ਭੋਜਨ ਮਿਲ ਸਕੇਗਾ, ਸਗੋਂ ਹਰ ਸਾਲ ਹੋਣ ਵਾਲੇ ਲਗਭਗ 68,39,675 ਕਰੋੜ ਰੁਪਏ (94,000 ਕਰੋੜ ਡਾਲਰ) ਦੇ ਆਰਥਿਕ ਨੁਕਸਾਨ ਤੋਂ ਵੀ ਬਚਿਆ ਜਾ ਸਕਦਾ ਹੈ। ਇਹ ਬਚਿਆ ਹੋਇਆ ਪੈਸਾ ਆਮ ਲੋਕਾਂ ਦੀ ਭਲਾਈ ਦੇ ਲਈ ਖ਼ਰਚਿਆ ਜਾ ਸਕਦਾ ਹੈ।

**ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਅੰਤਰ**

ਸ਼ਹਿਰੀ ਅਤੇ ਪੇਂਡੂ ਆਬਾਦੀ ਦੇ ਵਿਚਕਾਰ ਭੋਜਨ ਦੀ ਬਰਬਾਦੀ ਦੀਆਂ ਦਰਾਂ ਵਿੱਚ ਇੱਕ ਮਹੱਤਵਪੂਰਨ ਅੰਤਰ ਦੇਖਿਆ ਗਿਆ ਹੈ। ਉਦਾਹਰਨ ਲਈ, ਮੱਧ-ਆਮਦਨ ਵਾਲੇ ਦੇਸ਼ਾਂ ਵਿੱਚ ਪੇਂਡੂ ਆਬਾਦੀ ਮੁਕਾਬਲਤਨ ਘੱਟ ਭੋਜਨ ਦੀ ਬਰਬਾਦੀ ਕਰਦੀ ਹੈ। ਇਸ ਦਾ ਇੱਕ ਸੰਭਵ ਕਾਰਨ ਇਹ ਹੈ ਕਿ ਪਿੰਡਾਂ ਵਿੱਚ ਬਚਿਆ ਹੋਇਆ ਭੋਜਨ ਪਸ਼ੂਆਂ ਨੂੰ ਖੁਆਇਆ ਜਾਂਦਾ ਹੈ ਅਤੇ ਖੇਤਾਂ ਵਿੱਚ ਖਾਦ ਵਜੋਂ ਵੀ ਵਰਤਿਆ ਜਾਂਦਾ ਹੈ। ਇਸ ਦੇ ਨਾਲ ਹੀ ਸ਼ਹਿਰਾਂ ਵਿੱਚ ਬਚਿਆ ਹੋਇਆ ਭੋਜਨ ਸਿੱਧਾ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਵੱਡੀ ਗਿਣਤੀ ਪਿੰਡਾਂ ਵਿੱਚ ਇਹ ਰਿਵਾਜ ਵੀ ਹੈ ਕਿ ਵਿਅਕਤੀ ਜਿੰਨਾ ਭੋਜਨ ਆਪਣੀ ਥਾਲੀ ਜਾਂ ਪਲੇਟ ਵਿੱਚ ਪਾਉਂਦੇ ਹਨ, ਉਸ ਨੂੰ ਸਾਰਾ ਖਾਂਦੇ ਹਨ। ਵੱਡੀ ਗਿਣਤੀ ਪਿੰਡਾਂ ਵਿੱਚ ਜੂਠ ਛੱਡਣ ਨੂੰ ਗਲਤ ਮੰਨਿਆ ਜਾਂਦਾ ਹੈ, ਇਸ ਕਰਕੇ ਪਿੰਡਾਂ ਵਿੱਚ ਭੋਜਨ ਦੀ ਬਰਬਾਦੀ ਘੱਟ ਹੁੰਦੀ ਹੈ।

**ਵਾਤਾਵਰਣ 'ਤੇ ਪ੍ਰਭਾਵ:**

ਭੋਜਨ ਦੀ ਬਰਬਾਦੀ ਦਾ ਵਾਤਾਵਰਣ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਬਰਬਾਦ ਕੀਤਾ ਗਿਆ ਭੋਜਨ ਆਪਣੇ ਆਲੇ ਦੁਆਲੇ ਸੜਿਹਾਂਦ ਮਾਰਦਾ ਰਹਿੰਦਾ ਹੈ, ਇਸ ਭੋਜਨ ਵਿਚੋਂ ਮੀਥੇਨ ਵਰਗੀਆਂ ਗੈਸਾਂ ਵੀ ਨਿਕਲਦੀਆਂ ਰਹਿੰਦੀਆਂ ਹਨ, ਜੋ ਕਿ ਜਲਵਾਯੂ ਤਬਦੀਲੀ ਦਾ ਕਾਰਨ ਬਣ ਜਾਂਦੀਆਂ ਹਨ। ਜਿਵੇਂ ਜਿਵੇਂ ਬਰਬਾਦ ਕੀਤੇ ਭੋਜਨ ਦੇ ਢੇਰ ਵੱਧਦੇ ਜਾਂਦੇ ਹਨ, ਉਵੇਂ ਹੀ ਵਾਤਾਵਰਣ ਦੂਸ਼ਿਤ ਹੁੰਦਾ ਜਾਂਦਾ ਹੈ। ਅਜਿਹੇ ਭੋਜਨ ਕਾਰਨ ਵਾਤਾਵਰਣ ਵਿੱਚ ਆਏ ਵਿਗਾੜ ਦਾ ਅਸਰ ਮਨੁੱਖ ਦੀ ਸਿਹਤ ਅਤੇ ਖੇਤਾਂ ਵਿੱਚ ਖੜ੍ਹੀਆਂ ਫ਼ਸਲਾਂ 'ਤੇ ਵੀ ਹੋ ਸਕਦਾ ਹੈ।

## ਭਾਰਤ ਵਿੱਚ ਵੀ ਬਹੁਤ ਹੁੰਦੀ ਹੈ ਭੋਜਨ ਦੀ ਬਰਬਾਦੀ



ਭਾਰਤ ਵਿੱਚ 'ਅੰਨ' ਨੂੰ 'ਦੇਵਤਾ' ਮੰਨਿਆ ਜਾਂਦਾ ਹੈ ਪਰ ਫਿਰ ਵੀ ਭਾਰਤ ਵਿੱਚ ਹਰ ਸਾਲ ਲਗਭਗ 68.8 ਮਿਲੀਅਨ ਟਨ ਭੋਜਨ ਬਰਬਾਦ ਹੁੰਦਾ ਹੈ। ਜੇਕਰ ਪ੍ਰਤੀ ਵਿਅਕਤੀ ਆਧਾਰ 'ਤੇ ਦੇਖੀਏ ਤਾਂ ਹਰ ਵਿਅਕਤੀ ਹਰ ਸਾਲ 50 ਕਿਲੋ ਭੋਜਨ ਬਰਬਾਦ ਕਰਦਾ ਹੈ। ਭਾਰਤ ਵਿੱਚ ਵਿਆਹ ਸ਼ਾਦੀ ਮੌਕੇ ਜਾਂ ਪਾਰਟੀਆਂ ਮੌਕੇ ਆਪਣੀ ਪਲੇਟ ਵਿੱਚ ਜੂਠਾ ਖਾਣਾ ਛੱਡਣਾ ਇੱਕ ਫ਼ੈਸ਼ਨ ਬਣ ਗਿਆ ਹੈ। ਅਕਸਰ ਵੇਖਿਆ ਜਾਂਦਾ ਹੈ ਕਿ ਪਾਰਟੀਆਂ ਅਤੇ ਖਾਣੇ ਦੇ ਦੌਰਾਨ ਵੱਡੀ ਗਿਣਤੀ ਲੋਕ ਆਪਣੀਆਂ ਪਲੇਟਾਂ ਵਿੱਚ ਲੋੜ ਤੋਂ ਜ਼ਿਆਦਾ ਭੋਜਨ ਪਾ ਲੈਂਦੇ ਹਨ ਅਤੇ ਉਸ ਤੋਂ ਬਾਅਦ ਉਹ ਥੋੜਾ ਭੋਜਨ ਖਾਣ ਤੋਂ ਬਾਅਦ ਬਾਕੀ ਭੋਜਨ ਨੂੰ ਡਸਟਬਿਨ ਵਿੱਚ ਸੁੱਟ ਦਿੰਦੇ ਹਨ। ਇਹ ਬਰਬਾਦ ਕੀਤਾ ਹੋਇਆ ਭੋਜਨ ਬਾਅਦ ਵਿੱਚ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਅੰਨ ਨੂੰ ਬਰਬਾਦ ਕਰਨ ਦੀ ਥਾਂ ਇਹ ਅੰਨ ਭੁੱਖ ਢਿੱਡ ਸੌਂਦੇ ਲੋਕਾਂ ਵਿੱਚ ਵੰਡਿਆ ਜਾ ਸਕਦਾ ਹੈ।











# ਅਸਲੇ ਦੇ ਸ਼ੌਕੀਨ ਕਿਉਂ ਨੇ ਪੰਜਾਬੀ ?

## ਪੰਜਾਬ ਵਿੱਚ ਕੁੱਲ 4 ਲੱਖ 20 ਹਜ਼ਾਰ 808 ਲਾਇਸੈਂਸੀ ਹਥਿਆਰ

## ਪੰਜ ਸਾਲਾਂ ਵਿੱਚ ਵਧ ਗਏ 59,808 ਲਾਇਸੈਂਸੀ ਹਥਿਆਰ

## ਚੋਣਾਂ ਕਾਰਨ ਹੁਣ ਤੱਕ ਪੁਲਿਸ ਕੋਲ 2 ਲੱਖ 19 ਹਜ਼ਾਰ 175 ਹਥਿਆਰ ਹੋਏ ਜਮ੍ਹਾਂ

ਪੰਜਾਬ ਸੰਤਾਪ ਦਿਨਾਂ ਦੌਰਾਨ ਵੀ ਪੰਜਾਬ ਵਿੱਚ ਅਸਲਾ ਲਾਇਸੈਂਸ ਕਾਫੀ ਬਣੇ ਸਨ। ਹੁਣ ਜਦੋਂ ਤੋਂ ਗੈਂਗਸਟਰਾਂ ਦੀ ਦਹਿਸ਼ਤ ਵਧੀ ਹੈ, ਉਦੋਂ ਤੋਂ ਮੁੜ ਅਸਲਾ ਲਾਇਸੈਂਸ ਤੇਜ਼ੀ ਨਾਲ ਬਣਨੇ ਸ਼ੁਰੂ ਹੋਏ ਹਨ। ਪੰਜਾਬ ਦੇ ਸਰਦੇ ਪੁੱਜਦੇ ਲੋਕ ਕਾਫੀ ਵੱਡੀ ਰਾਸ਼ੀ ਹਥਿਆਰ ਖਰੀਦਣ ’ਤੇ ਖਰਚ ਕਰ ਰਹੇ ਹਨ। ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ ਕਈ ਕਤਲਾਂ ਵਿੱਚ ਲਾਇਸੈਂਸੀ ਹਥਿਆਰ ਹੀ ਵਰਤੇ ਗਏ ਹਨ। ਜੋ ਪੰਜਾਬ ਵਿੱਚ ਦੋ ਨੰਬਰ ਦਾ ਅਸਲਾ ਹੈ, ਉਸ ਦਾ ਕੋਈ ਹਿਸਾਬ ਕਿਤਾਬ ਹੀ ਨਹੀਂ। ਪੰਜਾਬ ਵਿੱਚ ਅਸਲੇ ਦੇ ਨਾਂ ਹੇਠ ਗਾਣਿਆਂ ਦੀਆਂ ਐਲਬਮਾਂ ਮਾਰਕੀਟ ਵਿੱਚ ਆ ਚੁੱਕੀਆਂ ਤੇ ਅਸਲੇ ਵਾਲੇ ਗੀਤ ਵੀ ਆਮ ਪ੍ਰਚਲਿਤ ਹਨ। ਪੰਜਾਬੀ ਗਾਇਕੀ ਨੇ ਕਾਫੀ ਹੱਦ ਤੱਕ ਹਥਿਆਰਾਂ ਨੂੰ ਪ੍ਰਚਲਿਤ ਕੀਤਾ ਹੈ। ਇਨ੍ਹਾਂ ਗਾਣਿਆਂ ਕਰ ਕੇ ਕਈ ਵਿਆਹ ਸਮਾਰੋਹਾਂ ਵਿੱਚ ਗੋਲੀਆਂ ਵੀ ਚੱਲੀਆਂ ਹਨ।

ਹੁਣ ਭਾਰਤ ਵਿੱਚ ਲੋਕ ਸਭਾ ਚੋਣਾਂ ਨੂੰ ਲੈ ਕੇ 16 ਮਾਰਚ ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੈ। ਸੂਬੇ ਵਿੱਚ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਰਕਰਾਰ ਰੱਖਣ ਲਈ ਪੰਜਾਬ ਦੇ ਥਾਣਿਆਂ ਵਿੱਚ ਲਾਇਸੈਂਸੀ ਹਥਿਆਰ ਜਮ੍ਹਾਂ ਕਰਵਾਉਣ ਦਾ ਕੰਮ ਲਗਾਤਾਰ ਜਾਰੀ ਹੈ। ਪੰਜਾਬ ਵਿੱਚ ਕੁੱਲ 4 ਲੱਖ 20 ਹਜ਼ਾਰ 808 ਲਾਇਸੈਂਸੀ ਹਥਿਆਰ ਹਨ, ਜਿਨ੍ਹਾਂ ਵਿੱਚੋਂ ਹੁਣ ਤੱਕ ਪੁਲੀਸ ਕੋਲ 2 ਲੱਖ 19 ਹਜ਼ਾਰ 175 ਹਥਿਆਰ ਜਮ੍ਹਾ ਹੋ ਗਏ ਹਨ।

ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬੀਆਂ ਕੋਲ 3.61 ਲੱਖ ਹਥਿਆਰ ਸਨ। ਜਿਸ ਤੋਂ ਸਾਫ਼ ਹੈ ਕਿ 5 ਸਾਲਾਂ ਵਿੱਚ ਕਰੀਬ 59,808 ਹਥਿਆਰ ਹੋਰ ਖਰੀਦ ਲਏ ਹਨ। ਜੇਕਰ ਵੋਟਰਾਂ ਦੀ ਗਿਣਤੀ ’ਤੇ ਨਜ਼ਰ ਮਾਰੀਏ ਤਾਂ ਹਰ 5055 ਵੋਟਰਾਂ ਪਿੱਛੇ ਇੱਕ ਹਥਿਆਰ ਹੈ।

ਪੰਜਾਬ ਵਿੱਚ ਕਈ ਅਜਿਹੇ ਛੋਟੇ ਜ਼ਿਲ੍ਹੇ ਹਨ ਜਿਨ੍ਹਾਂ ਕੋਲ ਆਬਾਦੀ ਅਤੇ ਵੋਟਰਾਂ ਦੇ ਮੁਕਾਬਲੇ ਵੱਧ ਹਥਿਆਰ ਹਨ। ਆਦਰਸ਼ ਚੋਣ ਜ਼ਾਬਤੇ ਅਨੁਸਾਰ ਕਿਸੇ ਵੀ ਜਨਤਕ ਮੀਟਿੰਗ, ਰੈਲੀ ਜਾਂ ਚੋਣਾਂ ਵਾਲੇ ਦਿਨ ਜਾਂ ਉਸ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਗੋਲੀਬਾਰੀ ਨਾ ਹੋਣ ਨੂੰ ਯਕੀਨੀ ਬਣਾਉਣ ਲਈ ਪੁਲਿਸ ਪ੍ਰਸ਼ਾਸਨ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਂਦੀ ਹੈ।

ਉਂਝ ਥਾਣਿਆਂ ਵਿੱਚ ਹਥਿਆਰ ਜਮ੍ਹਾਂ ਨਾ ਕਰਵਾਉਣ ਵਾਲਿਆਂ ਖ਼ਿਲਾਫ਼ ਧਾਰਾ 188 ਤਹਿਤ ਨੋਟਿਸ ਜਾਰੀ ਕਰਨ ਜਾਂ ਹੋਰ ਵਿਭਾਗੀ ਕਾਰਵਾਈ ਕਰਨ ਦੀ ਵਿਵਸਥਾ ਹੈ। ਪੰਜਾਬ ਵਿੱਚ ਕੁੱਲ 2 ਕਰੋੜ 12 ਲੱਖ 71 ਹਜ਼ਾਰ 246 ਵੋਟਰ ਹਨ, ਜਿਨ੍ਹਾਂ ਵਿੱਚੋਂ 1 ਕਰੋੜ 11 ਲੱਖ 92 ਹਜ਼ਾਰ 959 ਪੁਰਸ਼ ਵੋਟਰ ਹਨ। ਜਦੋਂ ਕਿ 1 ਕਰੋੜ 77 ਹਜ਼ਾਰ 543 ਮਹਿਲਾ ਵੋਟਰ ਹਨ। ਇਸ ਸਮੇਂ ਪੰਜਾਬ ਦੇ ਥਾਣਿਆਂ ਵਿੱਚ 50% ਤੋਂ ਵੱਧ ਹਥਿਆਰ ਜਮ੍ਹਾਂ ਹੋ ਚੁੱਕੇ ਹਨ। ਮੋਗਾ ਵਰਗੇ ਛੋਟੇ ਸ਼ਹਿਰਾਂ ਵਿੱਚ ਸਭ ਤੋਂ ਵੱਧ 43,018 ਲਾਇਸੈਂਸੀ ਹਥਿਆਰ ਹਨ। ਇਸੇ ਤਰ੍ਹਾਂ ਨਵਾਂ ਸ਼ਹਿਰ ਵਿੱਚ ਸਭ ਤੋਂ ਘੱਟ 2,921 ਲਾਇਸੈਂਸੀ ਹਥਿਆਰ ਹਨ। ਨਿਯਮਾਂ ਅਨੁਸਾਰ ਮਾਨਤਾ ਪ੍ਰਾਪਤ ਬੈਂਕਾਂ ਦੇ ਸੁਰੱਖਿਆ ਗਾਰਡ, ਵਿੱਤੀ ਸੰਸਥਾਵਾਂ ਦੇ ਸੁਰੱਖਿਆ ਗਾਰਡ, ਸੰਵਿਧਾਨਕ ਅਹੁਦਿਆਂ ’ਤੇ ਕਾਬਜ਼ ਵਿਅਕਤੀ, ਨੈਸ਼ਨਲ ਰਾਈਫ਼ਲ ਐਸੋਸੀਏਸ਼ਨ ਅਤੇ ਜ਼ਿਲ੍ਹਾ ਰਾਈਫ਼ਲ ਐਸੋਸੀਏਸ਼ਨ ਦੇ ਨਾਲ-ਨਾਲ ਜ਼ਿਲ੍ਹੇ ਦੇ ਉਦਯੋਗਿਕ ਅਦਾਰਿਆਂ, ਵਿੱਦਿਅਕ ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਦੀ ਸੁਰੱਖਿਆ ਲਈ ਤਾਇਨਾਤ ਗਾਰਡ ਵਿਸ਼ੇਸ਼ ਇਜਾਜ਼ਤ ਨਾਲ ਹਥਿਆਰ ਲੈ ਸਕਣਗੇ, ਪਰ ਇਹ ਸੂਚਨਾ ਪੁਲਿਸ ਨੂੰ ਦੇਣੀ ਪਵੇਗੀ।









## ਕਿਥੋਂ ਤੇ ਕਿਵੇਂ ਬਣਦੈ ਅਸਲਾ ਲਾਇਸੈਂਸ?

ਅਸਲਾ ਲਾਇਸੈਂਸ ਬਣਾਉਣ ਲਈ ਸਭ ਤੋਂ ਪਹਿਲਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ/ ਜ਼ਿਲ੍ਹਾ ਮੈਜਿਸਟ੍ਰੇਟ ਤੋਂ ਲਾਇਸੈਂਸ ਦਾ ਫਾਰਮ ਲੈਣ ਲਈ ਅਰਜੀ ਦੇ ਕੇ ਮਨਜ਼ੂਰੀ ਲੈਣੀ ਪੈਂਦੀ ਹੈ। ਡਿਪਟੀ ਕਮਿਸ਼ਨਰ ਦੀ ਮਨਜ਼ੂਰੀ ਤੋਂ ਬਾਅਦ ਇੱਕ ਬਿਨੈਕਾਰ ਸੁਵਿਧਾ ਕੇਂਦਰ ਵਿੱਚੋਂ ਫਾਰਮ ਲੈ ਸਕਦਾ ਹੈ। ਅਸਲਾ ਲਾਇਸੈਂਸ ਲਈ ਲੋੜੀਂਦੇ ਦਸਤਾਵੇਜ਼ ਲਗਾਉਂਣ ਤੋਂ ਬਾਅਦ ਦਰਖਾਸਤਕਰਤਾ ਨੂੰ ਫ਼ੀਸ ਸਮੇਤ ਸੁਵਿਧਾ ਕੇਂਦਰ ਵਿੱਚ ਫਾਇਲ ਜਮਾਂ ਕਰਵਾਉਣੀ ਪੈਂਦੀ ਹੈ।



ਸਭ ਤੋਂ ਪਹਿਲਾਂ ਬਿਨੈਕਾਰ ਨੂੰ ਹਥਿਆਰ ਲੈਣ ਲਈ ਕਾਰਨ ਦੱਸਣਾ ਪੈਂਦਾ ਹੈ। ਇਸ ਤੋਂ ਬਾਅਦ ਫਾਇਲ ਨਾਲ ਅਧਾਰ ਕਾਰਡ, ਪੈਨ ਕਾਰਡ, ਜਨਮ ਦਾ ਸਬੂਤ, ਰਿਹਾਇਸ਼ ਦਾ ਪ੍ਰਮਾਣ-ਪੱਤਰ, ਫੋਟੋਆਂ, ਬੈਂਕ ਦੀ ਕਾਪੀ, ਆਮਦਨ ਦਾ ਸਬੂਤ, ਹਥਿਆਰ ਦੀ ਦੁਰਵਰਤੋਂ ਨਾ ਕਰਨ ਸਬੰਧੀ ਹਲਫੀਆ ਬਿਆਨ, ਘਰ ਦੀ ਰਜ਼ਿਸਟਰੀ ਅਤੇ ਜ਼ਮੀਨ ਦੀ ਫਰਦ ਆਦਿ ਲਗਾਉਣੇ ਪੈਂਦੇ ਹਨ। ਪੰਜਾਬ ਵਿੱਚ ਹਥਿਆਰ ਦਾ ਲਾਇਸੈਂਸ ਲੈਣ ਲਈ ਬਿਨੈਕਾਰ ਨੂੰ ਡੋਪ ਟੈਸਟ ਪਾਸ ਕਰਵਾਉਣਾ ਵੀ ਲਾਜ਼ਮੀ ਹੈ।

ਇਸ ਟੈਸਟ ਵਿੱਚ ਕਰੀਬ 10 ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਜਾਂਚ ਕੀਤੀ ਜਾਂਦੀ ਹੈ। ਜਿੰਨ੍ਹਾਂ ਵਿੱਚ ਮੋਰਫਿਨ, ਕੋਡੀਨ, ਡੀ ਪ੍ਰੋਪੌਕਸੀਫੀਨ, ਕੋਕੀਨ, ਬਿਊਪਰੇਨੋਰਫਾਈਨ ਅਤੇ ਟ੍ਰਾਮਾਡੋਲ ਆਦਿ ਸ਼ਾਮਿਲ ਹਨ। ਡੋਪ ਟੈਸਟ ਸਰਕਾਰੀ ਹਸਪਤਾਲ ਵਿੱਚ ਕੀਤਾ ਜਾਂਦਾ ਹੈ, ਜਿਸ ਦੀ ਫੀਸ ਕਰੀਬ 1500 ਰੁਪਏ ਹੁੰਦੀ ਹੈ। ਇਸ ਦੇ ਨਾਲ ਹੀ ਪੰਜਾਬ ਦੀ ਕਈ ਜ਼ਿਲ੍ਹਿਆਂ ਵਿੱਚ ਬਿਨੈਕਾਰ ਨੂੰ 10 ਪੌਦੇ ਵੀ ਲਗਾਉਣੇ ਪੈਂਦੇ ਹਨ, ਜਿਨ੍ਹਾਂ ਦੀਆਂ ਫੋਟੋਆਂ ਫਾਇਲ ਦੇ ਨਾਲ ਲਗਾਈਆਂ ਜਾਂਦੀਆਂ ਹਨ।

ਸੁਵਿਧਾ ਕੇਂਦਰ ਵਿੱਚ ਫਾਇਲ ਜਮਾਂ ਕਰਵਾਉਣ ਤੋਂ ਕੁਝ ਦਿਨ ਬਾਅਦ ਇਸ ਸਬੰਧੀ ਪੁਲਿਸ ਦੀ ਰਿਪੋਰਟ ਮੰਗੀ ਜਾਂਦੀ ਹੈ।

ਜ਼ਿਲ੍ਹੇ ਦੇ ਐੱਸ.ਐੱਸ.ਪੀ. ਵੱਲੋਂ ਇਸ ਸਬੰਧੀ ਇਲਾਕੇ ਦੇ ਐੱਸ.ਐੱਚ.ਓ. ਤੋਂ ਰਿਪੋਰਟ ਲਈ ਜਾਂਦੀ ਹੈ। ਐੱਸ.ਐੱਚ.ਓ. ਵਿਅਕਤੀ ਦੇ ਘਰ ਤੱਕ ਜਾ ਕੇ ਜਾਂਚ ਕਰਦੇ ਹਨ, ਜਿਸ ਵਿੱਚ ਬਿਨੈਕਾਰ ਦੇ ਚਰਿੱਤਰ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ।

ਪੁਲਿਸ ਦੀ ਰਿਪੋਰਟ ਤੋਂ ਬਾਅਦ ਜ਼ਿਲ੍ਹਾ ਮੈਜਿਸਟ੍ਰੇਟ ਲਾਇਸੈਂਸ ਜਾਰੀ ਕਰਦਾ ਹੈ। ਇੱਕ ਲਾਇਸੈਂਸ ਉਪਰ 2 ਹਥਿਆਰ ਹੀ ਚੜਾਏ ਜਾ ਸਕਦੇ ਹਨ। ਜੇਕਰ ਵਿਅਕਤੀ ਉਪਰ ਕੋਈ ਪੁਲਿਸ ਕੇਸ ਨਹੀਂ ਹੈ ਤਾਂ ਲਾਇਸੈਂਸ ਇੱਕ ਤੋਂ ਦੋ ਮਹੀਨਿਆਂ ਵਿੱਚ ਬਣ ਜਾਂਦਾ ਹੈ।



# ਪੰਜਾਬ ਵਿੱਚ ਵੰਨਸਵੰਨਤਾ ਵਾਲੀ ਤੇ ਜੈਵਿਕ ਖੇਤੀ ਦੀ ਲੋੜ ਕਿਉਂ ?



ਮਹਿੰਦਰ ਸਿੰਘ ਦੁਸਾਂਝ

ਪੰਜਾਬ ਕੋਲ ਲੰਮਾ ਸਮਾਂ ਵੰਨ-ਸੁਵੰਨਤਾ ਦੀ ਅਮੀਰ ਤੇ ਕਲਿਆਣਕਾਰੀ ਵਿਰਾਸਤ ਰਹੀ ਹੈ ਅਤੇ ਜੈਵਿਕ ਖੇਤੀ ਨਾਲ ਜੁੜਿਆ ਇਥੋਂ ਦਾ ਅਮੀਰ ਸੱਭਿਆਚਾਰ ਅੱਜ ਵੀ ਪ੍ਰਸੰਗਕ ਹੈ ਅਤੇ ਕਿਸਾਨਾਂ ਤੇ ਖੇਤੀ ਜਿਨਸਾਂ ਦੇ ਖਪਤਕਾਰਾਂ ਲਈ ਵਰਦਾਨ ਸਾਬਤ ਹੋਣ ਦੀ ਸਮਰੱਥਾ ਰੱਖਦਾ ਹੈ।

ਪੰਜਾਬ ਦੇ ਪੁਰਾਣੇ ਬਿਰਛ-ਬੂਟੇ ਅਜੇ ਵੀ ਕਿਤੇ ਨਾ ਕਿਤੇ ਆਪਣੀ ਹੋਂਦ ਕਾਇਮ ਰੱਖਣ ਲਈ ਜੂਝ ਰਹੇ ਹਨ, ਇਹ ਬਿਰਛ-ਬੂਟੇ ਜਿੱਥੇ ਸਦੀਆਂ ਤੱਕ ਲੋਕਾਂ ਨੂੰ ਪੌਸ਼ਟਿਕ ਤੇ ਸੁਆਦਲੇ ਫਲ ਤੇ ਠੰਢੀਆਂ ਛਾਵਾਂ ਦਿੰਦੇ ਰਹੇ ਹਨ, ਉੱਥੇ ਵੱਖ-ਵੱਖ ਲੋੜਾਂ ਲਈ ਲੋਕਾਂ ਨੂੰ ਕੀਮਤੀ ਲੱਕੜ ਦੇਣ ਅਤੇ ਵਾਤਾਵਰਨ ਨੂੰ ਸਾਫ਼-ਸੁਥਰਾ ਰੱਖਣ ਅਤੇ ਕੁਦਰਤੀ ਸਰੋਤਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦਾ ਕਲਿਆਣਕਾਰੀ ਕੰਮ ਵੀ ਕਰਦੇ ਰਹੇ ਹਨ। ਅਜੋਕੇ ਸਮਾਜ ਨੇ ਆਪਣੀਆਂ ਕਈ ਤਰ੍ਹਾਂ ਦੀਆਂ ਗੈਰ ਜ਼ਰੂਰੀ ਲੋੜਾਂ ਲਈ ਅਨੇਕਾਂ ਪੁਰਾਣੇ ਬਿਰਛ-ਬੂਟੇ ਗੁਆ ਲਏ ਹਨ, ਇਨ੍ਹਾਂ ਦੀ ਥਾਂ ਬਨਾਉਟੀ ਅਤੇ ਮਸਨੂਈ ਵਸਤਾਂ ਨਾਲ ਆਪਣੀਆਂ ਲੋੜਾਂ ਦੀ ਪੂਰਤੀ ਦਾ ਨਵਾਂ ਰੁਝਾਨ ਅਪਣਾ ਲਿਆ ਹੈ, ਅਜਿਹੀਆਂ ਮਸਨੂਈ ਵਸਤਾਂ ਦੇ ਬੇਲੋੜੇ ਕਚਰੇ ਨਾਲ ਨਜਿੱਠਣ ਲਈ ਕਈ ਨਵੀਆਂ ਸਮੱਸਿਆਵਾਂ ਵੀ ਪੈਦਾ ਹੋਈਆਂ ਹਨ।

ਅੱਜ ਵੱਖ-ਵੱਖ ਲੋੜਾਂ ਲਈ ਬਿਰਛਾਂ ਦੇ ਲੱਕੜ ਦੀ ਥਾਂ ਅਲਮੂਨੀਅਮ ਅਤੇ ਹੋਰ ਧਾਤਾਂ ਨੇ ਲੈ ਲਈ ਹੈ ਤੇ ਕੀਮਤੀ ਲੱਕੜ ਦੇਣ ਵਾਲੇ ਵਿਰਾਸਤੀ ਬਿਰਛ ਲਾਉਣ ਦਾ ਰੁਝਾਨ ਦਮ ਤੋੜ ਰਿਹਾ ਹੈ, ਤੂਤ ਅਤੇ ਕਿੱਕਰ ਦੀ ਲੱਕੜ ਨੂੰ ਮਜ਼ਬੂਤ ਸਮਝ ਕੇ ਵੱਖ ਵੱਖ ਲੋੜਾਂ ਲਈ ਵਰਤਿਆ ਜਾਂਦਾ ਸੀ, ਇਮਾਰਤੀ ਲੋੜਾਂ ਲਈ ਟਾਹਲੀ ਦੀ ਲੱਕੜ ਵਰਦਾਨ ਸਮਝੀ ਜਾਂਦੀ ਸੀ, ਫਲਾਹੀ ਦੀ ਲੱਕੜ ਤਾਂ ਲੋਹੇ ਤੋਂ ਵੀ ਮਜ਼ਬੂਤ ਹੁੰਦੀ ਸੀ, ਲੋਹੇ ਨੂੰ ਤਾਂ ਜੰਗਾਲ ਲੱਗ ਕੇ ਇਸ ਦੀ ਉਮਰ ਘਟ ਜਾਂਦੀ ਸੀ ਪਰ ਫਲਾਹੀ ਦੀ ਲੱਕੜ ਇਕ ਪੂਰੀ ਸਦੀ ਤੋਂ ਵੀ ਵੱਧ ਸਮੇਂ ਤੱਕ ਅਕਸਰ ਜਿਉਂ ਦੀ ਤਿਉਂ ਰਹਿੰਦੀ ਸੀ।

ਗੋਲ ਬੇਰਾਂ ਦੇ ਫਲ ਤੇ ਠੰਢੀਆਂ ਛਾਵਾਂ ਬਖਸ਼ਣ ਵਾਲੀਆਂ ਬੇਰੀਆਂ ਦੀ ਲੱਕੜ ਨਾਲ ਮੰਜਿਆਂ ਦੇ ਪਾਵੇ ਸਰਾਵੇ ਤੇ ਬਾਹੀਆਂ ਤਿਆਰ ਕੀਤੀਆਂ ਜਾਂਦੀਆਂ ਸਨ, ਹੁਣ ਬਾਣ ਵਾਲੇ ਮੰਜਿਆਂ ਦਾ ਰੁਝਾਨ ਵੀ ਖ਼ਤਮ ਹੋ ਗਿਆ ਹੈ ਤੇ ਬੇਰੀਆਂ ਵੀ ਖ਼ਤਮ ਹੋ ਗਈਆਂ ਹਨ।

ਜਿਵੇਂ ਪੁਰਾਣੇ ਵੇਲੇ ਸਰਦੀਆਂ ਵਿੱਚ ਬਜ਼ੁਰਗਾਂ ਲਈ ਅਲਸੀ ਦੀਆਂ ਪਿੰਨੀਆਂ ਅਕਸੀਰ ਸਮਝੀਆਂ ਜਾਂਦੀਆਂ ਸਨ, ਇਸੇ ਤਰ੍ਹਾਂ ਊਠਾਂ ਲਈ ਸਰਦੀਆਂ ਦੇ ਦਿਨਾਂ ਵਿੱਚ ਪਿੱਪਲ ਦੇ ਪੱਤਿਆਂ ਦੀ ਖੁਰਾਕ ਨੂੰ ਉੱਤਮ ਤੇ ਪੌਸ਼ਟਿਕ ਸਮਝਿਆ ਜਾਂਦਾ ਸੀ ਪਰ ਅੱਜ ਖੇਤੀ ਵਿੱਚ ਟਰੈਕਟਰਾਂ ਦੀ ਵਰਤੋਂ ਕਰਕੇ ਊਠ ਵੀ ਵਿਰਲੇ ਟਾਵੇਂ ਰਹਿ ਗਏ ਹਨ ਤੇ ਠੰਢੀਆਂ ਛਾਵਾਂ ਬਖਸ਼ਣ ਵਾਲੇ ਤੇ ਵਾਤਾਵਰਨ ਦੇ ਮਿੱਤਰ ਪਿੱਪਲਾਂ ਦੇ ਬਿਰਛ ਵੀ।

ਕਲਿਆਣਕਾਰੀ ਕੁਦਰਤੀ ਸੋਮਿਆਂ ਨੂੰ ਤੇ ਵਾਤਾਵਰਨ ਨੂੰ ਸਥਿਰ ਰੱਖਣ ਵਾਲੇ ਬਹੁਤ ਸਾਰੇ ਹੋਰ ਵਿਰਾਸਤੀ ਬਿਰਛ ਜਿਵੇਂ ਪਿਲਕਣ, ਜੰਡ, ਪੀਲੂ, ਵਰਨਾ, ਬੋਹੜ ਆਦਿ ਵੀ ਸਹਿਜੇ ਸਹਿਜੇ ਖ਼ਤਮ ਹੋਣ ਵੱਲ ਜਾ ਰਹੇ ਹਨ। ਬਹੁਤ ਸਾਰੇ ਬਿਰਛ ਝੋਨੇ ਦੀ ਫ਼ਸਲ ਵਿਚ ਨਿਰੰਤਰ ਖੜ੍ਹੇ ਪਾਣੀ ਨਾਲ ਉਤਪੰਨ ਹੋਈਆਂ ਉੱਲੀਆਂ ਤੇ ਨਦੀਨ ਨਾਸ਼ਕਾਂ ਦੀ ਅੰਧਾ ਧੁੰਦ ਵਰਤੋਂ ਨਾਲ ਖੜ ਸੁੱਕ ਹੋ ਗਏ ਹਨ।

ਕਦੇ ਸਣ ਅਤੇ ਬਗੜ ਦੇ ਬਾਣ ਨਾਲ ਮੰਜੇ ਬੁਣੇ ਜਾਂਦੇ ਸਨ ਅਤੇ ਬਗੜ ਕੰਢੀ ਤੇ ਸ਼ਿਵਾਲਕ ਜ਼ੋਨ ਵਿਚੋਂ ਦੂਰ-ਦਰਾਡੇ ਤੱਕ ਜਾਂਦੀ ਸੀ, ਇਥੋਂ ਬਗੜ ਲੱਦ ਕੇ ਲਿਜਾਣ ਲਈ ਅੰਗਰੇਜ਼ਾਂ ਨੇ ਨਵਾਂ ਸ਼ਹਿਰ ਤੋਂ ਜੇਜੋਂ ਤੱਕ ਰੇਲਵੇ ਲਾਈਨ ਚਾਲੂ ਕੀਤੀ ਸੀ, ਬਗੜ ਦੀਆਂ ਮਜ਼ਬੂਤ ਜੜ੍ਹਾਂ ਦਾ ਜਾਲ ਮਿੱਟੀ ਨੂੰ ਫੜ ਕੇ ਰੱਖਦਾ ਸੀ ਤੇ ਉੱਚੀਆਂ ਨੀਵੀਆਂ ਥਾਵਾਂ ਅਤੇ ਪਹਾੜੀਆਂ ਵਿੱਚ ਹੜ੍ਹਾਂ ਨਾਲ ਹੋਣ ਵਾਲੇ ਭੌਂਖੋਰੇ ਤੋਂ ਸੁਰੱਖਿਆ ਪ੍ਰਦਾਨ ਕਰਦਾ ਸੀ, ਹੁਣ ਬਾਣ ਵਾਲੇ ਮੰਜੇ ਨਹੀਂ ਰਹੇ ਤੇ ਬਗੜ ਵੀ ਨਹੀਂ ਰਹੀ।

ਫ਼ਸਲਾਂ ਵਿੱਚ ਨਦੀਨਾਂ ਦੇ ਰੂਪ ਵਿੱਚ ਜੰਮਣ ਵਾਲੀਆਂ ਬਹੁਤ ਸਾਰੀਆਂ ਕੀਮਤੀ ਅਤੇ ਕੁਦਰਤੀ ਜੜ੍ਹੀ ਬੂਟੀਆਂ ਨਦੀਨ ਨਾਸ਼ਕਾਂ ਦੇ ਸਪਰੇ ਕਰਕੇ ਜਾਂ ਖੇਤਾਂ ਦੇ ਆਲੇ ਦੁਆਲੇ ਨੂੰ ਸਾਫ਼ ਕਰਕੇ ਕਿਸਾਨਾਂ ਵੱਲੋਂ ਹਮੇਸ਼ਾ ਲਈ ਖ਼ਤਮ ਕਰ ਦਿੱਤੀਆਂ ਗਈਆਂ ਹਨ, ਅਜਿਹੀਆਂ ਜੜ੍ਹੀ ਬੂਟੀਆਂ ਵਿੱਚ ਵਿਸ਼ੇਸ਼ ਕਰਕੇ ਹਜ਼ਾਰ ਦਾਣੀ, ਕੁੱਕੜ ਛਿੱਦੀ, ਛਮਕ ਨਮੋਲੀ, ਭੱਖੜਾ, ਧਤੂਰਾ, ਬਾਥੂ, ਵਣਾ ਤੇ ਪਿਆਜੀ ਆਦਿ ਸ਼ਾਮਿਲ ਸਨ, ਪਿਆਜ਼ੀ ਤਾਂ ਚਮੜੀ ਦੇ ਰੋਗਾਂ ਲਈ ਅਕਸੀਰ ਸਮਝੀ ਜਾਂਦੀ ਸੀ, ਦੱਦ ਵਰਗੀ ਨਾ-ਮੁਰਾਦ ਬਿਮਾਰੀ, ਜਿਹੜੀ ਕਿ ਕਿਸੇ ਵੀ ਦਵਾਈ ਨਾਲ ਕਾਬੂ ਨਹੀਂ ਹੁੰਦੀ ਸੀ, ਦੋ ਤਿੰਨ ਵਾਰ ਪਿਆਜ਼ੀ ਦੇ ਪੱਤੇ ਮਲਣ ਨਾਲ ਠੀਕ ਹੋ ਜਾਂਦੀ ਸੀ।

ਬਹੁਤ ਸਾਰੀਆਂ ਸਾਡੀਆਂ ਫ਼ਸਲਾਂ ਦੀਆਂ ਪੁਰਾਣੀਆਂ ਕਿਸਮਾਂ ਵੀ ਲਗਭਗ ਖ਼ਤਮ ਹੋ ਚੁੱਕੀਆਂ ਹਨ, ਇਨ੍ਹਾਂ ਫ਼ਸਲਾਂ ਵਿੱਚ ਦਾਲਾਂ, ਬਾਸਮਤੀ, ਤੇਲ ਬੀਜ, ਸਬਜ਼ੀਆਂ, ਮੱਕੀ, ਬਾਜਰਾ ਵਿਸ਼ੇਸ਼ ਕਰਕੇ ਕਣਕ ਤੇ ਹੋਰ ਕੁਝ ਫ਼ਸਲਾਂ ਸ਼ਾਮਿਲ ਸਨ, ਇਨ੍ਹਾਂ ਫ਼ਸਲਾਂ ਦੀਆਂ ਪੁਰਾਣੀਆਂ ਕਿਸਮਾਂ ਵਿਚੋਂ ਤਿਆਰ ਜਿਣਸਾਂ ਵਿੱਚ ਜਿੱਥੇ ਕੁਦਰਤ ਨੇ ਹਜਾਰਾਂ ਸਾਲ ਲਾ ਕੇ ਮਨਮੋਹਕ ਸੁਆਦ ਭਰੇ ਸਨ ਉਥੇ ਕੁਦਰਤੀ ਢੰਗਾਂ ਤਰੀਕਿਆਂ ਨਾਲ ਇਨ੍ਹਾਂ ਵਿੱਚ ਇਨਸਾਨੀ ਜੀਵਨ ਤੇ ਨਰੋਈ ਸਿਹਤ ਲਈ ਲੋੜੀਦੀ ਜ਼ਿੰਕ, ਫਾਸਫੋਰਸ ਤੇ ਹੋਰ ਲੋੜੀਂਦੇ ਤੱਤ ਵੀ ਸ਼ਾਮਿਲ ਕੀਤੇ ਹੋਏ ਸਨ।

1950 ਦੇ ਨੇੜੇ ਹਿਮਾਚਲ ਤੋਂ ਪੰਜਾਬ ਲਿਆ ਕੇ ਲੋਹੜੀ ਨੇੜੇ ਬੀਜੀ ਜਾਣ ਵਾਲੀ ਲਮੂੰਤਰੇ ਆਲੂ ਦੀ ਕਿਸਮ 'ਬੱਟੀ' ਜੋ ਖ਼ੁਰਾਕੀ ਮਹੱਤਤਾ ਪੱਖੋਂ ਬੇਮਿਸਾਲ ਸੀ ਤੇ ਕੀੜੇ ਤੇ ਬਿਮਾਰੀਆਂ ਦਾ ਚੰਗਾ ਟਾਕਰਾ ਕਰਨ ਦੇ ਨਾਲ ਨਾਲ ਮਈ ਵਿੱਚ ਆਲੂ ਦੇ ਤੋੜੇ ਸਮੇਂ ਪੁੱਟੀ ਜਾਂਦੀ ਸੀ ਤੇ ਚੰਗੇ ਪੈਸੇ ਦਿੰਦੀ ਸੀ, ਅੱਜ ਦੋਹਾਂ ਸੂਬਿਆਂ ਵਿਚੋਂ ਅਲੋਪ ਹੈ।

ਇਨ੍ਹਾਂ ਪੁਰਾਣੀਆਂ ਤੇ ਵਿਰਾਸਤੀ ਫ਼ਸਲਾਂ ਦੀਆਂ ਕਿਸਮਾਂ ਦਾ ਜਰਮ ਪਲਾਜਮ ਸੰਭਾਲ ਕੇ ਰੱਖਣ ਦੀ ਸਖ਼ਤ ਲੋੜ ਹੈ ਅਤੇ ਇਨ੍ਹਾਂ ਗੁਆਚ ਰਹੀਆਂ ਕਿਸਮਾਂ ਦਾ ਜੀਨ ਬੈਂਕ ਸਥਾਪਿਤ ਕਰਨ ਦੀ ਲੋੜ ਹੈ ਤਾਂ ਕਿ ਭਵਿੱਖ ਵਿੱਚ ਵੱਧ ਝਾੜ ਦੇਣ ਵਾਲੀਆਂ ਨਵੀਆਂ ਫ਼ਸਲਾਂ ਵਿਕਸਿਤ ਕਰਨ ਸਮੇਂ ਇਨ੍ਹਾਂ ਪੁਰਾਣੀਆਂ ਕਿਸਮਾਂ ਦੇ ਗੁਣ ਤੇ ਕ੍ਰੈਕਟਰ ਨਵੀਆਂ ਕਿਸਮਾਂ ਵਿੱਚ ਪਾਏ ਜਾ ਸਕਣ।

ਦੇਸ਼ ਦੀ ਵੰਡ ਤੋਂ ਪਹਿਲਾਂ ਬਿਰਛਾਂ ਦੀ ਲੱਕੜ ਦੀਆਂ ਲਟੈਣਾਂ, ਸ਼ਤੀਰਾਂ ਤੇ ਬਾਲਿਆਂ ਅਤੇ ਕਾਨ੍ਹਿਆਂ ਦੀ ਸਿਰਕੀ ਦੀਆਂ ਛੱਤਾਂ ਵਾਲੇ ਕੱਚੇ ਘਰ ਤੇ ਹੱਥੀਂ ਪੈਦਾ ਕੀਤੀਆਂ ਕਪਾਹਾਂ ਤੋਂ ਤਿਆਰ ਕੀਤੇ ਖੱਦਰ ਦੇ ਕੱਪੜੇ ਵਰਤੇ ਜਾਂਦੇ ਸਨ ਜੋ ਸਰਦੀਆਂ ਵਿੱਚ, ਗਰਮ ਤੇ ਗਰਮੀਆਂ ਵਿਚ ਠੰਢੇ ਰਹਿੰਦੇ ਸਨ ਤੇ ਸਰੀਰਾਂ ਦੀ ਚਮੜੀ ਨੂੰ ਵੀ ਰੋਗਾਂ ਤੋਂ ਬਚਾਉਂਦੇ ਸਨ। ਵੰਨ-ਸੁਵੰਨਤਾ ਦਾ ਸੰਸਾਰ ਕੇਵਲ ਬਿਰਛ ਬੂਟਿਆਂ ਅਤੇ ਫ਼ਸਲਾਂ ਨਾਲ ਹੀ ਸੰਪੰਨ ਨਹੀਂ ਹੁੰਦਾ, ਇਸ ਨੂੰ ਸੰਪੂਰਨ ਰੂਪ ਦੇਣ ਵਿੱਚ ਪਸ਼ੂਆਂ, ਪੰਛੀਆਂ, ਉਡਣ ਵਾਲੇ ਅਤੇ ਮਿੱਟੀ ਵਿੱਚ ਵਸਣ ਵਾਲੇ ਕੀੜਿਆਂ ਦਾ ਵੀ ਬਹੁਤ ਵੱਡਾ ਯੋਗਦਾਨ ਹੈ, ਉਡਣ ਵਾਲੇ ਕੀੜੇ ਭੌਰੇ, ਤਿੱਤਲੀਆਂ ਅਤੇ ਮਧੂ ਮੱਖੀਆਂ ਜੇ ਨਾ ਹੋਣ ਤਾਂ ਪ੍ਰਾਗਰਸ ਵਾਲੇ ਬਿਰਛਾਂ ਦੇ ਫ਼ਲਾਂ ਤੇ ਫ਼ਸਲਾਂ ਦੇ 15 ਤੋਂ 20 ਫ਼ੀਸਦੀ ਝਾੜ ਨੂੰ ਬਰੇਕ ਲੱਗ ਸਕਦੀ ਹੈ ਤੇ ਸ਼ਹਿਦ ਦੀ ਨਿਆਮਤ ਵੀ ਹੱਥਾਂ ਵਿਚੋਂ ਨਿਕਲ ਸਕਦੀ ਹੈ।

ਮਿੱਟੀ ਵਿੱਚ ਵਸਣ, ਵਿਗਸਣ ਤੇ ਕੰਮ ਕਰਨ ਵਾਲੇ ਕੀੜਿਆਂ ਦੀ ਕਿਰਪਾ ਨਾਲ ਹੀ ਧਰਤੀ ਨੂੰ ਅਨਾਜ ਉਤਪੰਨ ਕਰਨ ਲਈ ਵਿਸ਼ੇਸ਼ ਵਰਦਾਨ ਪ੍ਰਾਪਤ ਹੁੰਦਾ ਹੈ, ਇਨ੍ਹਾਂ ਕੀੜਿਆਂ ਵਿੱਚ ਗੰਡੋਏ, ਪੂੰਗਰੇ, ਘੁਮਾਰ ਅਤੇ ਹੋਰ ਕਈ ਕੀੜੇ ਸ਼ਾਮਿਲ ਹਨ, ਫ਼ਸਲਾਂ ਵਿੱਚ ਗੈਰ ਸਿਫਾਰਿਸ਼ ਰਸਾਇਣਾਂ ਦੀ ਗ਼ਲਤ ਢੰਗਾਂ ਨਾਲ ਵਰਤੋਂ ਕਰਕੇ ਇਨ੍ਹਾਂ ਕੀੜਿਆਂ ਦਾ ਵੱਡੀ ਪੱਧਰ 'ਤੇ ਵਿਨਾਸ਼ ਕੀਤਾ ਗਿਆ ਹੈ, ਬਹੁਤ ਸਾਰੇ ਕੀੜਿਆਂ ਦੀ ਤਾਂ ਹੋਂਦ ਹੀ ਖ਼ਤਮ ਕਰ ਦਿੱਤੀ ਗਈ ਹੈ।

1950 ਤੋਂ ਪਹਿਲਾਂ ਜਦੋਂ ਬਰਸਾਤ ਦੇ ਮੌਸਮ ਵਿੱਚ ਹਲ ਚਲਾਏ ਜਾਂਦੇ ਸਨ ਤਾਂ ਦੂਰ ਪਿੱਛੇ ਤੱਕ ਸੱਜਰੇ ਵਾਹੇ ਸਿਆੜਾਂ ਵਿੱਚ ਲਾਲ ਰੰਗ ਦੇ ਅਨੇਕਾਂ ਕੀੜੇ ਨਜ਼ਰ ਆਉਂਦੇ ਸਨ, ਇਨ੍ਹਾਂ ਨੂੰ 'ਚੀਚ ਵਹੁਟੀਆਂ' ਕਿਹਾ ਜਾਂਦਾ ਸੀ, ਅੱਜ ਇਨ੍ਹਾਂ ਵਿਚੋਂ ਇੱਕ ਵੀ ਕੀੜਾ ਕਿਤੇ ਨਜ਼ਰ ਨਹੀਂ ਆਉਂਦਾ, ਸਾਵਣ ਭਾਦੋਂ ਦੇ ਦਿਨਾਂ ਅੰਦਰ ਸਾਉਣੀ ਦੀਆਂ ਫ਼ਸਲਾਂ ਦੇ ਪੱਤਿਆਂ ਦੀਆਂ ਨੋਕਾਂ ਉੱਪਰ ਹਨ੍ਹੇਰੀਆਂ ਰਾਤਾਂ ਵਿੱਚ ਆਪਣੇ ਖੰਭਾਂ ਵਿਚਲੇ ਮਾਦੇ ਨਾਲ ਟਿਮ ਟਮਾਉਂਦੇ ਅਤੇ ਚਾਨਣ ਦੇ ਛੱਟੇ ਦਿੰਦੇ ਟਟਹਿਣੇ (ਜੁਗਨੂੰ) ਹੁਣ ਕਿਤੇ ਨਜ਼ਰ ਨਹੀਂ ਆਉਂਦੇ। ਝੋਨੇ ਲਈ ਕੱਦੂ ਕੀਤੀ ਮਿੱਟੀ ਦੀ ਸਖਤ ਤਹਿ ਦੇ ਹੇਠ ਉਪਰ ਕੰਮ ਕਰਨ ਵਾਲੇ ਕੀੜਿਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਜ਼ੇ ਕੱਦੂ ਕੀਤੇ ਗਾਰੇ ਉੱਤੇ ਹਜ਼ਾਰਾਂ ਗੰਡੋਇਆਂ ਦੀਆਂ ਲਾਸ਼ਾਂ ਤਰਦੀਆਂ ਦਿਸਦੀਆਂ ਹਨ।

ਫ਼ਸਲਾਂ ਦੇ ਗੋਭ ਤੇ ਪੱਤਿਆਂ ਨੂੰ ਗੋਭ ਦੇ ਗੰਡੂਏ ਤੇ ਸੁੰਡੀਆਂ ਤੋਂ ਬਚਾਉਣ ਲਈ ਪੱਤਿਆਂ ਦੀਆਂ ਨੋਕਾਂ ਉੱਪਰ ਤਾਰਾਂ ਦੀ ਸੁਰੱਖਿਆ ਛਤਰੀ ਦਾ ਜਾਲ ਬੁਨਣ ਵਾਲੀਆਂ ਮੱਕੜੀਆਂ ਵੀ ਮਾਰੂ ਰਸਾਇਣਾਂ ਦੀ ਭੇਟ ਚੜ੍ਹ ਗਈਆਂ ਹਨ। ਮਿੱਟੀ ਵਿਚਲੇ ਕਲਿਆਣਕਾਰੀ ਜੀਵਾਂ ਦੇ ਪਰਿਵਾਰ ਵਧਾਉਣ ਤੇ ਉਨ੍ਹਾਂ ਲਈ ਕੰਮ ਦੇ ਮੌਕੇ ਪੈਦਾ ਕਰਨ ਲਈ ਸਾਨੂੰ ਕਈ ਫ਼ਸਲਾਂ ਵਿੱਚ ਖੇਤੀ ਦੀ ਬਚਖੁਚ ਦੀ ਤਹਿ ਵਿਛਾਉਣ ਅਤੇ ਫ਼ਸਲਾਂ ਵਿਚੋਂ ਹੀ ਕੱਢੇ ਘਾਹ ਫੂਸ ਨੂੰ ਫ਼ਲ ਪੱਕਣ ਤੋਂ ਅੱਗੇ ਪਿੱਛੇ ਬੂਟਿਆਂ ਦੇ ਮੁੱਢਾਂ ਨਾਲ ਲਾਉਣ ਨਾਲ ਮਿੱਟੀ ਵਿਚਲੇ ਕੀੜੇ ਫ਼ਸਲਾਂ ਤੇ ਬੂਟਿਆਂ ਲਈ ਕੁਦਰਤੀ ਖਾਦ ਤਿਆਰ ਕਰ ਸਕਦੇ ਹਨ।

ਅੱਜ ਬਹੁਤ ਸਾਰੇ ਪੰਛੀ ਇਨਸਾਨਾਂ ਦੇ ਸਵਾਰਥੀ ਵਰਤਾਰੇ ਕਰਕੇ ਇਸ ਸੰਸਾਰ ਨੂੰ ਛੱਡ ਗਏ ਹਨ, ਖ਼ੂਬਸੂਰਤ ਅਜੂਬੇ ਵਰਗੇ ਘਰ (ਆਲ੍ਹਣੇ) ਬਣਾਉਣ ਵਾਲੇ ਮਹਾਨ ਕਲਾਕਾਰ ਪੰਛੀ ਬਿਜੜਿਆਂ ਤੇ ਸ਼ਰੀਫ ਪੰਛੀ ਚਿੜੀਆਂ ਦੀ ਗਿਣਤੀ ਕਈ ਗੁਣਾਂ ਘਟ ਗਈ ਹੈ।

ਖੇਤੀ ਵਿੱਚ ਜੈਵਿਕ ਵਿਭਿੰਨਤਾ ਦਾ ਵਿਸ਼ੇਸ਼ ਹਿੱਸਾ ਤੇ ਅੰਗ ਹਨ ਸਾਡੇ ਅਨੇਕਾਂ ਵਨ-ਸੁਵੰਨੇ ਤੇ ਖ਼ੂਬਸੂਰਤ ਪੰਛੀ, ਇਹ ਪੰਛੀ ਜਿੱਥੇ ਫ਼ਸਲਾਂ ਦੇ ਦੁਸ਼ਮਣ ਕੀੜਿਆਂ ਨੂੰ ਆਪਣੀ ਖ਼ੁਰਾਕ ਬਣਾ ਕੇ ਇਨ੍ਹਾਂ ਕੀੜਿਆਂ ਤੋਂ ਹਮਲੇ ਰੋਕਣ ਲਈ ਵਰਤੀਆਂ ਜਾਂਦੀਆਂ ਜ਼ਹਿਰਾਂ ਦੀ ਜ਼ਹਿਮਤ ਤੋਂ ਛੁਟਕਾਰਾ ਦਿਵਾਉਂਦੇ ਹਨ ਉਥੇ ਸਾਡੇ ਵਾਤਾਵਰਨ ਤੇ ਕੁਦਰਤੀ ਸਰੋਤਾਂ ਦੇ ਵੀ ਰਾਖੇ ਹਨ। ਧਰਤੀ ਉੱਪਰ ਹਰਿਆਵਲ ਵਧਾਉਣ ਵਿੱਚ ਵੀ ਪੰਛੀਆਂ ਦਾ ਵੱਡਾ ਯੋਗਦਾਨ ਹੈ, ਪਿੱਪਲ, ਬੋਹੜ੍ਹ ਤੇ ਪਿਲਕਣ ਵਰਗੇ ਬਿਰਛ ਤਾਂ ਜੰਮਦੇ ਹੀ ਤਦ ਹਨ ਜੇ ਪੰਛੀ ਇਨ੍ਹਾਂ ਬਿਰਛਾਂ ਦੇ ਫ਼ਲ ਤੇ ਗੋਲ੍ਹਾਂ ਖਾ ਕੇ ਆਪਣੀਆਂ ਬਿੱਠਾਂ ਰਾਹੀਂ ਇਨ੍ਹਾਂ ਦੇ ਬੀਜ ਖਿਲਾਰਨ। (ਬਾਕੀ ਸਫ਼ਾ 31 'ਤੇ)



# ਘਰ ਵਰਗੀ ਕੋਈ ਚੀਜ਼ ਨਾ ਮਿੱਠੀ

## ਘਰ ਦੇ ਜੀਆਂ ਦੀ ਪੈੜ ਚਾਲ ਨੂੰ ਸੁਣਨ ਲਈ ਤਰਸਦੇ ਰਹਿੰਦੇ ਹਨ ਉਦਾਸ ਵਿਹੜੇ



**ਸ਼ਵਿੰਦਰ ਕੌਰ**

ਹਰ ਧੜਕਦੀ ਜ਼ਿੰਦਗੀ ਆਪਣੇ ਲਈ ਇੱਕ ਸੁਰੱਖਿਅਤ ਰੈਣ ਬਸੇਰਾ ਭਾਲਦੀ ਹੈ। ਜਿੱਥੇ ਉਹ ਸਕੂਨ ਭਰੇ ਪਲ ਬਤੀਤ ਕਰ ਸਕੇ। ਕਿਸੇ ਲਈ ਉਹ ਜਗ੍ਹਾ ਇੱਕ ਖ਼ੂਬਸੂਰਤ ਬੰਗਲਾ ਹੋ ਸਕਦਾ ਹੈ, ਕਿਸੇ ਲਈ ਝੌਂਪੜੀ। ਕਿਸੇ ਲਈ ਰੁੱਖ ਜਾਂ ਧਰਤੀ ਵਿੱਚ ਬਣੀ ਖੁੱਡ, ਰੁੱਖ ਦੀ ਟਾਹਣੀ, ਪੱਤਿਆਂ ਦਾ ਗੁੱਛਾ, ਸੰਘਣਾ ਜੰਗਲ ਜਾਂ ਅਜਿਹੀਆਂ ਹੋਰ ਅਨੇਕਾਂ ਥਾਵਾਂ ਹੋ ਸਕਦੀਆਂ ਹਨ। ਹਰ ਕੋਈ ਆਪਣੇ ਉੱਦਮ ਨਾਲ ਮੌਸਮ ਅਨੁਸਾਰ ਅਤੇ ਆਪਣੀ ਹੈਸੀਅਤ ਮੁਤਾਬਕ ਅਜਿਹਾ ਆਲ੍ਹਣਾ ਉਸਾਰ ਹੀ ਲੈਂਦਾ ਹੈ ਜਿੱਥੇ ਉਹ ਚੈਨ ਨਾਲ ਰਹਿ ਸਕੇ।

ਮਨੁੱਖ ਵੀ ਜੰਗਲਾਂ, ਕੁੰਦਰਾਂ ਵਿੱਚੋਂ ਨਿਕਲ ਹੌਲੀ-ਹੌਲੀ ਘਰ ਬਣਾ ਕੇ ਰਹਿਣ ਦਾ ਵੱਲ ਸਿੱਖ ਗਿਆ। ਘਰ ਨਾਲ ਘਰ ਜੁੜਦਾ ਪਿੰਡ ਦਾ ਰੂਪ ਧਾਰਨ ਕਰ ਗਿਆ। ਘਰ ਵਿੱਚ ਪਰਿਵਾਰ ਨਾਲ ਰਹਿੰਦਿਆਂ ਉਸ ਦੀਆਂ ਭਾਵਨਾਵਾਂ ਘਰ ਨਾਲ ਵੀ ਜੁੜਦੀਆਂ ਗਈਆਂ। ਘਰ ਦੋ ਹੀ ਅੱਖਰਾਂ ਦਾ ਇੱਕ ਛੋਟਾ ਜਿਹਾ ਸ਼ਬਦ ਹੈ ਪਰ ਇਹ ਆਪਣੇ ਆਪ ਵਿੱਚ ਬੜਾ ਕੁਝ ਸਮੋਈ ਬੈਠਾ ਹੈ। ਸਕੂਨ, ਮੋਹ-ਪਿਆਰ, ਖ਼ੁਸ਼ੀਆਂ-ਖੇੜੇ, ਸੱਧਰਾਂ-ਇੱਛਾਵਾਂ ਘਰ ਅੰਦਰ ਹੀ ਪਲਦੀਆਂ ਤੇ ਮਿਲਦੀਆਂ ਹਨ। ਘਰ ਕਈ-ਕਈ ਪੀੜ੍ਹੀਆਂ ਨੂੰ ਸੰਭਾਲਦਾ, ਪਾਲਦਾ ਉਨ੍ਹਾਂ ਨੂੰ ਅਸੀਸਾਂ, ਆਸਥਾਵਾਂ, ਮੁਹੱਬਤਾਂ ਵੰਡਦਾ, ਹੱਸਦੇ ਤੇ ਵੱਸਦੇ ਰਹਿਣ ਦੀਆਂ ਦੁਆਵਾਂ ਦਿੰਦਾ ਰਹਿੰਦਾ ਹੈ।

ਮਨੁੱਖ ਭਾਵੇਂ ਇੱਟਾਂ, ਗਾਰੇ, ਲੋਹੇ ਜਾਂ ਸੀਮਿੰਟ ਨਾਲ ਮਕਾਨ ਬਣਾਉਂਦਾ ਹੈ ਪਰ ਪਿਆਰ ਮੁਹੱਬਤ ਨਾਲ ਸਜਾ ਕੇ, ਸੁਫ਼ਨਿਆਂ ਦੇ ਤੰਦ ਉਸਾਰ ਕੇ ਉਸ ਨੂੰ ਘਰ ਬਣਾ ਲੈਂਦਾ ਹੈ। ਅੰਦਰ ਦੀਆਂ ਸੂਖਮ ਭਾਵਨਾਵਾਂ, ਜਜ਼ਬਾਤ ਤੇ ਸੰਵੇਦਨਾਵਾਂ ਘਰ ਅਤੇ ਘਰ 'ਚ ਵੱਸਦੇ ਪਰਿਵਾਰ ਨਾਲ ਜੁੜ ਜਾਂਦੀਆਂ ਹਨ ਤਾਂ ਘਰ ਜੰਨਤ ਹੀ ਜਾਪਣ ਲੱਗ ਜਾਂਦਾ ਹੈ। ਘਰ ਦੇ ਵਿਹੜੇ ਵਿੱਚ ਬੱਚਿਆਂ ਦੇ ਛਣਕਦੇ ਹਾਸੇ, ਬਜ਼ੁਰਗਾਂ ਦੀਆਂ ਅਸੀਸਾਂ, ਬੇਬੇ ਬਾਪੂ ਦੇ ਮੋਹ ਭਿੱਜੇ ਬੋਲ ਉਸ ਨੂੰ ਸਵਰਗ ਤੋਂ ਵੀ ਸੋਹਣਾ ਬਣਾ ਦਿੰਦੇ ਹਨ। ਇਸੇ ਕਰ ਕੇ ਤਾਂ ਹਰ ਕਿਸੇ ਨੂੰ ਕੰਮਕਾਰ ਤੋਂ ਸੁਰਖ਼ਰੂ ਹੁੰਦਿਆਂ ਹੀ ਘਰ ਪਰਤਣ ਦੀ ਕਾਹਲ ਹੁੰਦੀ ਹੈ। ਘਰ ਵੀ ਪਰਿਵਾਰ ਦੇ ਬਾਕੀ ਮੈਂਬਰਾਂ ਵਾਂਗ ਆਪਣੇ ਜਾਇਆ ਨੂੰ ਉਡੀਕ ਰਿਹਾ ਹੁੰਦਾ ਹੈ। ਇਹ ਹਮੇਸ਼ਾਂ ਆਪਣੇ ਬਾਸ਼ਿੰਦਿਆਂ ਨੂੰ ਘਰ ਵਿੱਚ ਰੰਗੀ ਵੱਸਦੇ ਦੇਖਣਾ ਚਾਹੁੰਦਾ ਹੈ।



ਕਾਮੇ ਜਦੋਂ ਕੰਮਾਂ ਤੋਂ ਥੱਕੇ ਹਾਰੇ ਘਰ ਪਰਤਦੇ ਹਨ ਤਾਂ ਭੱਜ ਕੇ ਬੱਚੇ ਆਪਣੀਆਂ ਪਿਆਰ ਗੜੁੱਚੀਆਂ ਬਾਹਾਂ ਦੀ ਜੱਫੀ ਜਦੋਂ ਲੱਤਾਂ ਨੂੰ ਪਾਉਂਦੇ ਹਨ ਤਾਂ ਇਹ ਮੋਹ ਭਿੱਜੇ ਪਲ ਜਿੱਥੇ ਕਾਮਿਆਂ ਦਾ ਥਕੇਵਾਂ ਲਾਹ ਦਿੰਦੇ ਹਨ ਉੱਥੇ ਘਰ ਦੀਆਂ ਕੰਧਾਂ ਵੀ ਉਨ੍ਹਾਂ ਨੂੰ ਤੱਕ ਕੇ ਖ਼ੁਸ਼ੀ ਨਾਲ ਖੀਵੀਆਂ ਹੋ ਜਾਂਦੀਆਂ ਹਨ। ਘਰ ਦੇ ਸਾਰੇ ਜੀਅ ਜਦੋਂ ਚੁੱਲ੍ਹੇ ਮੂਹਰੇ ਚੌਂਤੇ ਵਿੱਚ ਖਾਣਾ ਖਾਣ ਬੈਠਦੇ ਹਨ ਤਾਂ ਉਸ ਘਰ ਦਾ ਚੁੱਲ੍ਹਾ ਵੀ ਉਨ੍ਹਾਂ ਦੇ ਪਿਆਰ ਸਤਿਕਾਰ ਨੂੰ ਤੱਕ ਕੇ ਇਹ ਕਾਮਨਾ ਕਰਦਾ ਹੈ ਕਿ ਇਨ੍ਹਾਂ ਦੀ ਮੋਹ-ਮਮਤਾ ਸਦਾ ਬਰਕਰਾਰ ਰਹੇ। ਆਸਾਂ ਨੂੰ ਬੂਰ ਪੈਂਦਾ ਰਹੇ। ਇਸ ਕਰ ਕੇ ਤਾਂ ਕਿਹਾ ਹੈ ਕਿ :

ਘਰ ਵਰਗੀ ਕੋਈ ਚੀਜ਼ ਨਾ ਮਿੱਠੀ, ਢੂੰਡ ਰਹੇ ਕਿਧਰੇ ਨਾ ਡਿੱਠੀ।

ਘਰ ਤੁਹਾਨੂੰ ਪਾਲਦਾ ਹੀ ਨਹੀਂ ਸਗੋਂ ਤੁਹਾਡੀ ਹਰ ਪੱਖੋਂ ਪਹਿਰੇਦਾਰੀ ਵੀ ਕਰਦਾ ਹੈ। ਆਮ ਹੀ ਕਿਹਾ ਜਾਂਦਾ ਹੈ ਕਿ 'ਜੇ ਘਰ ਵਿੱਚ ਦੋ ਭਾਂਡੇ ਹੋਣਗੇ ਤਾਂ ਖੜਕਣਗੇ ਵੀ।' ਇਸੇ ਤਰ੍ਹਾਂ ਘਰਾਂ ਵਿੱਚ ਕਿਸੇ ਨਾ ਕਿਸੇ ਗੱਲ ਨੂੰ ਲੈ ਕੇ ਤਕਰਾਰਬਾਜ਼ੀ ਹੋ ਹੀ ਜਾਂਦੀ ਹੈ। ਇੱਕ ਦੂਜੇ ਨੂੰ ਉੱਚਾ ਨੀਵਾਂ ਬੋਲਿਆ ਜਾਂਦਾ ਹੈ। ਮਜਾਲ ਹੈ ਕਿ ਘਰ ਦੀਆਂ ਕੰਧਾਂ ਉਨ੍ਹਾਂ ਗੱਲਾਂ ਨੂੰ ਬਾਹਰ ਜਾਣ ਦੇਣ, ਘਰ ਅੰਦਰ ਹੀ ਸਮੇਟ ਕੇ ਰੱਖ ਲੈਣਗੀਆਂ। ਇਹ ਵੱਖਰੀ ਗੱਲ ਹੈ ਕਿ ਘਰ ਦੇ ਜੀਅ ਹੀ ਆਪਣੀ ਨਾਸਮਝੀ ਨਾਲ ਉਨ੍ਹਾਂ ਨੂੰ ਗਲੀਆਂ, ਮੁਹੱਲਿਆਂ ਵਿੱਚ ਚਰਚਾ ਦਾ ਵਿਸ਼ਾ ਬਣਾ ਦੇਣ।

ਜੇ ਰੋਜ਼ੀ ਰੋਟੀ ਦੇ ਚੱਕਰ ਵਿੱਚ ਘਰ ਨੂੰ ਅਲਵਿਦਾ ਕਹਿਣਾ ਪੈ ਜਾਵੇ ਤਾਂ ਘਰ ਦੀਆਂ ਰੌਣਕਾਂ ਗਾਇਬ ਹੋ ਜਾਂਦੀਆਂ ਹਨ। ਉਦਾਸ ਵਿਹੜੇ ਘਰ ਦੇ ਜੀਆਂ ਦੀ ਪੈੜ ਚਾਲ ਨੂੰ ਸੁਣਨ ਲਈ ਤਰਸਦੇ ਰਹਿੰਦੇ ਹਨ। ਕੰਧਾਂ ਹਉਕੇ ਭਰਦੀਆਂ ਹਨ। ਦਰਵਾਜ਼ੇ ਉਦਾਸ ਹੋ ਜਾਂਦੇ ਹਨ। ਕੋਠੇ ਵਰ੍ਹਿਆਂ ਬੱਧੀ ਉਡੀਕ ਕਰਦੇ ਰਹਿੰਦੇ ਹਨ ਕਿ ਕਦੋਂ ਕੋਈ ਜੰਗਾਲੇ ਜਿੰਦਰੇ ਵਿੱਚ ਚਾਬੀ ਘੁਮਾਵੇ, ਕਦੋਂ ਤਾਜ਼ੀ ਹਵਾ ਦੇ ਬੁੱਲੇ ਨਾਲ ਕਿਸੇ ਪਰਦੇਸੀ ਦੇ ਮੁਬਾਰਕ ਕਦਮ ਅੰਦਰ ਆਉਣ। ਵਿਹੜੇ ਦੇ ਰੁੱਖ ਵੀ ਹਉਕੇ ਭਰਦੇ ਆਉਣ ਵਾਲਿਆਂ ਦੀ ਉਡੀਕ ਤੱਦ ਤੱਕ ਕਰਦੇ ਰਹਿੰਦੇ ਹਨ ਜੱਦ ਤੱਕ ਉਨ੍ਹਾਂ ਅੰਦਰ ਖੜ੍ਹੇ ਰਹਿਣ ਦਾ ਸਾਹ ਸੱਤ ਬਚਿਆ ਰਹਿੰਦਾ ਹੈ।

ਘਰਾਂ ਵਿੱਚ ਰਹਿਣ ਵਾਲਿਓ ਘਰ ਨੂੰ ਘਰ ਹੀ ਰਹਿਣ ਦਿਆ ਕਰੋ। ਆਪਣੇ ਸੁਆਰਥਾਂ ਲਈ ਇਸ ਦੀਆਂ ਵੰਡੀਆਂ ਨਾ ਪਾਇਆ ਕਰੋ। ਪੰਛੀ ਵੀ ਤੀਲਾ ਤੀਲਾ ਜੋੜ ਕੇ ਆਲ੍ਹਣਾ ਬਣਾ ਲੈਂਦੇ ਹਨ, ਆਪਣੇ ਬੋਟਾਂ ਨੂੰ ਪਾਲ ਲੈਂਦੇ ਹਨ ਪਰ ਉਹ ਆਲ੍ਹਣੇ ਦੀਆਂ ਵੰਡੀਆਂ ਨਹੀਂ ਪਾਉਂਦੇ। ਘਰ ਹੱਸਦੇ ਵੱਸਦੇ ਰਹਿਣ ਤਾਂ ਬੱਚੇ ਵੀ ਹੱਸਦੇ ਹਨ। ਬਜ਼ੁਰਗਾਂ ਦਾ ਮਨ ਤਹਿ ਦਿਲੋਂ ਅਸੀਸਾਂ ਦਿੰਦਾ ਹੈ। ਔਲਾਦ ਨੂੰ ਰਲ ਕੇ ਰਹਿੰਦਿਆਂ ਤੱਕ ਕੇ ਮਾਂ-ਬਾਪ ਵੀ ਆਪਣੀ ਕਮਾਈ ਸਫਲ ਹੋਈ ਸਮਝਦੇ ਹਨ।

ਬੇਸ਼ੱਕ ਬੰਦਾ ਸਾਰੀ ਦੁਨੀਆ ਗਾਹ ਲਵੇ, ਡਾਲਰਾਂ ਦੀਆਂ ਥਹੀਆਂ ਲਗਾ ਲਵੇ। ਮਹਿਲ ਉਸਾਰ ਲਵੇ ਪਰ ਉਹ ਉਸ ਘਰ ਨੂੰ ਸੁਫ਼ਨਿਆਂ ਵਿੱਚ ਵੀ ਤੱਕਦਾ ਰਹਿੰਦਾ ਹੈ ਜਿੱਥੇ ਉਸ ਨੇ ਬਚਪਨ ਗੁਜ਼ਾਰਿਆ ਹੁੰਦਾ ਹੈ। ਘਰ ਦੀ ਹਮੇਸ਼ਾਂ ਭਾਵਨਾਤਮਕ ਯਾਦ ਉਸ ਦੇ ਅੰਗ ਸੰਗ ਬਣੀ ਰਹਿੰਦੀ ਹੈ। ਘਰ ਉਸ ਦੇ ਨਾਲ-ਨਾਲ ਰਹਿੰਦਾ ਹੈ। ਉਸ ਦਾ ਜੀਅ ਕਰਦਾ ਹੁੰਦਾ ਹੈ ਕਿ ਖੰਭ ਲਾ ਕੇ ਘਰ ਨੂੰ ਉੱਡ ਜਾਵੇ ਪਰ ਮਜਬੂਰੀ ਉਸ ਦਾ ਰਾਹ ਰੋਕੀ ਰੱਖਦੀ ਹੈ। ਪਤਾ ਨਹੀਂ ਕਿੰਨੀ ਕੁ ਵਾਰੀ ਉਹ ਮਨ ਹੀ ਮਨ ਅੰਦਰ ਸੋਚਦਾ ਉਸ ਘਰ ਵਿੱਚ ਚੱਕਰ ਮਾਰ ਆਉਂਦਾ ਹੈ। ਸਾਡੇ ਬਜ਼ੁਰਗ ਕਹਿੰਦੇ ਹੁੰਦੇ ਸਨ ਕਿ ਖੂਹ ਗਿੜਦਿਆਂ ਦੇ, ਘਰ ਵਸਦਿਆਂ ਦੇ, ਸਾਕ ਵਰਤਦਿਆਂ ਦੇ।

ਪਰਦੇਸੀ ਹੋਣਾ ਕੌਣ ਚਾਹੁੰਦਾ ਹੈ ? ਕੀਹਦਾ ਦਿਲ ਕਰਦੈ ਘਰ ਛੱਡ ਕੇ ਜਾਣ ਨੂੰ ? ਮਜਬੂਰੀ ਵੱਸ ਜਾਣਾ ਪੈਂਦੈ। ਘਰ ਵੱਸਦੇ ਰਹਿਣ ਇਸ ਲਈ ਪਰਦੇਸੀ ਵੱਸਦੇ ਪੰਜਾਬੀਓ, ਸਮਾਂ ਕੱਢ ਘਰਾਂ ਨੂੰ ਦੇਖਣ ਆ ਜਾਇਆ ਕਰੋ। ਘਰ ਤੁਹਾਡਾ ਇੰਤਜ਼ਾਰ ਕਰਦਾ ਰਹਿੰਦੈ। ਪਰਦੇਸ ਦੀਆਂ ਦੂਰੀਆਂ ਹੌਲੀ-ਹੌਲੀ ਮੋਹ ਮਿਲਾਪ ਅਤੇ ਮਿਠਾਸ ਨੂੰ ਸੁਕਾ ਦਿੰਦੀਆਂ ਹਨ। ਜਜ਼ਬਿਆਂ ਦੇ ਵੇਗ ਤੇ ਵਹਿਣ ਸੁੱਕ ਨਾ ਜਾਣ, ਬਹਾਨੇ ਨਾਲ ਘਰ ਗੇੜਾ ਮਾਰਦੇ ਰਿਹਾ ਕਰੋ। ਜਜ਼ਬੇ ਹੋਣਗੇ ਤਾਂ ਸਰੀਰ ਜਿੰਦਾ ਰਹਿਣਗੇ। ਗੁਜ਼ਰ ਗਏ ਵਕਤ ਨੂੰ ਮਿਲਣ ਤੇ ਮੋਹ ਕਰਨ ਨਾਲ ਜਿਸਮ ਅੰਦਰ ਤਾਜ਼ਗੀ ਅਤੇ ਤਰੰਨੁਮ ਪੈਦਾ ਹੁੰਦਾ ਹੈ।

ਹਰ ਬੰਦੇ ਨੂੰ ਘਰ ਮਿਲੇ। ਘਰ ਦਾ ਪਿਆਰ ਮਿਲੇ। ਹੱਸਦੇ ਵੱਸਦੇ ਘਰਾਂ ਵਿੱਚ ਮੁਹੱਬਤਾਂ ਦੀਆਂ ਬੂੰਦਾਂ ਬਰਸਦੀਆਂ ਰਹਿਣ। ਮੋਹ ਦੇ ਦੀਵੇ ਜਗਦੇ ਰਹਿਣ। ਆਪਣੀ ਧਰਤੀ 'ਤੇ ਰੁਜ਼ਗਾਰ ਦੀ ਭਰਮਾਰ ਰਹੇ। ਕਿਸੇ ਨੂੰ ਰੋਜ਼ੀ ਖਾਤਰ ਘਰ ਨਾ ਛੱਡਣਾ ਪਵੇ।

# ਦਾਤੀ ਨੂੰ ਲਵਾ ਦੇ ਘੁੰਗਰੂ . . .



**ਜੱਗਾ ਸਿੰਘ ਆਦਮਕੇ**

ਖੇਤੀਬਾੜੀ ਮੁੱਢ ਕਦੀਮ ਤੋਂ ਮਨੁੱਖੀ ਖੁਰਾਕ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਦੀ ਰਹੀ ਹੈ। ਜਿਵੇਂ ਜਿਵੇਂ ਮਨੁੱਖ ਵਿਕਸਤ ਹੁੰਦਾ ਗਿਆ, ਉਵੇਂ ਉਵੇਂ ਮਨੁੱਖ ਦੀ ਖੇਤੀਬਾੜੀ 'ਤੇ ਨਿਰਭਰਤਾ ਵਧਦੀ ਗਈ। ਜਿੱਥੇ ਪਹਿਲਾਂ ਇਸ ਦਾ ਉਦੇਸ਼ ਮਨੁੱਖੀ ਭੋਜਨ ਦੀਆਂ ਲੋੜਾਂ ਦੀ ਪੂਰਤੀ ਕਰਨਾ ਸੀ, ਉੱਥੇ ਸਮੇਂ ਨਾਲ ਇਹ ਉਸ ਦੀਆਂ ਆਰਥਿਕ ਜ਼ਰੂਰਤਾਂ ਦੀ ਪੂਰਤੀ ਦਾ ਹਿੱਸਾ ਬਣਦੀ ਗਈ। ਅਜਿਹਾ ਹੋਣ ਕਾਰਨ ਬਹੁਤ ਸਾਰੀਆਂ ਫ਼ਸਲਾਂ ਦਾ ਮਨੁੱਖੀ ਜੀਵਨ ਵਿੱਚ ਬਹੁਪੱਖੀ ਮਹੱਤਵ ਹੋਣ ਕਾਰਨ ਇਹ ਪੰਜਾਬੀ ਸੱਭਿਆਚਾਰ ਵਿੱਚ ਵੀ ਵਿਸ਼ੇਸ਼ ਪਛਾਣ ਰੱਖਦੀਆਂ ਹਨ। ਇਹ ਫ਼ਸਲਾਂ ਪੰਜਾਬੀ ਲੋਕ ਗੀਤਾਂ, ਟੱਪਿਆਂ, ਬੋਲੀਆਂ ਵਿੱਚ ਵੱਖ ਵੱਖ ਰੂਪਾਂ ਵਿੱਚ ਚਿਤਰੀਆਂ ਮਿਲਦੀਆਂ ਹਨ। ਪੰਜਾਬ ਵਿੱਚ ਹੁੰਦੀਆਂ ਇਨ੍ਹਾਂ ਫ਼ਸਲਾਂ ਵਿੱਚੋਂ ਕਣਕ ਪ੍ਰਮੁੱਖ ਹੈ।

ਕਣਕ ਪੰਜਾਬੀਆਂ ਦੀ ਖੁਰਾਕ ਦਾ ਹਿੱਸਾ ਹੋਣ ਦੇ ਨਾਲ ਨਾਲ ਬਹੁਪੱਖੀ ਮਹੱਤਵ ਦੀ ਧਾਰਨੀ ਹੈ। ਕਣਕ ਕਿੱਥੋਂ ਦੀ ਮੂਲ ਫ਼ਸਲ ਹੈ, ਇਹ ਅਜੇ ਵੀ ਬੁਝਾਰਤ ਹੈ। ਇਸ ਸਬੰਧੀ ਵੱਖ ਵੱਖ ਤਰ੍ਹਾਂ ਦੀਆਂ ਦੰਦ ਕਥਾਵਾਂ ਪ੍ਰਸਿੱਧ ਹਨ ਪ੍ਰੰਤੂ ਇਸ ਦਾ ਇਤਿਹਾਸ ਕਾਫ਼ੀ ਪੁਰਾਤਨ ਹੈ। ਵੱਖ ਵੱਖ ਪੁਰਾਤਨ ਸੱਭਿਆਤਾਵਾਂ ਦੇ ਮਿਲੇ ਅਵਸ਼ੇਸ਼ਾਂ ਵਿੱਚੋਂ ਕਣਕ ਦੀ ਫ਼ਸਲ ਦੀ ਪੈਦਾਵਾਰ ਕਰਨ ਸਬੰਧੀ ਜਾਣਕਾਰੀਆਂ ਮਿਲਦੀਆਂ ਹਨ। ਅਸਲ ਵਿੱਚ ਆਰੰਭ ਵਿੱਚ ਹੋਰਨਾਂ ਫ਼ਸਲਾਂ ਵਾਂਗ ਇਹ ਵੀ ਇੱਕ ਜੰਗਲੀ ਘਾਹ ਸੀ। ਅਜਿਹਾ ਮੰਨਿਆ ਜਾਂਦਾ ਹੈ ਕਿ ਸਭ ਤੋਂ ਪਹਿਲਾਂ ਮਿਸਰ ਦੇ ਲੋਕ ਕਣਕ ਸਬੰਧੀ ਜਾਣਕਾਰੀ ਰੱਖਦੇ ਸਨ। ਸਿੰਧ ਘਾਟੀ ਦੀ ਸੱਭਿਅਤਾ ਦੇ ਲੋਕਾਂ ਦੇ ਕਣਕ ਤੋਂ ਵਾਕਿਫ਼ ਹੋਣ ਸਬੰਧੀ ਪ੍ਰਮਾਣ ਮਿਲਦੇ ਹਨ। ਮੰਨਿਆ ਜਾਂਦਾ ਹੈ ਕਿ ਏਸ਼ੀਆ ਖਿੱਤੇ ਵਿੱਚ ਸਭ ਤੋਂ ਪਹਿਲਾਂ ਚੀਨ ਵਿੱਚ ਕਣਕ ਦੀ ਪੈਦਾਵਾਰ ਕੀਤੀ ਜਾਣ ਲੱਗੀ ਅਤੇ ਫਿਰ ਇਹ ਪੰਜਾਬ ਸਮੇਤ ਏਸ਼ੀਆ ਦੇ ਦੂਸਰੇ ਖਿੱਤਿਆਂ ਵਿੱਚ ਪੈਦਾ ਕੀਤੀ ਜਾਣ ਲੱਗੀ।ਪੰਜਾਬੀ ਲੋਕ ਕਹਾਵਤਾਂ, ਅਖਾਣਾਂ, ਮੁਹਾਵਰਿਆਂ, ਲੋਕ ਸਿਆਣਪਾਂ ਵਿੱਚ ਵੱਖ ਵੱਖ ਫ਼ਸਲਾਂ ਨੂੰ ਵੱਖ ਵੱਖ ਰੂਪਾਂ ਵਿੱਚ ਚਿਤਰਿਆ ਮਿਲਦਾ ਹੈ। ਕਣਕ ਦੀ ਫ਼ਸਲ ਪੰਜਾਬੀ ਕਿਸਾਨਾਂ ਦੀ ਆਰਥਿਕਤਾ ਦਾ ਮੁੱਖ ਸਰੋਤ ਰਹੀ ਹੈ।

ਕਣਕ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੋਣ ਕਾਰਨ ਪੰਜਾਬੀ ਕਿਸਾਨੀ ਦੀ ਆਰਥਿਕਤਾ ਦਾ ਪ੍ਰਮੁੱਖ ਧੁਰਾ ਰਹੀ ਹੈ। ਪੰਜਾਬੀਆਂ ਦੀਆਂ ਬਹੁਤ ਸਾਰੀਆਂ ਗੌਂ ਗਰਜ਼ਾਂ ਕਣਕ ਦੀ ਫ਼ਸਲ 'ਤੇ ਨਿਰਭਰ ਹੁੰਦੀਆਂ ਸਨ । ਕਿਸਾਨਾਂ ਦੀ ਆਰਥਿਕਤਾ ਦਾ ਮੁੱਖ ਸਰੋਤ ਫ਼ਸਲਾਂ ਹੁੰਦੀਆਂ ਹਨ। ਸਾਰੇ ਖ਼ਰਚੇ ਉਨ੍ਹਾਂ 'ਤੇ ਨਿਰਭਰ ਹੁੰਦੇ ਹਨ। ਉਨ੍ਹਾਂ 'ਤੇ ਪਈਆਂ ਵੱਖ ਵੱਖ ਤਰ੍ਹਾਂ ਦੀਆਂ ਮਾਰਾਂ ਨੂੰ ਵੀ ਆਰਥਿਕ ਰੂਪ ਵਿੱਚ ਫ਼ਸਲਾਂ ਹੀ ਸਹਿਣ ਕਰਦੀਆਂ ਹਨ।

ਕਦੇ ਪੰਜਾਬ ਵਿੱਚ ਕਣਕ ਦਾ ਉਤਪਾਦਨ ਘੱਟ ਹੋਣ ਕਾਰਨ ਕਣਕ ਦੀ ਰੋਟੀ ਦੀ ਥਾਂ ਦੂਸਰੇ ਅਨਾਜਾਂ ਦੀ ਵਰਤੋਂ ਰੋਟੀ ਬਣਾਉਣ ਲਈ ਕੀਤੀ ਜਾਂਦੀ ਸੀ। ਮਾਲਵੇ ਵਿੱਚ ਇਸ ਲਈ ਆਮ ਕਰਕੇ 'ਬੇਰੜੇ' ਜਾਂ ਸਰਦੀ ਵਿੱਚ ਬਾਜਰੇ ਦੀ ਵਰਤੋਂ ਕੀਤੀ ਜਾਂਦੀ ਹੈ। ਕਣਕ ਦੀਆਂ ਰੋਟੀਆਂ ਕੁਝ ਖ਼ਾਸ ਲੋਕਾਂ ਨੂੰ ਵਿਸ਼ੇਸ਼ ਮੌਕਿਆਂ 'ਤੇ ਦਿੱਤੀਆਂ ਜਾਂਦੀਆਂ ਸਨ।

ਕਣਕ ਸਰਦੀ ਦੇ ਮੌਸਮ ਦੀ ਫ਼ਸਲ ਹੈ। ਚੇਤ ਮਹੀਨੇ ਦੇ ਕੁਝ ਗਰਮ ਹੋਏ ਦਿਨਾਂ ਵਿੱਚ ਇਸ ਦਾ ਰੰਗ ਸੁਨਹਿਰੀ ਹੋਣਾ ਸ਼ੁਰੂ ਹੋ ਜਾਂਦਾ ਹੈ। ਵਿਸਾਖ ਮਹੀਨੇ ਦੇ ਆਰੰਭ ਵਿੱਚ ਇਸ ਦੀ ਕਟਾਈ ਸ਼ੁਰੂ ਹੋ ਜਾਂਦੀ ਹੈ।

ਅਜੋਕੇ ਖੇਤੀਬਾੜੀ ਨਾਲ ਸਬੰਧਤ ਆਧੁਨਿਕ ਸਾਧਨਾਂ ਦੀ ਅਣਹੋਂਦ ਸਮੇਂ ਘਰ ਦੀਆਂ ਸੁਆਣੀਆਂ ਸਮੇਤ ਘਰ ਦੇ ਸਾਰੇ ਮੈਂਬਰ ਖੇਤੀਬਾੜੀ ਵਿੱਚ ਆਪਣੀ ਆਪਣੀ ਭੂਮਿਕਾ ਨਿਭਾਉਂਦੇਸਨ। ਇਸ ਸਮੇਂ ਗਰਮੀ ਵਧਣ ਕਾਰਨ ਕਣਕ ਦੀ ਫ਼ਸਲ ਦੇ ਪੌਦਿਆਂ ਦੇ ਜਲਦੀ ਸੁੱਕ ਕੇ ਇਸ ਦੀਆਂ ਬੱਲੀਆਂ ਦੇ ਜਲਦੀ ਝੜਨ ਦਾ ਖ਼ਤਰਾ ਵਧੇਰੇ ਹੁੰਦਾ ਹੈ। ਅਜਿਹਾ ਹੋਣ ਕਾਰਨ ਵਾਢੀ ਵਿੱਚ ਸਹਿਯੋਗ ਲਈ ਕਿਸੇ ਔਰਤ ਵੱਲੋਂ ਮਰਦ ਮੈਂਬਰ ਦੇ ਬਰਾਬਰ ਹਾੜ੍ਹੀ ਵੱਢਣ ਦੀ ਗੱਲ ਕੀਤੀ ਟੱਪਿਆਂ ਵਿੱਚ ਕੁਝ ਇਸ ਤਰ੍ਹਾਂ ਮਿਲਦੀ ਹੈ :

ਦਾਤੀ ਨੂੰ ਲਵਾ ਦੇ ਘੁੰਗਰੂ
ਹਾੜ੍ਹੀ ਵੱਢੂੰਗੀ ਬਰੋਬਰ ਤੇਰੇ।

ਹਾੜ੍ਹੀ ਵੱਢਣ ਦੇ ਦਿਨਾਂ ਵਿੱਚ ਗਰਮੀ ਹੋ ਜਾਂਦੀ ਹੈ। ਨਾਲ ਦੀ ਨਾਲ ਕਣਕ ਦੀ ਵਾਢੀ ਸਖ਼ਤ ਮਿਹਨਤ ਵਾਲਾ ਕੰਮ ਹੈ। ਅਜਿਹਾ ਹੋਣ ਕਾਰਨ ਵਾਢੀ ਕਰਦਿਆਂ ਦੇ ਪਸੀਨਾ ਆਉਣਾ ਵੀ ਆਮ ਜਿਹੀ ਗੱਲ ਹੈ।

ਇਸ ਤਰ੍ਹਾਂ ਕਣਕ ਪੰਜਾਬ ਦੀ ਪ੍ਰਮੁੱਖ ਫ਼ਸਲ ਹੋਣ ਦੇ ਨਾਲ ਨਾਲ ਮੁੱਖ ਖੁਰਾਕੀ ਪਦਾਰਥ ਹੈ। ਇਕੱਲਾ ਪੰਜਾਬ ਹੀ ਨਹੀਂ ਬਲਕਿ ਵਿਸ਼ਵ ਪੱਧਰ 'ਤੇ ਖੁਰਾਕੀ ਜ਼ਰੂਰਤਾਂ ਦੀ ਪੂਰਤੀ ਲਈ ਕਣਕ ਮੱਕੀ ਤੋਂ ਬਾਅਦ ਦੂਸਰੀ ਸਭ ਤੋਂ ਵੱਧ ਪੈਦਾ ਕੀਤੀ ਜਾਣ ਵਾਲੀ ਫ਼ਸਲ ਹੈ। ਇਹ ਬਹੁਤ ਸਾਰੇ ਖੁਰਾਕੀ ਤੱਤਾਂ ਨਾਲ ਭਰਪੂਰ ਹੁੰਦੀ ਹੈ। ਇਸ ਵਿੱਚ ਕਾਰਬੋਹਾਈਡਰੇਟ, ਪ੍ਰੋਟੀਨ ਅਤੇ ਦੂਸਰੇ ਸੂਖਮ ਖੁਰਾਕੀ ਖਣਿਜ ਪਦਾਰਥ ਮੌਜੂਦ ਹੁੰਦੇ ਹਨ। ਕਣਕ ਦੇ ਬਹੁਪੱਖੀ ਮਹੱਤਵ ਕਾਰਨ ਇਹ ਲੋਕ ਸਾਹਿਤ ਅਤੇ ਸੱਭਿਆਚਾਰ ਵਿੱਚ ਵੀ ਵਿਸ਼ੇਸ਼ ਪਛਾਣ ਰੱਖਦੀ ਹੈ।

## ਵਿਸਾਖੀ ਦਿਵਸ 'ਤੇ ਵਿਸ਼ੇਸ਼

# ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ



ਹਰਜਿੰਦਰ ਸਿੰਘ ਧਾਮੀ
ਪ੍ਰਧਾਨ, ਐੱਸ.ਜੀ.ਪੀ.ਸੀ.,
ਸ੍ਰੀ ਅੰਮ੍ਰਿਤਸਰ



ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਨ 1699 ਦੀ ਵਿਸਾਖੀ ਦਾ ਦਿਨ ਤਵਾਰੀਖ਼ ਅੰਦਰ ਖਾਸ ਮਹੱਤਵ ਵਾਲਾ ਹੈ ਕਿਉਂਕਿ ਇਸ ਦਿਨ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਣਾ ਕਰਕੇ ਦੁਨੀਆਂ ਦੇ ਧਾਰਮਿਕ ਇਤਿਹਾਸ ਵਿੱਚ ਕ੍ਰਾਂਤੀਕਾਰੀ ਅਧਿਆਇ ਦਰਜ ਕੀਤਾ। ਇਹ ਦਿਹਾੜਾ ਗੁਰੂ ਜੀ ਦੀ ਨਿਰਾਲੀ ਯਾਦ ਵਜੋਂ ਸਿੱਖ ਇਤਿਹਾਸ ਅੰਦਰ ਸਦਾ ਤਾਜ਼ਾ ਹੈ। ਖ਼ਾਲਸਾ ਆਦਰਸ਼ਕ ਮਨੁੱਖ ਹੈ ਜਿਸ ਦਾ ਜੀਵਨ ਸਮਾਜ ਲਈ ਪ੍ਰੇਰਨਾ ਵਾਲਾ ਹੋਣ ਦੇ ਨਾਲ ਨਾਲ ਹੱਕ ਸੱਚ ਦੀ ਰੱਖਵਾਲੀ ਲਈ ਅਡੋਲ ਹੈ, ਅਡਿੱਗ ਹੈ। ਇਸ ਵਿੱਚ ਗੁਣਾਂ ਦੀ ਸੰਪੂਰਨਤਾ ਹੈ, ਔਗੁਣ ਨੂੰ ਕੋਈ ਥਾਂ ਨਹੀਂ। ਇਸ ਦੀ ਘਾੜਤ ਵਿੱਚ ਦਸ ਗੁਰੂ ਸਾਹਿਬਾਨ ਦੀ ਪਵਿੱਤਰ ਵਿਚਾਰਧਾਰਾ ਸ਼ੁਮਾਰ ਹੈ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਖ਼ਾਲਸਾ ਰੂਪੀ ਆਦਰਸ਼ਕ ਮਨੁੱਖ ਲਈ ਪਹਿਲੀ ਸ਼ਰਤ ਇਹ ਨਿਸ਼ਚਤ ਕੀਤੀ ਸੀ:

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਵਿੱਚ ਬਾਕੀ ਗੁਰੂ ਸਾਹਿਬਾਨ ਨੇ ਵੀ ਸਿੱਖਾਂ ਨੂੰ ਇਹੋ ਪਾਠ ਦ੍ਰਿੜ ਕਰਵਾਇਆ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਨੂੰ ਵਿਸਾਖੀ ਦੇ ਦਿਹਾੜੇ 'ਤੇ ਖ਼ਾਲਸੇ ਦੀ ਸਿਰਜਣਾ ਕਰਕੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨੂੰ ਅਰਥ ਮੁਹੱਈਆ ਕੀਤੇ। ਦਸਵੇਂ ਪਾਤਸ਼ਾਹ ਜੀ ਦੇ ਇਸ ਅਦੁੱਤੀ ਕਾਰਨਾਮੇ ਨੇ ਸਦੀਆਂ ਤੋਂ ਲਤਾੜੇ, ਗੁਲਾਮੀ ਵਾਲਾ ਜੀਵਨ ਜੀਅ ਰਹੇ ਲੋਕਾਂ ਨੂੰ ਆਤਮ-ਵਿਸ਼ਵਾਸੀ ਬਣਾ ਕੇ ਅਰਸ਼ 'ਤੇ ਪਹੁੰਚਾ ਦਿੱਤਾ। ਜੇ ਇਹ ਆਖ ਲਈਏ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦਾ ਦਿਨ ਜ਼ੁਲਮ, ਬੇਇਨਸਾਫੀ, ਵਿਤਕਰੇ, ਜਬਰ, ਝੂਠ, ਪਾਖੰਡ, ਅਨਿਆਂ ਆਦਿ ਵਿਰੁੱਧ ਸੰਘਰਸ਼ ਦਾ ਬਿਗਲ ਬਣਿਆ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਦਿਹਾੜਾ ਅਨੋਖਾ ਨਜ਼ਾਰਾ ਪੇਸ਼ ਕਰਨ ਵਾਲਾ ਵੀ ਹੈ, ਕਿਉਂਕਿ ਇਸ ਦਿਨ ਜਿਥੇ ਇੱਕ ਪਾਸੇ ਗੁਰੂ ਜੀ ਵੱਲੋਂ ਸਾਜੇ ਪੰਜ ਪਿਆਰੇ ਗੁਰੂ ਸਾਹਿਬ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਨਿਹਾਲ ਹੋਏ, ਉਥੇ ਹੀ ਦੂਸਰੇ ਪਾਸੇ ਗੁਰੂ ਸਾਹਿਬ ਜੀ ਨੇ ਵੀ ਖਾਲਸੇ ਪਾਸੋਂ ਆਪ ਅੰਮ੍ਰਿਤਪਾਨ ਕਰਕੇ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਨਿਵੇਕਲੀ ਮਿਸਾਲ ਕਾਇਮ ਕੀਤੀ। ਇਸ ਨਾਲ ਗੁਰੂ ਤੇ ਚੇਲੇ ਦਾ ਅਜਿਹਾ ਨਵਾਂ ਰੂਪ ਸਾਹਮਣੇ ਆਇਆ ਜਿਸ ਵਿੱਚ ਗੁਰੂ-ਚੇਲੇ ਵਿੱਚ ਕੋਈ ਭਿੰਨ-ਭੇਦ ਨਹੀਂ ਹੈ। ਭਾਈ ਗੁਰਦਾਸ ਜੀ ਇਸ ਦ੍ਰਿਸ਼ ਨੂੰ ਵਾਹ ਵਾਹ ਕਹਿ ਕੇ ਵਡਿਆਉਂਦੇ ਹਨ:

ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਾਜਿਆ ਖ਼ਾਲਸਾ ਹਰ ਕਿਸਮ ਦੀ ਸ਼ਖ਼ਸੀ ਗੁਲਾਮੀ ਤੋਂ ਆਜ਼ਾਦ ਹੋ ਕੇ ਅਕਾਲ ਪੁਰਖ ਵਾਹਿਗੁਰੂ ਨਾਲ ਸਿੱਧੇ ਰੂਪ ਵਿੱਚ ਸਬੰਧਿਤ ਹੈ ਜੋ ਪਰਮਾਤਮਾ ਦੀ ਆਪਣੀ ਰਜ਼ਾ ਵਿਚੋਂ ਹੀ ਪ੍ਰਗਟ ਹੋਇਆ ਹੈ:

ਖ਼ਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।

ਖ਼ਾਲਸੇ ਦਾ ਅਰਥ ਸ਼ੁੱਧ, ਨਿਰਮਲ ਅਤੇ ਬਿਨਾਂ ਮਿਲਾਵਟ ਤੋਂ ਹੈ। ਖ਼ਾਲਸਾ ਝੂਠ, ਬੇਈਮਾਨੀ, ਵਲ਼-ਫਰੇਬ ਤੋਂ ਦੂਰ ਮਨੁੱਖਤਾ ਦਾ ਹਮਦਰਦ ਹੈ। ਖ਼ਾਲਸਾ ਅਕਾਲ ਪੁਰਖ ਦਾ ਪੁਜਾਰੀ ਹੈ। ਖ਼ਾਲਸਾ ਪੰਜ ਕਕਾਰੀ ਰਹਿਣੀ ਦਾ ਧਾਰਨੀ ਹੈ। ਸੱਚਾ ਤੇ ਧਰਮੀ ਜੀਵਨ ਜਿਊਣਾ ਖ਼ਾਲਸੇ ਦਾ ਨੇਮ ਹੈ। ਧਰਮ ਅਤੇ ਸਦਾਚਾਰ ਦੇ ਸੁਮੇਲ ਖ਼ਾਲਸੇ ਦੀ ਆਵਾਜ਼ ਹਮੇਸ਼ਾ ਹੀ ਹੱਕ ਤੇ ਸੱਚ ਲਈ ਉਠਦੀ ਹੈ। ਜਬਰ ਤੇ ਜ਼ੁਲਮ ਵਿਰੁੱਧ ਡਟਣਾ ਖਾਲਸੇ ਦਾ ਪਰਮ ਧਰਮ ਕਰਤੱਵ ਹੈ। ਉੱਚੀ-ਸੁੱਚੀ ਜੀਵਨ ਜਾਚ ਇਸ ਦੀ ਲਖਾਇਕ ਹੈ। ਦਸਮੇਸ਼ ਪਿਤਾ ਜੀ ਨੇ ਖਾਲਸੇ ਦੀ ਸਿਰਜਣਾ ਕਰਕੇ ਸੰਸਾਰ ਨੂੰ ਸੰਤ-ਸਿਪਾਹੀ ਦਾ ਅਜਿਹਾ ਨਵੀਨ, ਸ਼ਕਤੀਸ਼ਾਲੀ ਤੇ ਵਿਲੱਖਣ ਜੀਵਨ ਸਿਧਾਂਤ ਦਿੱਤਾ ਜਿਹੜਾ ਹੁਣ ਤਕ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਨਿੱਤ-ਨਵੀਆਂ ਸਿਖਰਾਂ ਛੋਹ ਰਿਹਾ ਹੈ।

ਸਿੱਖ ਕੌਮ ਦੇ ਇਤਿਹਾਸਕ, ਸਿਧਾਂਤਕ ਅਤੇ ਵਿਰਾਸਤੀ ਗੁਣਾਂ ਦੀ ਅਮੀਰੀ ਦਾ ਮਾਣ ਹਰ ਸਿੱਖ ਨੂੰ ਸਵੈਮਾਣ ਅਤੇ ਇੱਜ਼ਤ ਨਾਲ ਜਿਊਣ ਦੀ ਪ੍ਰੇਰਨਾ ਦਿੰਦਾ ਹੈ। ਸਿੱਖ ਵਿਚਾਰਧਾਰਾ ਅੱਜ ਪੂਰੀ ਦੁਨੀਆ ਵਿੱਚ ਉਦਾਹਰਣ ਵਜੋਂ ਹੈ ਅਤੇ ਇਸੇ 'ਤੇ ਅਮਲ ਕਰਕੇ ਸਿੱਖਾਂ ਨੇ ਆਪਣੇ ਖ਼ਾਲਸਈ ਸਰੂਪ ਨੂੰ ਸੰਸਾਰ ਵਿੱਚ ਉਭਾਰਿਆ ਹੈ। ਵੱਖ ਵੱਖ ਸਮਿਆਂ ਵਿੱਚ ਆਈਆਂ ਮੁਸੀਬਤਾਂ ਸਮੇਂ ਖ਼ਾਲਸਾ ਪੰਥ ਨੇ ਪੀੜਤ ਮਾਨਵਤਾ ਨਾਲ ਖੜ੍ਹ ਕੇ ਇਹ ਸਿੱਧ ਕੀਤਾ ਹੈ ਕਿ ਮਨੁੱਖੀ ਬਰਾਬਰੀ ਅਤੇ ਇਕਸਾਰਤਾ ਦਾ ਜੋ ਪਾਠ ਖ਼ਾਲਸੇ ਨੂੰ ਗੁਰੂ ਸਾਹਿਬ ਨੇ ਪੜ੍ਹਾਇਆ ਉਹ ਸੰਸਾਰ ਦੇ ਧਰਮ ਇਤਿਹਾਸ ਵਿਚ ਮੋਹਰੀ ਹੈ, ਵਿਲੱਖਣ ਹੈ। ਅੱਜ ਸਿੱਖ ਨੌਜੁਆਨੀ ਨੂੰ ਆਪਣੇ ਇਸ ਖ਼ਾਲਸਈ ਵਿਰਸੇ ਬਾਰੇ ਜਾਗਰੂਕ ਅਤੇ ਸੁਚੇਤ ਕਰਦੇ ਰਹਿਣਾ ਹੋਰ ਵੀ ਜ਼ਿਆਦਾ ਮਹੱਤਵਪੂਰਨ ਬਣ ਜਾਂਦਾ ਹੈ, ਕਿਉਂਕਿ ਵਰਤਮਾਨ ਸਮੇਂ ਤਕਨੀਕ ਅਤੇ ਸੰਚਾਰ ਸਾਧਨਾ ਦੀ ਤੇਜ਼ੀ ਮਨੁੱਖ ਨੂੰ ਨੈਤਿਕਤਾ ਨਾਲੋਂ ਤੋੜਨ ਵਾਲੇ ਪਾਸੇ ਲਿਜਾ ਰਹੀ ਹੈ। ਸਿੱਖੀ ਦੇ ਵਿਲੱਖਣ ਸਿਧਾਂਤ ਅਤੇ ਮਾਨਵ ਹਿੱਤਕਾਰੀ ਫਲਸਫਾ ਅਜੋਕੀਆਂ ਮਨੁੱਖੀ ਚਿੰਤਾਵਾਂ ਦੇ ਖਾਤਮੇ ਦਾ ਸਫਲ ਮਾਰਗ ਦਰਸ਼ਕ ਹਨ। ਲੋੜ ਇਸ ਗੱਲ ਹੈ ਕਿ ਅਸੀਂ ਸਮੂਹਕ ਯਤਨਾਂ ਨਾਲ ਖ਼ਾਲਸਈ ਵਿਚਾਰਧਾਰਾ ਨੂੰ ਅੱਗੇ ਵਧਾਈਏ। ਸੋ ਆਓ, ਖ਼ਾਲਸਾ ਸਾਜਣਾ ਦਿਵਸ ਮੌਕੇ ਪ੍ਰਣ ਕਰੀਏ ਕਿ ਜਿਥੇ ਹਰ ਸਿੱਖ ਨੇ ਖੰਡੇ ਬਾਟੇ ਦੀ ਪਾਹੁਲ ਛਕ ਕੇ ਖ਼ਾਲਸਈ ਰਹਿਣੀ ਦਾ ਧਾਰਨੀ ਬਣਨਾ ਹੈ, ਉਥੇ ਹੀ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਦੇ ਸੰਦੇਸ਼ ਨੂੰ ਹਿਰਦੇ ਵਿੱਚ ਵਸਾ ਕੇ ਮਾਨਵਤਾ ਲਈ ਮਦਦਗਾਰ ਬਣੇ ਰਹਿਣਾ ਹੈ।

ਡਾ. ਪ੍ਰਭਜੀਤ ਕੌਰ

# ਵਿਸਾਖੀ ਦਾ ਵਿਲੱਖਣ ਸੰਦੇਸ਼

ਵਿਸਾਖੀ ਸੋਨੇ ਰੰਗੀਆਂ ਫ਼ਸਲਾਂ ਵੱਢਣ ਤੇ ਸਾਂਭਣ ਮਗਰੋਂ ਖ਼ੁਸ਼ੀਆਂ-ਉਮੰਗਾਂ ਤੇ ਚਾਵਾਂ-ਮਲ੍ਹਾਰਾਂ ਨਾਲ ਦਰਿਆਵਾਂ ਕੰਢੇ ਮੇਲੇ ਲਾਉਣ, ਨੱਚਣ-ਗਾਉਣ, ਲੁੱਡੀਆਂ ਪਾਉਣ, ਵੰਨ-ਸੁਵੰਨੇ ਖਾਣੇ ਖਾਣ ਤੇ ਤੀਰਥ ਨ੍ਹਾਉਣ ਦਾ ਨਾਂ ਹੈ। ਕਣਕ ਨੂੰ ਸੰਸਕ੍ਰਿਤ ਵਿੱਚ ਸੋਨਾ ਵੀ ਆਖਦੇ ਹਨ ਤੇ ਵਿਸਾਖੀ ਨੂੰ ਸੋਨੇ ਦੀ ਵਾਢੀ ਦਾ ਤਿਉਹਾਰ। ਵਿਸਾਖ ਮਹੀਨੇ ਦੀ ਪਹਿਲੀ ਤਾਰੀਖ ਭਾਵ ਸੰਗਰਾਂਦ ਨੂੰ ਮਨਾਏ ਜਾਣ ਵਾਲੇ ਇਸ ਤਿਉਹਾਰ ਦਾ ਸਬੰਧ ਨਾ ਸਿਰਫ਼ ਫ਼ਸਲੀ ਤੇ ਮੌਸਮੀ ਚੱਕਰ ਬਦਲਣ ਨਾਲ ਹੈ ਸਗੋਂ ਇਹ ਦਿਨ ਵਿਸ਼ੇਸ਼ ਇਤਿਹਾਸਕ, ਸਮਾਜਿਕ, ਧਾਰਮਿਕ ਤੇ ਸੱਭਿਆਚਾਰਕ ਮਹੱਤਵ ਵਾਲਾ ਵੀ ਹੈ। 13 ਅਪਰੈਲ 1919 ਨੂੰ ਜੱਲ੍ਹਿਆਂਵਾਲੇ ਬਾਗ਼ ਵਿੱਚ ਵਾਪਰੇ ਦੁਖਾਂਤਕ ਇਤਿਹਾਸ ਨੂੰ ਕੌਣ ਭੁੱਲ ਸਕਦਾ ਹੈ?

ਉਂਝ ਭਾਵੇਂ ਵਿਸਾਖੀ ਵਾਲੇ ਦਿਨ ਮੇਲੇ ਲਾਉਣ ਅਤੇ ਤੀਰਥ ਇਸ਼ਨਾਨ ਕਰਨ ਦਾ ਸਦੀਆਂ ਤੋਂ ਧਾਰਮਿਕ ਮਹੱਤਵ ਰਿਹਾ ਹੈ ਪਰ 1567 ਈਸਵੀ ਦੀ ਵਿਸਾਖੀ ਵਾਲੇ ਦਿਨ ਪਹਿਲੀ ਵਾਰ ਗੁਰੂ ਅਮਰਦਾਸ ਜੀ ਨੇ ਵੱਡੇ ਪੱਧਰ 'ਤੇ ਸਿੱਖਾਂ ਨੂੰ ਗੋਇੰਦਵਾਲ ਸਾਹਿਬ ਵਿਖੇ ਜੋੜ ਮੇਲਾ ਲਾਉਣ ਦਾ ਆਦੇਸ਼ ਦਿੱਤਾ ਅਤੇ ਮਗਰੋਂ ਹਰ ਸਾਲ ਵਿਸਾਖੀ ਨੂੰ ਸਿੱਖਾਂ ਦੇ ਕੌਮੀ ਤਿਉਹਾਰ ਵਜੋਂ ਮਨਾਇਆ ਜਾਣ ਲੱਗਿਆ।

1738 ਦੀ ਵਿਸਾਖੀ ਦਾ ਪੁਰਬ ਮਨਾਉਣ ਲਈ ਭਾਈ ਮਨੀ ਸਿੰਘ ਜੀ ਨੇ ਸਿੱਖਾਂ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਇੱਕਤਰ ਹੋਣ ਦਾ ਸੱਦਾ ਦਿੱਤਾ ਅਤੇ ਇਸ ਧਾਰਮਿਕ ਸੁਤੰਤਰਤਾ ਬਦਲੇ ਜ਼ਕਰੀਆ ਖ਼ਾਨ ਵੱਲੋਂ ਲਾਏ ਗਏ 5000 ਰੁਪਏ ਦੇ ਕਰ ਨੂੰ ਦੇਣਾ ਸਵੀਕਾਰ ਕਰ ਲਿਆ ਪਰ ਮੁਗ਼ਲ ਸੈਨਿਕਾਂ ਵੱਲੋਂ ਦਰਬਾਰ ਸਾਹਿਬ ਆਉਂਦੇ ਸਿੱਖਾਂ ਨੂੰ ਰਾਹ ਵਿੱਚ ਹੀ ਰੋਕ ਲਏ ਜਾਣ ਕਾਰਨ ਦਰਬਾਰ ਸਾਹਿਬ ਵਿੱਚ ਨਾ ਤਾਂ ਸਿੱਖਾਂ ਦੀ ਇਕੱਤਰਤਾ ਹੋ ਸਕੀ ਤੇ ਨਾ ਹੀ ਮਾਇਆ ਦੀ। ਇਸ ਕਾਰਨ ਭਾਈ ਮਨੀ ਸਿੰਘ ਮੁਗ਼ਲਾਂ ਨੂੰ ਕਰ ਦੇ ਸਕਣ ਵਿੱਚ ਅਸਮਰੱਥ ਰਹੇ ਅਤੇ ਉਨ੍ਹਾਂ ਨੂੰ ਆਪਣੀ ਸਿੱਖੀ ਦੀ ਰੱਖਿਆ ਕਰਦਿਆਂ ਆਪਣਾ ਬੰਦ-ਬੰਦ ਕਟਾ ਕੇ ਸ਼ਹੀਦ ਹੋਣਾ ਪਿਆ।

ਇਸ ਪਵਿੱਤਰ ਧਰਤੀ 'ਤੇ 1699 ਦੀ ਵਿਸਾਖੀ ਨੂੰ ਖ਼ਾਲਸਾ ਪੰਥ ਦਾ ਜਨਮ ਹੋਇਆ ਸੀ ਜਿਸ ਨੇ ਨਾ ਸਿਰਫ਼ ਸਦੀਆਂ ਤੋਂ ਗ਼ੁਲਾਮੀ ਦੀ ਲਤਾੜੀ ਹੋਈ ਨਿਤਾਣੀ ਤੇ ਨਿਮਾਣੀ ਕੌਮ ਨੂੰ ਅੰਮ੍ਰਿਤ ਛਕਾ ਕੇ ਸ਼ੁੱਧ ਖਾਲਸ ਰੂਹ ਦਾ ਸੰਚਾਰ ਕੀਤਾ ਸੀ ਸਗੋਂ ਇਸੇ ਦਿਨ ਪੰਜ ਰਹਿਤਵਾਨ ਸਿੰਘਾਂ ਨੂੰ ਅੱਗੋਂ ਅੰਮ੍ਰਿਤ ਛਕਾ ਕੇ ਨਵੇਂ ਸਿੰਘ ਸਜਾਉਣ ਦਾ ਹੱਕ ਵੀ ਪ੍ਰਾਪਤ ਹੋਇਆ ਸੀ। 'ਅੰਮ੍ਰਿਤ' ਦਾ ਅਰਥ ਹੀ ਅ-ਮ੍ਰਿਤ ਹੈ ਭਾਵ ਇਸ ਨੂੰ ਪੀ ਕੇ ਜੋ ਕਦੇ ਨਾ ਮਰੇ ਤੇ ਅਮਰ ਹੋ ਕੇ ਮਜ਼ਲੂਮਾਂ ਲਈ ਢਾਲ ਬਣੇ। ਗੁਰੂ ਸਾਹਿਬ ਆਪ ਵੀ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਖਾਲਸੇ ਵਿੱਚ ਅਭੇਦ ਹੋ ਗਏ।



ਗੁਰੂ ਗੋਬਿੰਦ ਸਿੰਘ ਜੀ ਨੇ ਦੂਰ ਦ੍ਰਿਸ਼ਟੀ ਰੱਖਦਿਆਂ ਖਾਲਸੇ ਨੂੰ ਪੰਜ ਕਕਾਰ ਧਾਰਨ ਕਰਵਾ ਕੇ 'ਸਿੰਘ' ਭਾਵ ਸ਼ੇਰ ਤੇ 'ਕੌਰ' ਭਾਵ ਸ਼ਹਿਜ਼ਾਦੀ ਦੀ ਇੱਕ ਵਿਲੱਖਣ ਪਛਾਣ ਦਿੱਤੀ। ਕੇਸਾਂ ਦੀ ਰਹਿਤ ਰੱਖ ਕੇ ਕੋਈ ਨਵੀਂ ਰੀਤ ਨਹੀਂ ਸੀ ਤੋਰੀ ਗਈ ਸਗੋਂ ਕੇਸ ਕਟਵਾਉਣ ਵਾਲਿਆਂ ਨੇ ਕੁਦਰਤ ਵੱਲੋਂ ਮਨੁੱਖ ਨੂੰ ਦਿੱਤੀ ਪਛਾਣ ਨਾਲ ਛੇੜ-ਛਾੜ ਕਰਨ ਦੀ ਰੀਤ ਤੋਰੀ ਹੋਈ ਸੀ। ਕਦੇ ਦੇਖਿਆ ਹੈ ਕਿ ਮਨੁੱਖਾਂ ਤੋਂ ਇਲਾਵਾ ਕਿਸੇ ਹੋਰ ਜੀਵ ਨੇ ਆਪਣੇ ਕੁਦਰਤੀ ਰੂਪ ਨਾਲ ਛੇੜ-ਛਾੜ ਕੀਤੀ ਹੋਵੇ ? ਗੁਰੂ ਸਾਹਿਬ ਨੇ ਤਾਂ ਕੇਸਾਂ ਦੀ ਰਹਿਤ ਦੇ ਕੇ ਮਨੁੱਖ ਨੂੰ ਆਪਣੇ ਅਸਲ ਕੁਦਰਤੀ ਰੂਪ ਨਾਲ ਰੂ-ਬ-ਰੂ ਕਰਵਾਇਆ। ਨਾਲ ਹੀ ਇਨ੍ਹਾਂ ਕੇਸਾਂ ਨੂੰ ਕੰਘੇ ਨਾਲ ਸਵਾਰ ਕੇ ਦਸਤਾਰ ਧਾਰਨ ਕਰਨ ਦਾ ਹੁਕਮ ਦਿੱਤਾ।

ਵੱਖਰੇ ਵੱਖਰੇ ਕਰਮਕਾਂਡਾਂ ਤੇ ਵਹਿਮਾਂ-ਭਰਮਾਂ ਵਿੱਚ ਉਲਝੇ ਦੇਸ਼ ਵਾਸੀਆਂ ਲਈ ਗੁਰੂ ਨਾਨਕ ਦਾ 'ਨਿਰਮਲ ਪੰਥ' 'ਨਾ ਕੋ ਹਿੰਦੂ ਨਾ ਮੁਸਲਮਾਨ' ਅਰਥਾਤ ਮਾਨਵ ਦਾ ਮੂਲ ਨਾ ਹਿੰਦੂ ਹੈ ਨਾ ਮੁਸਲਮਾਨ ਸਗੋਂ ਦੋਹਾਂ ਦਾ ਮੂਲ ਕੇਵਲ ਇੱਕੋ ਕਰਤਾ ਪੁਰਖ ਹੈ, ਦਾ ਸੁਨੇਹਾ ਲੈ ਕੇ ਆਇਆ ਸੀ। ਲਗਭਗ ਦੋ ਸਦੀਆਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਵੇਲੇ ਉਹੀ ਸੁਨੇਹਾ 'ਖਾਲਸਾ ਪੰਥ' ਦਾ ਰੂਪ ਧਾਰਨ ਕਰ ਗਿਆ ਤੇ ਵਰਣ ਭੇਦ ਮਿਟਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਾਰੀਆਂ ਨੀਵੀਆਂ ਅਤੇ ਉੱਚੀਆਂ ਸਮਝੀਆਂ ਜਾਂਦੀਆਂ ਜਾਤਾਂ ਨੂੰ ਬਰਾਬਰ ਦਰਜਾ ਦਿੰਦਿਆਂ ਮਾਨਵਤਾ ਦੇ ਇੱਕੋ ਨਿਆਰੇ ਸੂਤਰ ਵਿੱਚ ਪਰੋ ਦਿੱਤਾ। ਇਸ ਨਾਲ ਉਨ੍ਹਾਂ ਨੇ ਅੰਧ-ਵਿਸ਼ਵਾਸ, ਕਰਮ-ਕਾਂਡ, ਜਾਦੂ-ਟੂਣੇ, ਮੂਰਤੀ-ਪੂਜਾ ਆਦਿ ਵਹਿਮਾਂ-ਭਰਮਾਂ ਦਾ ਜੂਲਾ ਲਾਹ ਕੇ ਆਪਣੀ ਸੋਚ ਨੂੰ ਆਜ਼ਾਦ ਕਰ ਲਿਆ।

ਵਿਸਾਖੀ ਵਾਲੇ ਦਿਨ ਦੀ ਇਹ ਇਤਿਹਾਸਕ ਸੱਚਾਈ ਹੈ ਕਿ ਖਾਲਸਾ ਪੰਥ ਦੀ ਸਾਜਨਾ ਅਜਿਹਾ ਇਨਕਲਾਬ ਸੀ ਜਿਸ ਨੇ ਗ਼ੁਲਾਮੀ ਦੀ ਘੂਕ ਨੀਂਦਰੇ ਸੁੱਤੀ ਕੌਮ ਨੂੰ ਜਗਾਇਆ। ਉਸ ਦਿਨ ਤੋਂ ਤਿਆਰ-ਬਰ-ਤਿਆਰ ਖਾਲਸਾ ਸੱਚ, ਅਣਖ ਤੇ ਆਜ਼ਾਦੀ ਦਾ ਐਸਾ ਪਹਿਰੇਦਾਰ ਬਣਿਆ ਕਿ ਊਚ ਨੀਚ, ਜਾਤ-ਪਾਤ ਦਾ ਭੇਦ-ਭਾਵ ਮਿਟਾ ਕੇ ਮਜ਼ਲੂਮਾਂ ਤੇ ਨਿਆਸਰਿਆਂ ਦਾ ਸਹਾਰਾ ਬਣ ਗਿਆ।

# ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਖ਼ਾਲਸਾ ਪੰਥ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਕਿਉਂ ਸੌਂਪੀ ?

ਪ੍ਰਿੰਸੀਪਲ ਕੰਵਲਪ੍ਰੀਤ ਕੌਰ
ਨਿਊਜ਼ੀਲੈਂਡ

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਪ੍ਰਗਟ ਕੀਤਾ। ਵਿਦਵਾਨਾਂ, ਇਤਿਹਾਸਕਾਰਾਂ ਮੁਤਾਬਿਕ ਖ਼ਾਲਸੇ ਦੀ ਸਾਜਨਾ ਦੁਨੀਆਂ ਦੇ ਇਤਿਹਾਸ ਵਿੱਚ ਇੱਕ ਵਿਲੱਖਣ ਘਟਨਾ ਹੈ। ਹੋਰ ਕਿਧਰੇ ਵੀ ਇਹ ਮਿਸਾਲ ਨਹੀਂ ਲੱਭਦੀ ਕਿ ਕਿਸੇ ਗੁਰੂ ਨੇ, ਕਿਸੇ ਪੀਰ ਨੇ, ਕਿਸੇ ਰਹਿਬਰ ਨੇ ਆਪਣੇ ਚੇਲਿਆਂ ਨੂੰ ਆਪਣੇ ਬਰਾਬਰ ਦਾ ਦਰਜਾ ਦਿੱਤਾ ਹੋਵੇ। ਇਹ ਸ਼ੁਰੂਆਤ ਗੁਰੂ ਨਾਨਕ ਦੇਵ ਜੀ ਨੇ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾ ਕੇ ਕੀਤੀ। ਭਾਈ ਗੁਰਦਾਸ ਜੀ ਦਾ ਫੁਰਮਾਨ ਹੈ, ਥਾਪਿਆ ਲਹਿਣਾ ਜੀਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ॥ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਨੇ ਜੋ ਸਿੱਖੀ ਦਾ ਬੂਟਾ ਲਾਇਆ, ਉਸ ਨੂੰ ਹੀ ਪ੍ਰਫੁਲਿਤ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ।

ਖਾਲਸਾ ਅਰਬੀ ਭਾਸ਼ਾ ਦਾ ਸ਼ਬਦ ਹੈ, ਜਿਸ ਦਾ ਅਰਥ ਹੈ, 'ਸ਼ੁੱਧ।' 1699 ਦੀ ਵਿਸਾਖੀ ਵਾਲੇ ਦਿਨ, ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਕੋਲੋਂ ਸੀਸ ਭੇਟ ਲੈ ਕੇ ਉਨ੍ਹਾਂ ਨੂੰ ਅੰਮ੍ਰਿਤ ਛਕਾਇਆ। ਇਨ੍ਹਾਂ ਵਿੱਚ ਲਾਹੌਰ ਤੋਂ ਦਯਾ ਰਾਮ, ਦਿੱਲੀ ਤੋਂ ਧਰਮ ਚੰਦ, ਦਵਾਰਕਾ ਤੋਂ ਮੁਹਕਮ ਚੰਦ, ਜਗਨਨਾਥਪੁਰੀ ਤੋਂ ਹਿੰਮਤ ਰਾਏ ਅਤੇ ਬਿਦਰ ਤੋਂ ਸਾਹਿਬ ਚੰਦ ਸ਼ਾਮਿਲ ਹਨ। ਇੱਕੋ ਬਾਟੇ ਵਿੱਚ ਅੰਮ੍ਰਿਤ ਛਕਾ ਕੇ ਗੁਰੂ ਸਾਹਿਬ ਨੇ ਇਨ੍ਹਾਂ ਪੰਜ ਪਿਆਰਿਆਂ ਨੂੰ 'ਸਿੰਘ' ਯਾਨਿ ਸ਼ੇਰ ਦੀ ਉਪਾਧੀ ਬਖਸ਼ੀ। ਇਸ ਤਰ੍ਹਾਂ ਗੁਰੂ ਸਾਹਿਬ ਨੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੀ ਵਿਚਾਰਧਾਰਾ ਅਧੀਨ ਜਾਤ-ਪਾਤ ਅਤੇ ਊਚ-ਨੀਚ ਦਾ ਭੇਦ-ਭਾਵ ਖਤਮ ਕੀਤਾ। ਇਸ ਦੇ ਨਾਲ ਹੀ ਗੁਰੂ ਜੀ ਨੇ ਇਨ੍ਹਾਂ ਪੰਜ ਪਿਆਰਿਆਂ ਪਾਸੋਂ ਅੰਮ੍ਰਿਤ ਦੀ ਦਾਤ ਲੈ ਕੇ ਆਪ ਵੀ 'ਸਿੰਘ' ਦਾ ਖਿਤਾਬ ਪ੍ਰਾਪਤ ਕੀਤਾ। 'ਆਪੇ ਗੁਰ ਚੇਲਾ' ਦੀ ਇਹ ਮਿਸਾਲ ਦੁਨੀਆਂ ਵਿਚ ਹੋਰ ਕਿਧਰੇ ਨਹੀਂ ਲੱਭਦੀ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਾਰੇ ਲਿਖਣ ਲਈ ਸਾਰੇ ਲਫਜ਼ ਛੋਟੇ ਪੈ ਜਾਂਦੇ ਹਨ ਅਤੇ ਨਾ ਹੀ ਇੰਨੀ ਸੋਝੀ ਹੈ ਕਿ ਕੁਝ ਲਿਖਿਆ ਜਾਵੇ। ਗੁਰੂ ਸਾਹਿਬ ਕਿਧਰੇ ਜੰਗ ਦੇ ਮੈਦਾਨ ਵਿੱਚ ਮਹਾਨ ਯੋਧੇ ਵਿਖਾਈ ਦਿੰਦੇ ਹਨ ਤੇ ਕਿਧਰੇ ਇੰਨੇ ਦਯਾਵਾਨ ਕਿ ਭਾਈ ਘਨ੍ਹਈਆ ਨੂੰ ਮੱਲ੍ਹਮ-ਪੱਟੀ ਦੇ ਰਹੇ ਹਨ। ਜਿਸ ਗੁਰੂ ਨੇ ਦਾਤਾ ਬਣ ਕੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਦਿੱਤੀ, ਉਹੀ ਗੁਰੂ ਜਾਚਕ ਬਣ ਕੇ ਖ਼ਾਲਸੇ ਤੋਂ ਅੰਮ੍ਰਿਤ ਦੀ ਦਾਤ ਮੰਗ ਰਹੇ ਹਨ। ਇਹ ਵਿਲੱਖਣਤਾ ਸਿਰਫ਼ ਖ਼ਾਲਸਾ ਪੰਥ ਦੇ ਹਿੱਸੇ ਆਈ ਹੈ। ਅਸੀਂ ਗੁਰੂ ਸਾਹਿਬ ਨੂੰ ਸਰਬੰਸਦਾਨੀ, ਸੰਤ-ਸਿਪਾਹੀ, ਦਰਵੇਸ਼, ਮਹਾਨ ਯੋਧੇ, ਮਹਾਨ ਗੁਰੂ, ਵਿਦਵਾਨ ਅਤੇ ਮਹਾਨ-ਕਵੀ ਕਹਿੰਦੇ ਹਾਂ।



ਪੰਜ ਪਿਆਰਿਆਂ ਦੀ ਮਹੱਤਤਾ: ਪੰਜਾਂ ਪਿਆਰਿਆਂ ਨੂੰ ਗੁਰੂ ਸਾਹਿਬ ਵੱਲੋਂ ਬਖਸਿਆ ਮਾਣ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਦਾ ਖ਼ਾਲਸੇ ਪ੍ਰਤੀ ਕਿੰਨਾ ਪਿਆਰ, ਕਿੰਨਾ ਸਨਮਾਨ ਅਤੇ ਕਿੰਨੀ ਨਿਮਰਤਾ ਹੈ।

ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀਂ ਮੋਸੇ ਗਰੀਬ ਕਰੋਰ ਪਰੇ॥

ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਖ਼ਾਲਸਾ ਪੰਥ ਦੀ ਅਗਵਾਈ ਕਰਨ ਦੀ ਜਿੰਮੇਵਾਰੀ ਸੌਂਪੀ। ਪੰਜ ਪਿਆਰਿਆਂ ਤੋਂ ਅੰਮ੍ਰਿਤ ਛਕ ਕੇ ਗੁਰੂ ਸਾਹਿਬ ਨੇ ਇਹ ਸਮਝਾਇਆ ਕਿ ਪੰਜ ਪਿਆਰਿਆਂ ਦੀ ਅਗਵਾਈ ਗੁਰੂ 'ਤੇ ਵੀ ਲਾਗੂ ਹੁੰਦੀ ਹੈ। ਜਦੋਂ ਚਮਕੌਰ ਸਾਹਿਬ ਦੀ ਜੰਗ ਵਿੱਚ ਵੱਡੇ ਸਾਹਿਬਜ਼ਾਦਿਆਂ ਸਮੇਤ ਕਈ ਸਿੰਘ ਸ਼ਹੀਦ ਹੋ ਗਏ ਤਾਂ ਸਿੱਖਾਂ ਨੇ ਗੁਰੂ ਸਾਹਿਬ ਨੂੰ ਗੜ੍ਹੀ ਛੱਡਣ ਵਾਸਤੇ ਕਿਹਾ। ਇਸ 'ਤੇ ਗੁਰੂ ਸਾਹਿਬ ਨੇ ਜਦੋਂ ਇਨਕਾਰ ਕਰ ਦਿੱਤਾ ਤਾਂ ਪੰਜ ਸਿੱਖਾਂ ਨੇ ਪੰਜ ਪਿਆਰਿਆਂ ਦੇ ਰੂਪ ਵਿੱਚ ਗੁਰੂ ਸਾਹਿਬ ਨੂੰ ਗੜ੍ਹੀ ਛੱਡਣ ਦਾ ਹੁਕਮ ਦਿੱਤਾ। ਗੁਰੂ ਸਾਹਿਬ ਨੇ ਇਸ ਹੁਕਮ ਨੂੰ ਮੰਨਿਆ। ਜਦੋਂ ਗੁਰੂ ਸਾਹਿਬ ਨੇ ਬਾਬਾ ਬੰਦਾ ਬਹਾਦਰ ਨੂੰ ਜ਼ੁਲਮ ਦੇ ਖ਼ਿਲਾਫ਼ ਲੜਨ ਲਈ ਪੰਜਾਬ ਭੇਜਿਆ ਤਾਂ ਵੀ ਪੰਜ ਸਿੰਘਾਂ ਦਾ ਜਥਾ ਨਾਲ ਭੇਜਿਆ ਅਤੇ ਇਹ ਵੀ ਕਿਹਾ ਕਿ ਇਨ੍ਹਾਂ ਪੰਜ ਸਿੱਖਾਂ ਦੀ ਸਲਾਹ ਨਾਲ ਹੀ ਸਾਰੇ ਫੈਸਲੇ ਲੈਣੇ ਹਨ।

ਭਾਈ ਕਾਹਨ ਸਿੰਘ ਮੁਤਾਬਿਕ ਸਿੱਖ ਇਤਿਹਾਸ ਵਿੱਚ ਪੰਜ ਸਿੱਖਾਂ ਤੋਂ ਸਲਾਹ ਲੈਣ ਦਾ ਜਿਕਰ ਇਸ ਤੋਂ ਪਹਿਲੇ ਵੀ ਆਉਂਦਾ ਹੈ, ਪਰ ਇਹ ਸਾਰੇ ਨਾਮ ਸਾਂਭੇ ਨਹੀਂ ਗਏ। ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਵੇਲੇ ਵੀ ਪੰਜ ਸਿੱਖ ਸਲਾਹਕਾਰਾਂ ਦਾ ਨਾਮ ਆਉਂਦਾ ਹੈ, ਜਿਸ ਵਿੱਚ ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪਿਰਾਣਾ, ਭਾਈ ਲੰਗਾਹ ਅਤੇ ਭਾਈ ਪੈੜਾ ਜੀ ਹਨ। ਇਸੇ ਤਰ੍ਹਾਂ ਨੌਂਵੀਂ ਪਾਤਸ਼ਾਹੀ ਵੇਲੇ ਵੀ ਪੰਜ ਸਿੱਖ-ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਊਦਾ ਅਤੇ ਭਾਈ ਗੁਰਦਿੱਤਾ ਜੀ ਦਾ ਨਾਮ ਆਉਂਦਾ ਹੈ।

ਸਿੱਖਾਂ ਨੇ ਪੰਜ ਪਿਆਰਿਆਂ ਦੇ ਫੈਸਲੇ ਨੂੰ ਹਮੇਸ਼ਾ ਅਹਿਮ ਮੰਨਿਆ ਅਤੇ ਸਤਿਕਾਰ ਦਿੱਤਾ। ਜਦੋਂ ਜ਼ਕਰੀਆ ਖਾਨ ਨੇ ਸਿੱਖਾਂ ਨੂੰ ਨਵਾਬੀ ਦੀ ਪੇਸ਼ਕਸ਼ ਕੀਤੀ ਤਾਂ ਵੀ ਫੈਸਲਾ ਪੰਜ ਪਿਆਰਿਆਂ ਵਲੋਂ ਹੀ ਲਿਆ ਗਿਆ ਸੀ। ਜਦੋਂ ਪੰਜ ਪਿਆਰਿਆਂ ਨੇ ਘੋੜਿਆਂ ਦੀ ਸੇਵਾ ਕਰ ਰਹੇ ਸਰਦਾਰ ਕਪੂਰ ਸਿੰਘ ਨੂੰ ਨਵਾਬੀ ਲਈ ਚੁਣਿਆ ਤਾਂ ਸਰਦਾਰ ਕਪੂਰ ਸਿੰਘ ਨੇ ਕਿਹਾ ਕਿ ਨਵਾਬੀ ਪੰਜ ਪਿਆਰਿਆਂ ਦੇ ਚਰਨਾਂ ਨੂੰ ਛੁਹਾ ਕੇ ਦਿੱਤੀ ਜਾਵੇ। ਇਸ ਤਰ੍ਹਾਂ ਪੰਜ ਪਿਆਰਿਆਂ ਦਾ ਰੁਤਬਾ ਬਹੁਤ ਉਚਾ ਹੈ।

ਖਾਲਸਾ ਪੰਥ: ਇਤਿਹਾਸ ਦੇ ਪੰਨੇ ਫਰੋਲਣ 'ਤੇ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਗਮਨ ਉਸ ਦੌਰ ਵਿੱਚ ਹੋਇਆ, ਜਦੋਂ ਸਾਰਾ ਦੇਸ਼ ਬਹੁਤ ਤਪਸ਼ ਵਿਚੋਂ ਲੰਘ ਰਿਹਾ ਸੀ। ਦੇਸ਼ ਸਮਾਜਿਕ ਤਲ 'ਤੇ ਕਲੇਸ਼ ਵਿੱਚ ਸੀ, ਧਾਰਮਿਕ ਤਲ 'ਤੇ ਪਾਖੰਡ ਵਿੱਚ ਅਤੇ ਸਿਆਸੀ ਤਲ 'ਤੇ ਗੁਲਾਮੀ ਦੀਆਂ ਜ਼ੰਜੀਰਾਂ ਦੀ ਜਕੜ ਵਿੱਚ ਸੀ। ਗੁਰੂ ਸਾਹਿਬ ਨੇ ਕਈ ਕਰਮ-ਕਾਂਡਾਂ, ਵਹਿਮਾਂ-ਭਰਮਾਂ, ਕੁਰੀਤੀਆਂ ਅਤੇ ਜ਼ੁਲਮਾਂ ਖ਼ਿਲਾਫ਼ ਆਵਾਜ਼ ਚੁੱਕੀ। ਗੁਰੂ ਸਾਹਿਬ ਦੁਆਰਾ ਔਰਤਾਂ ਦੀ ਬਰਾਬਰੀ ਦੀ ਗੱਲ ਆਖਣਾ ਇੱਕ ਨਵਾਂ ਇਨਕਲਾਬ ਸ਼ੁਰੂ ਕਰਨਾ ਸੀ। ਇਸ ਦੌਰ ਤੋਂ ਖ਼ਾਲਸੇ ਦੀ ਸਾਜਨਾ ਤੱਕ ਕਰੀਬ 250 ਸਾਲ ਦਾ ਸਮਾਂ ਲੱਗਾ। ਸਿੰਘ ਦੀ ਉਪਾਧੀ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਲੋਕਾਂ ਨੂੰ ਅਣਖ ਨਾਲ ਜਿਊਣਾ ਸਿਖਾਇਆ। ਖ਼ਾਲਸੇ ਦੇ ਪ੍ਰਗਟ ਹੋਣ ਨੂੰ ਗੁਰੂ ਸਾਹਿਬ ਨੇ ਪਰਮਾਤਮਾ ਦਾ ਹੁਕਮ ਦੱਸਿਆ।

ਖਾਲਸਾ ਅਕਾਲ ਪੁਰਖ ਕੀ ਫੌਜ॥
ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ ਖ਼ਾਲਸਾ ਗੁਰੂ ਹੈ ਅਤੇ ਗੁਰੂ ਖ਼ਾਲਸਾ ਹੈ, ਇਸ ਕਰਕੇ ਕੋਈ ਵੀ ਇਨ੍ਹਾਂ ਵਿੱਚ ਫਰਕ ਨਾ ਸਮਝੇ। ਗੁਰੂ ਸਾਹਿਬ ਨੇ ਖ਼ਾਲਸੇ ਨੂੰ ਆਪਣਾ ਪਰਿਵਾਰ, ਆਪਣੀ ਜਿੰਦ-ਜਾਨ ਅਤੇ ਰੂਹ ਵਿੱਚ ਸਮੋਂਦਿਆਂ ਸਨਮਾਨ ਬਖਸਿਆ। ਗੁਰੂ ਸਾਹਿਬ ਦਾ ਫੁਰਮਾਨ ਹੈ,

ਖ਼ਾਲਸਾ ਮੇਰੋ ਰੂਪ ਹੈ ਖਾਸ॥
ਖ਼ਾਲਸੇ ਮਿਹ ਹੌ ਕਰੌ ਨਿਵਾਸ॥
ਖ਼ਾਲਸਾ ਮੇਰੋ ਪਿੰਡ ਪਰਾਨ॥
ਖ਼ਾਲਸਾ ਮੇਰੀ ਜਾਨ ਕੀ ਜਾਨ॥
ਖ਼ਾਲਸਾ ਮੇਰੋ ਸਤਿਗੁਰ ਪੂਰਾ॥
ਖ਼ਾਲਸਾ ਮੇਰੋ ਸੱਜਨ ਸੂਰਾ॥
ਯਾ ਮੈ ਰੰਚ ਨ ਮਿਥਿਆ ਭਾਖੀ॥
ਪਾਰਬ੍ਰਹਮ ਗੁਰ ਨਾਨਕ ਸਾਖੀ॥

ਸਾਹਿਬਜ਼ਾਦਿਆਂ ਦੀ ਕੁਰਬਾਨੀ ਤੋਂ ਬਾਅਦ ਸਰਬੰਸਦਾਨੀ ਪਿਤਾ ਨੇ ਐਲਾਨਿਆ,

ਇਨ ਪੁਤਰਨ ਕੇ ਸੀਸ ਪਰ
ਵਾਰ ਦੀਏ ਸੁਤ ਚਾਰ॥
ਚਾਰ ਮੂਏ ਤੋ ਕਯਾ ਭਇਆ
ਜੀਵਤ ਕਈ ਹਜ਼ਾਰ॥

ਇਸ ਤੋਂ ਸਹਿਜੇ ਹੀ ਖ਼ਾਲਸੇ ਦੀ ਅਹਿਮੀਅਤ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।

ਜਬ ਲਗ ਖ਼ਾਲਸਾ ਰਹੇ ਨਿਆਰਾ॥
ਤਬ ਲਗ ਤੇਜ ਕੀਉ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰੋਂ ਇਨ ਕੀ ਪ੍ਰਤੀਤ॥

ਜੇ ਗੁਰੂ ਸਾਹਿਬਾਨਾਂ ਦੇ ਜੀਵਨ ਵੱਲ ਝਾਤ ਮਾਰੀਏ ਅਤੇ ਖ਼ਾਲਸੇ ਨੂੰ ਸਮਝਣ ਦੀ ਕੋਸਿਸ਼ ਕਰੀਏ ਤਾਂ 'ਖਾਲਸਾ' ਉਹ ਹੈ, ਜੋ ਸਿਰਫ ਇੱਕ ਅਕਾਲ-ਪੁਰਖ ਨੂੰ (**ਬਾਕੀ ਸਫ਼ਾ 31 'ਤੇ**)



# ਵੈਸਾਖੀ ਖ਼ਾਲਸਾ ਸਾਜਣਾ ਦਿਵਸ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਵੈਸਾਖ ਮਹੀਨੇ ਦੇ ਪਹਿਲੇ ਦਿਨ ਵੈਸਾਖੀ ਆਉਂਦੀ ਹੈ। ਇਸ ਸਮੇਂ ਮੌਸਮ ਵਿੱਚ ਤਬਦੀਲੀ ਆਉਂਦੀ ਹੈ। ਹਾੜ੍ਹੀ ਦੀ ਫਸਲ, ਕਣਕ ਦੀਆਂ ਵਾਢੀਆਂ ਮੁੱਕ ਜਾਂਦੀਆਂ ਹਨ। ਕਿਸਾਨ ਕੌਲ ਸਮੇਂ ਦੀ ਵਿਹਲ ਹੁੰਦੀ ਹੈ। ਫਸਲ ਦੀ ਵੱਟਕ ਦਾ ਪੈਸਾ ਹੁੰਦਾ ਹੈ। ਉਹ ਬੇਫਿਕਰ ਮਸਤੀ ਵਿੱਚ ਝੂਮਦਾ ਹੈ। ਵਿਸਾਖੀ ਦੇ ਸੱਭਿਆਚਾਰਕ ਮੇਲੇ ਮਨਾਉਂਦਾ ਹੈ। ਧਾਰਮਿਕ ਤੌਰ 'ਤੇ ਵੈਸਾਖੀ ਦਿਹਾੜਾ ਗੁਰਦੁਆਰਿਆਂ ਵਿੱਚ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ, ਇਸ ਦਿਨ ਵਿਸ਼ੇਸ਼ ਦੀਵਾਨ ਸਜਦੇ ਹਨ। ਅਖੰਡ ਪਾਠ , ਕਥਾ, ਕੀਰਤਨ, ਕਵੀਸ਼ਰੀ, ਧਾਰਮਿਕ ਕਵੀ ਦਰਬਾਰ ਅਤੇ ਢਾਡੀ ਬੀਰ ਰਸੀ ਵਾਰਾਂ ਗਾਉਂਦੇ ਹਨ। ਇਸ ਤਰਾਂ ਵੈਸਾਖੀ ਦੇ ਸਜੇ ਦੀਵਾਨਾਂ ਵਿੱਚ ਸੰਗਤਾਂ ਨੂੰ ਗੌਰਵਮਈ ਧਾਰਮਿਕ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਸਿੱਖ ਪੰਥ ਵਿੱਚ ਸੰਨ 1699 ਦੀ ਵਿਸਾਖੀ ਦਾ ਦਿਹਾੜਾ ਇੱਕ ਮਹੱਤਵਪੂਰਨ ਦਿਵਸ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਵਿੱਚ ਹੁਕਮਨਾਮੇ ਭੇਜੇ ਕਿ ਪਹਿਲੀ ਵੈਸਾਖ 1756 (30 ਮਾਰਚ 1699) ਨੂੰ ਸੰਗਤਾਂ ਅਨੰਦਪੁਰ ਸਾਹਿਬ ਪਹੁੰਚਣ। ਮਾਰਚ 30, ਕੇਸਗੜ੍ਹ ਦੇ ਕਿਲੇ ਵਿੱਚ ਦੀਵਾਨ ਸਜਾਇਆ ਗਿਆ। ਵੱਡੇ ਦੀਵਾਨ ਅਸਥਾਨ ਦੇ ਨਾਲ ਇੱਕ ਤੰਬੂ ਲਗਾਇਆ ਗਿਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਗੁਰੂ ਸਾਹਿਬ ਜੀ ਨੇ ਆਪਣੀ ਕਿਰਪਾਨ ਲਹਿਰਾਅ ਕੇ ਗਜਵੀਂ ਆਵਾਜ਼ ਵਿੱਚ ਫੁਰਮਾਇਆ : ਕੋਈ ਹੈ ਜੋ ਧਰਮ ਉੱਤੇ ਜਾਨ ਵਾਰਨ ਲਈ ਤਿਆਰ ਹੈ। ਇੱਕ ਸਨਾਟੇ ਵਿਚੋਂ ਭਾਈ ਦਇਆ ਰਾਮ ਲਾਹੌਰ ਵਾਲੇ ਉੱਠੇ ਤੇ ਆਪਣਾ ਸੀਸ ਭੇਂਟ ਕੀਤਾ। ਫਿਰ ਵਾਰੀ ਵਾਰੀ ਭਾਈ ਧਰਮ ਸਿੰਘ ਦਿੱਲੀ, ਭਾਈ ਹਿੰਮਤ ਰਾਏ ਜਗਨਨਾਥ ਪੁਰੀ, ਭਾਈ ਮੋਹਕਮ ਚੰਦ ਦੁਆਰਕਾ ਤੇ ਭਾਈ ਸਾਹਿਬ ਚੰਦ ਬਿਦਰ ਦੇ ਰਹਿਣ ਵਾਲਿਆਂ ਨੇ ਸੀਸ ਗੁਰੂ ਹਵਾਲੇ ਕੀਤੇ। ਗੁਰੂ ਸਾਹਿਬ ਜੀ ਨੇ ਕਿਹਾ ਕਿ ਕਿਉਂਕਿ ਪੰਜਾਂ ਨੇ ਆਪੇ ਤੋਂ ਉਪਰ ਉਠ ਕੇ ਗੁਰੂ ਦੇ ਪਿਆਰੇ ਬਣੇ ਹਨ। ਪੰਜਾਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਦਾ ਨਾਮ ਦਿਤਾ। ਫਿਰ ਪੰਜਾਂ ਤੋਂ ਆਪ ਅੰਮ੍ਰਿਤ ਛੱਕਣ ਦੀ ਯਾਚਨਾ ਕੀਤੀ ਤੇ ਅੰਮ੍ਰਿਤ ਛੱਕਿਆ। ਇਹ ਸਿੱਖ ਪੰਥ ਵਿੱਚ ਇੱਕ ਅਦੁੱਤੀ ਇਨਕਲਾਬ ਸੀ। ਭਾਈ ਗੁਰਦਾਸ ਜੀ ਅਨੁਸਾਰ

ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦਹੇਲਾ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਉਸ ਦਿਨ 3000 ਸਿੰਘਾਂ ਨੇ 'ਖੰਡੇ ਬਾਟੇ' ਦਾ ਅੰਮ੍ਰਿਤ ਛਕਿਆ। ਖਾਲਸਾ ਪੰਥ ਦੀ ਨੀਂਹ ਰਖੀ ਗਈ। ਉਦੋਂ ਇੱਕ ਪਾਸੇ ਅਮਨ ਪਸੰਦ ਸੰਤ ਸੁਭਾਅ ਹਕੂਮਤਾਂ ਦੇ ਦਬਾਏ ਸਤਾਏ ਲੋਕ ਸਨ। ਜਿੰਨਾਂ ਤੇ ਜਬਰੀ ਧਰਮ ਪ੍ਰੀਵਰਤਨ ਦੇ ਜੁਲਮ ਢਾਹੇ ਜਾਂਦੇ ਸਨ। ਨਿਕੰਮੇ, ਗਰੀਬ, ਕਮਜੋਰ ਜਾਣੇ ਜਾਂਦੇ ਸਨ। ਦੂਸਰੇ ਪਾਸੇ ਜਾਲਮ ਹਾਕਮ ਜਿੰਨਾ ਕੋਲ ਵਿਸ਼ਾਲ ਸਾਮਰਾਜ ਅਤੇ ਰਾਜ ਪ੍ਰਬੰਧ ਦੇ ਨਾਲ ਵੱਡੀ ਫੋਜ਼ੀ ਤਾਕਤ ਸੀ। ਗੁਰੂ ਸਾਹਿਬ ਜੀ ਨੇ ਜਨ ਸਧਾਰਣ ਵਿੱਚ ਚੜ੍ਹਦੀ ਕਲਾ ਦਾ ਜੋਸ਼ ਭਰਨ ਲਈ ਉਪਦੇਸ਼ ਦਿੱਤਾ ਕਿ ਜਦੋਂ ਸ਼ਾਂਤਮਈ ਢੰਗਾਂ ਦਾ ਹਰ ਵਸੀਲਾ ਵੀ ਜ਼ੁਲਮ ਨਾ ਰੋਕ ਸਕੇ, ਤਾਂ ਹੱਥਿਆਰ ਉਠਾਉਣਾ ਜਾਇਜ਼ ਬਣ ਜਾਂਦਾ ਹੈ। ਜਿਸ ਨਾਲ ਆਪਣੀ ਦੱਬੀ ਕੁੱਚਲੀ ਲਿਤਾੜੰ ਪ੍ਰਜਾ ਦੀ ਰਾਖੀ ਕੀਤੀ ਜਾਵੇ। ਗੁਰੂ ਸਾਹਿਬ ਜੀ ਨੇ ਅਜਿਹਾ ਫੌਜ਼ੀ ਖਾਲਸਾ ਸਾਜਿਆ ਜਿਸ ਨੇ ਕੌਮ ਦੀ ਤਕਦੀਰ ਬਦਲ ਦਿੱਤੀ। ਜਿਸਨੇ ਮੁਗਲ ਸਾਮਰਜ ਦੇ ਹਰ ਜਜੁਲਮ ਦਾ ਡਟ ਕੇ ਮੁਕਾਬਲਾ ਕੀਤਾ। ਬੜੇ ਬਿਖੜੇ ਪੈਂਡਿਆਂ ਅਤੇ ਜੋਖਮਾਂ ਵਿਚੋਂ ਲੰਘ ਕੇ ਸੰਗਠਿਤ ਖਾਲਸਾ ਰਾਜ ਸਥਾਪਤ ਕੀਤਾ। ਆਪਾ ਵਾਰਨ ਦੀ ਕਸਵੱਟੀ ਦਾ ਸਿਧਾਂਤ ਸਾਨੂੰ ਗੁਰਬਾਣੀ ਵਿਚੋਂ ਮਿਲਦਾ ਹੈ

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰਿ ਧਰਿ ਤਲੀ ਗਲੀ ਮੇਰੀ ਆਉ॥ ਅੰਗ 1412

ਗੁਰੂ ਸਾਹਿਬ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਵੱਖ ਵੱਖ ਜਾਤਾਂ ਵਿਚੋਂ ਕੀਤੀ ਅਤੇ ਪੰਥ ਨੂੰ ਏਕਤਾ ਦੀ ਲੜੀ ਵਿੱਚ ਪਰੋ ਦਿਤਾ। ਨੀਚੋ ਊਚ ਕਰੇ ਮੇਰਾ ਸੁਆਮੀ ਦੇ ਪ੍ਰਵਚਨ ਨੂੰ ਪ੍ਰਤਖ ਸਿੱਧ ਕਰ ਵਿਖਾਇਆ। ਸਿੰਘਾਂ ਨੂੰ ਸ਼ਸ਼ਤਰਧਾਰੀ ਬਣਾ ਕੇ ਸੂਰਬੀਰ ਕੌਮ ਦੀ ਨੀਂਹ ਰਖੀ। ਮੀਰੀ ਪੀਰੀ ਦੇ ਸਿੱਖ ਸਿਧਾਂਤ ਨੂੰ ਦ੍ਰਿੜ ਕਰਵਾਇਆ। ਗੁਰੂ ਸਾਹਿਬ ਜੀ ਨੇ ਕੌਮ ਦੀ ਅਗਵਾਈ ਕਰਦਿਆਂ ਗੁਰੂ ਪੰਥ ਦੇ ਸੰਕਲਪਿਤ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨਾਲ ਜੋੜਿਆ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਅਤੇ ਖਾਲਸੇ ਦੇ ਸਬੰਧਾਂ ਨੂੰ ਹਲੀਮੀ ਭਾਵ ਵਿੱਚ ਕਿਹਾ ਕਿ

ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈ
ਨਹੀ ਮੈ ਸੋ ਗਰੀਬ ਕਰੋੜ ਪਰੈ ॥

ਸਮੁੱਚੀ ਮਾਨਵਤਾ ਦੇ ਭਲੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਵਿੱਚ ਆਤਮ ਬਲ ਅਤੇ ਸਵੈ ਮਾਣ ਦਾ ਵਿਸ਼ਵਾਸ ਜਾਗ੍ਰਿਤ ਕਰਕੇ ਖਾਲਸੇ ਨੂੰ ਸੰਤ ਸਿਪਾਹੀ ਦਾ ਅਸਲੀ ਰੂਪ ਦਿਤਾ। ਸਿੱਖ ਸਿਧਾਂਤ ਅਨੁਸਾਰ ਕੋਈ ਤਬਦੀਲੀ ਨਹੀਂ ਸੀ ਬਲਕਿ ਗੁਰੂ ਨਾਨਕ ਦੇਵ ਸਾਹਿਬ ਜੀ ਤੋਂ ਸਥਾਪਤ ਮਨੋਰਥ ਨੂੰ ਪੱਕਾ ਕਰ ਦਿਤਾ ਕਿ ਖਾਲਸੇ ਸਮਾਜ ਦੇ ਰੱਖਿਅਕ ਅਤੇ ਸੇਵਕ ਹੋਣ। ਸਮਾਜ ਵਿਚੋਂ ਦੁਖਾਂ ਦਾ ਨਾਸ ਕਰਨ ਲਈ ਦੋਖੀਆਂ ਦੇ ਜ਼ੁਲਮ ਖਿਲਾਫ਼ ਲੜਨ। ਜ਼ੁਲਮ ਦੀ ਸਤਾਈ ਜਨਤਾ ਅਮਨ ਦਾ ਜੀਵਨ ਬਸਰ ਕਰ ਸਕੇ। ਗੁਰ ਸ਼ੋਭਾ ਦਾ ਕਰਤਾ ਸੈਨਾਪਤੀ ਲਿਖਦਾ ਹੈ

ਅਸੁਰ ਸਿੰਘਾਰਬੇ ਕੋ ਦੁਰਜਨ ਕੋ ਮਾਰ ਬੋ ਕੋ।
ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ।

ਜਿਹੜੇ ਚਿੜੀਆਂ ਦੇ ਫੜਕਣ ਤੋਂ ਡਰ ਜਾਂਦੇ ਸਨ,ਨੀਵੀਂਆਂ ਜਾਤਾਂ ਦੇ ਨਿਕੰਮੇ ਸਮਝ ਜਾਂਦੇ ਸਨ, ਉਹਨਾਂ ਵਿੱਚ ਚੜ੍ਹਦੀ ਕਲਾ ਦੀ ਭਾਵਨਾ ਭਰ ਦਿਤੀ।

ਸ੍ਰੀ ਅਸਿਪਾਨਜ਼ ਤਬੈ ਕਹਾਊਂ
ਚਿੜੀਆਂ ਤੋਂ ਜਬ ਬਾਜ਼ ਤੁੜਾਊਂ
ਜਾਂ
ਸਵਾ ਲਾਖ ਸੇ ਏਕ ਲੜਾਊਂ
ਤਬੈ ਗੋਬਿੰਦ ਸਿੰਘ ਨਾਮੁ ਕਹਾਊਂ
*******
ਲਘੁ ਜਾਤਨ ਕੋ ਬਡਪਨ ਦੇ ਹੈਂ
********
ਇਨਹੀ ਗਰੀਬ ਸਿੰਘਨ ਕੋ ਦੇਉਂ ਪਾਤਿਸ਼ਾਹੀ
ਯੇ ਯਾਦ ਕਰੇ ਹਮਰੀ ਗੁਰਆਈ।
ਜੀਵਤ ਰਹੇ ਤੋ ਰਾਜ ਕਰੇਂ ਹੈਂ
ਮਰਹਿ ਤੋਂ ਗੁਰਪੁਰ ਜਾਈਂ

ਗੁਰੂ ਪਾਤਸ਼ਾਹ ਨੇ ਇੱਕ ਸਰੂਪ ਹੀ ਨਹੀਂ ਬਲਕਿ ਜੀਵਨ ਮੰਤਵ ਵਿਸ਼ਵਾਸ਼ ਤੇ ਅਸੂਲਾਂ ਦੀ ਸਮਰੂਪਤਾ ਵੀ ਬਖਸ਼ੀ। ਪਹਿਲੇ ਰੀਤੀ ਰਿਵਾਜ਼ਾਂ, ਝੂਠੇ ਕਰਮਕਾਡਾਂ, ਵੰਡੀਆਂ, ਮਨੂੰ ਸ਼ਾਸ਼ਤਰ ਵਰਣ, ਜਾਤ-ਪਾਤ ਤੋਂ ਖਾਲਸੇ ਨੂੰ ਆਜ਼ਾਦ ਕਰ ਦਿਤਾ। ਖਾਲਸਾ ਕੇਵਲ ਇੱਕ ਸਰਬ ਸ਼ਕਤੀਮਾਨ ,ਸ਼੍ਰਿਸ਼ਟੀ ਦੇ ਸਾਜਨਹਾਰ , ਪਾਲਣਹਾਰ ਪ੍ਰਮੇਸ਼ਰ ੧ੳ 'ਤੇ ਹੀ ਵਿਸ਼ਵਾਸ਼ ਰਖੇਗਾ। ਇੱਕ ਅਕਾਲ ਪੁਰਖ ਦੀ ਸਿਫ਼ਤ ਸਲਾਹ ਕਰੇਗਾ। ਖਾਲਸਾ ਵਾਹਿਗੁਰੂ ਦਾ ਹੈ ਤੇ ਫਤਹਿ ਵੀ ਅਕਾਲ ਪੁਰਖ ਵਾਹਿਗੁਰੂ ਦੀ ਹੈ। ਖਾਲਸਾ ਅਕਾਲੀ ਪੁਰਖ ਦੇ ਹੁਕਮ ਤੋਂ ਉਤਪੰਨ ਹੋਇਆ ਹੈ। ਇਹ ਮਿਟ ਨਹੀਂ ਸਕਦਾ। ਗੁਰੂ ਜੀ ਨੇ ਸਿੰਘਾਂ ਨੂੰ ਅਹਿਸਾਸ ਕਰਵਾਇਆ ਕਿ ਉਹ ਬਲ ਹੀਣ ਨਹੀ ਹਨ, ਸਗੋਂ ਉਹਨਾਂ ਨੂੰ ਆਪਣੀ ਅੰਦਰੂਨੀ ਸ਼ਕਤੀ ਨੂੰ ਪਛਨਣ ਦੀ ਲੋੜ ਹੈ। ਜੋ ਚੜਦੀ ਕਲਾ ਦਾ ਜੀਵਨ ਪ੍ਰਦਾਨ ਕਰਦੀ ਹੈ।

ਵਿਸਾਖੀ ਸਾਨੂੰ ਦ੍ਰਿੜ ਕਰਵਾਉਂਦੀ ਹੈ ਕਿ ਜੋ ਸੱਚਾ ਖਾਲਸਾ ਹੈ ਉਹ ਪਰਮਾਤਮਾ ਦੀ ਪਰਮਸਤ ਹੋਂਦ ਨੂੰ ਮੰਨਦਾ ਹੈ। ਕਿਸੇ ਹੋਰ ਨੂੰ ਨਹੀਂ ਮੰਨਦਾ। ਪਰਮਾਤਮਾ ਦੀ ਆਸਥਾ ਵਿੱਚ ਗੁਰਉਪਦੇਸ਼ ਅਨੁਸਾਰ ਝੂਠੇ ਕਰਮਕਾਂਡਾ, ਵਹਿਮਾਂ, ਭਰਮਾਂ,ਪਾਖੰਡਾਂ ਦਾ ਵਿਰੋਧ ਕਰਦਾ ਹੈ । ਬਰਾਬਰੀ ਦੇ ਭਾਈਚਾਰੇ ਦੀ ਸਥਾਪਨਾ ਕਰਦਾ ਹੈ। ਉਸੇ ਖਾਲਸੇ ਦੀ ਚੜ੍ਹਦੀਕਲਾ ਦੀ ਕ੍ਰਿਪਾ ਨਾਲ ਯੁੱਧ ਜਿੱਤੇ ਗਏ। ਮਾਇਆ ਆਈ, ਪਾਪਾਂ ਦਾ ਨਾਸ ਹੋਇਆ। ਅਧਿਆਤਮਕ ਵਿਦਿਆ ਵਿੱਚ ਉਂਨਤੀ ਹੋਈ। ਸ਼ਤਰੂਆਂ ਦਾ ਸੰਘਾਰ ਹੋਇਆ। ਇਹ ਸਭ ਕੁਝ ਖਾਲਸੇ ਕਰਕੇ ਹੋਇਆ। ਗੁਰੂ ਜੀ ਨੇ ਆਪਣੇ ਪੂਰਵਜ਼ਾਂ ਦੇ ਸਿਧਾਂਤ ਅਨੁਕੂਲ ਆਮ ਜਨਤਾ ਨਾਲ ਖੜੇ ਹੋਏ। ਗੁਰੂ ਸਾਹਿਬ ਜੀ ਦਾ ਉਪਦੇਸ਼ ਹੈ ਕਿ ਕਹਿਣੀ ਅਤੇ ਕਥਨੀ ਵਿੱਚ ਖਾਲਸਾ ਪੱਕਾ ਹੋਵੇ। ਮਨ ਵਿੱਚ ਹੋਰ ਮੁੱਖ ਵਿੱਚ ਹੋਰ ਨਾ ਹੋਵੇ। ਸੱਚਾਈ 'ਤੇ ਚਲਣਾ ਨੇਕੀ ਅਤੇ ਧਰਮ ਦਾ ਕੰਮ ਹੈ। ਸੰਗਤ ਨੂੰ ਸ਼ਬਦ ਗਿਆਨ ਨਾਲ ਜੋੜਿਆ। ਖਾਲਸਾ ਗੁਰੂ ਦੇ ਸਨਮੁੱਖ ਹੋ ਕੇ ਅਰਦਾਸ ਕਰੇ। ਪ੍ਰਮਾਤਮਾ ਨਾਲ ਸਿੱਧਾ ਰਾਬਤਾ ਬਣਾਵੇ। ਗੁਰੂ ਸਾਹਿਬ ਜੀ ਨੇ ਖਾਲਸੇ ਨੂੰ ਮੁਕਤੀ ਦਾ ਹੱਕਦਾਰ ਬਣਾ ਦਿੱਤਾ। ਸਿੰਘਾਂ ਨੂੰ ਬੁਰਾਈਆਂ ਵਿਕਾਰਾਂ ਤੋਂ ਬਚਾ ਕੇ ਸ਼ਕਤੀ ਪ੍ਰਦਾਨ ਕਰਕੇ ਜੋਰਾਵਰ ਬਣਾ ਦਿੱਤਾ। ਗੁਰੂ ਸਾਹਿਬ ਜੀ ਦੀ ਉੱਤਮ ਉਪਦੇਸ਼ ਹੈ ਕਿ ਖਾਲਸਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜੇ। ਸ਼ਬਦ ਰਾਹੀਂ ਗਿਆਨਵਾਨ ਬਣੇ। ਵਿਦਿਅਕ, ਅਧਿਆਤਮਕ, ਆਰਥਿਕ, ਰਜਨੀਤਕ ਅਤੇ ਵਿਵਹਾਰ ਵਿੱਚ ਸੂਝਵਾਨ ਬਣੇ।

ਅੰਤਿਕਾ : ਵੈਸਾਖੀ ਸਿੱਖ ਪੰਥ ਦਾ ਅਨਿਖੜਵਾਂ ਅੰਗ ਬਣ ਗਈ। ਖਾਲਸੇ ਦਾ ਜਨਮ ਦਿਨ ਹੋਣ ਕਰਕੇ ਇਹ ਸਿੱਖਾਂ ਦਾ ਮਹੱਤਵਪੂਰਨ ਦਿਹਾੜਾ ਹੈ। ਵੈਸਾਖੀ ਮਨਾਉਣ ਦਾ ਅਸਥਾਨ ਅੰਮ੍ਰਿਤਸਰ ਬਣ ਗਿਆ ਸੀ। ਅੰਮ੍ਰਿਤਸਰ ਦੀ ਮਹੱਤਤਾ ਗੁਰੂ ਰਾਮਦਾਸ ਸਾਹਿਬ ਜੀ ਦੇ ਸਮੇਂ ਤੋਂ ਹੈ, ਜੋ ਸਿੱਖ ਧਰਮ ਦਾ ਕੇਂਦਰ ਬਣਿਆ ਹੈ ਸਿੱਖ ਇਤਿਹਾਸ ਦੀਪਮਾਲਾ ਅਤੇ ਵੈਸਾਖੀ ਨਾਲ ਜੁੜਿਆ ਹੈ। ਵੈਸਾਖੀ ਸਾਡੇ ਲਈ ਉਹ ਦਿਹਾੜਾ ਬਣ ਗਿਆ ਜੋ ਸਾਨੂੰ ਜ਼ੁਲਮਾਂ ਦਾ ਟਾਕਰਾ ਕਰਨ ਲਈ ਪ੍ਰੇਰਨਾ ਦਿੰਦਾ ਹੈ। ਪੰਥ ਭਲਾਈ ਲਈ ਗੁਰਮਤੇ ਕਰਨ ਦਾ ਮੌਕਾ ਦਿੰਦਾ ਹੈ। ਕੌਮ ਨੂੰ ਮਜਬੂਤ ਕਰਨ ਦਾ ਉਤਸ਼ਾਹ ਭਰਦਾ ਹੈ। ਵੈਸਾਖੀ ਖਾਲਸੇ ਦਾ ਪ੍ਰਣ ਹੈ ਕਿ ਉਹ ਜ਼ੁਲਮਾਂ ਨਲ ਟਕਰਾਉਂਦਾ ਰਹੇਗਾ ਅਤੇ ਅਤਿਆਚਾਰ ਦਾ ਮੁਕਾਬਲਾ ਕਰਨ ਲਈ ਤਤਪਰ ਰਹੇਗਾ, ਚੜ੍ਹਦੀਕਲਾ ਵਿੱਚ ਵੱਧਦਾ ਰਹੇਗਾ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ



28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375




# ਸਮਾਜ ਵਿੱਚ ਔਰਤਾਂ ਨੂੰ ਮਾਣ-ਸਨਮਾਨ ਜ਼ਰੂਰੀ

ਡਾ. ਪ੍ਰਿਤਪਾਲ ਸਿੰਘ ਮਹਿਰੋਕ



ਭਾਰਤੀ ਸਮਾਜ ਦੀਆਂ ਜੜ੍ਹਾਂ ਉਸ ਸਮਾਜ ਵਿੱਚ ਹਨ ਜਿਥੇ ਪੁਰਸ਼ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਗ਼ੁਲਾਮਾਂ ਵਰਗੀ ਜ਼ਿੰਦਗੀ ਗੁਜ਼ਾਰਨੀ ਪੈਂਦੀ ਸੀ। ਉਸ ਨੂੰ ਜਨਮ ਸਮੇਂ ਸਰਾਪ, ਵਿਆਹ ਸਮੇਂ ਭਾਰ ਅਤੇ ਵਿਆਹ ਤੋਂ ਬਾਅਦ ਬੋਝਲ ਤੇ ਅਨੇਕ ਪ੍ਰਕਾਰ ਦੇ ਦਬਾਵਾਂ ਹੇਠ ਜਿਊਣਾ ਪੈਂਦਾ ਸੀ।ਔਰਤ ਸਮੇਂ ਸਮੇਂ ਹਿੰਸਾ, ਸ਼ੋਸ਼ਣ ਤੇ ਅਪਰਾਧ ਦੀ ਸ਼ਿਕਾਰ ਹੁੰਦੀ ਰਹੀ ਹੈ। ਇੱਕੀਵੀਂ ਸਦੀ ਤੱਕ ਪਹੁੰਚ ਕੇ ਔਰਤ ਅਬਲਾ ਨਹੀਂ ਸੀ ਰਹਿਣੀ ਚਾਹੀਦੀ ਪਰ ਭਾਰਤ ਵਰਗੇ ਦੇਸ਼ ਵਿੱਚ ਔਰਤ ਅਜੇ ਵੀ ਬਹੁਤੀਆਂ ਹਾਲਤਾਂ ਵਿੱਚ ਗੁਰਬਤ, ਜਹਾਲਤ, ਅਨਪੜ੍ਹਤਾ, ਅਗਿਆਨਤਾ, ਗ਼ੁਲਾਮੀ ਆਦਿ ਦੀ ਅਵਸਥਾ ਵਿੱਚ ਵਿਚਰ ਰਹੀ ਹੈ। ਕੋਈ ਸਮਾਂ ਸੀ ਜਦੋਂ ਧੀ ਦੇ ਜਨਮ ਲੈਣ ਨਾਲ ਪੁਰਸ਼ ਸਮਾਜ ਆਪਣੇ ਮਾਣ-ਸਨਮਾਨ ਨੂੰ ਢਾਹ ਲੱਗਣ ਬਾਰੇ ਸੋਚਦਾ ਸੀ। ਧੀਆਂ ਨੂੰ ਜਨਮ ਸਾਰ ਮਾਰ ਦਿੱਤਾ ਜਾਂਦਾ ਸੀ। ਉਸ ਨੂੰ ਪਰਾਇਆ ਧਨ ਦੀ ਸੰਗਿਆ ਦਿੱਤੀ ਜਾਂਦੀ ਹੈ। ਧੀਆਂ ਵੱਲ ਅਜਿਹਾ ਰਵੱਈਆ ਸਮਾਜ ਦੀ ਵਿਡੰਬਨਾ ਰਹੀ ਹੈ। ਅਜਿਹੇ ਸਮਾਜਿਕ ਆਰਥਿਕ ਪਿਛੋਕੜ ਵਾਲੇ ਸਮਾਜ ਵਿੱਚ ਮਾਪੇ ਆਪਣੇ ਘਰ ਪੁੱਤਰ ਦੇ ਜਨਮ ਲੈਣ ਦੀਆਂ ਅਰਜੋਈਆਂ ਕਰਦੇ ਹਨ। ਹਕੀਕਤ ਇਹ ਸਮਝਣੀ ਚਾਹੀਦੀ ਹੈ ਕਿ ਧੀਆਂ ਘਰ ਵਾਸਤੇ ਦਾਤ ਹੁੰਦੀਆਂ ਹਨ। ਧੀਆਂ ਨਾਲ ਘਰ ਵਿੱਚ ਬਰਕਤਾਂ ਦਾ ਵਾਧਾ ਹੁੰਦਾ ਹੈ। ਫਿਰ ਵੀ ਦੇਖਣ ਵਿੱਚ ਆਉਂਦਾਹੈ ਕਿ ਸਮਾਜ ਵਿੱਚ ਉਸ ਨੂੰ ਅਧੀਨ/ਨਿਮਨ ਸਥਿਤੀ ਵਿੱਚ ਰੱਖ ਕੇ ਦੇਖਣ ਦੀ ਮਾਨਸਿਕਤਾ ਅਜੇ ਵੀ ਕਾਇਮ ਹੈ। ਅਜਿਹੇ ਸਮਾਜਿਕ ਆਰਥਿਕ ਪਿਛੋਕੜ ਵਾਲੇ ਸਮਾਜ ਵਿੱਚ ਸਰਕਾਰੀ ਪੱਧਰ ’ਤੇ ਅਤੇ ਗੈਰ-ਸਰਕਾਰੀ ਸਮਾਜਿਕ ਸੰਸਥਾਵਾਂ ਵੱਲੋਂ ਕਦੇ ਬਾਲੜੀ ਦਿਵਸ, ਕਦੇ ਧੀ ਦਿਵਸ, ਕਦੇ ਕੌਮਾਂਤਰੀ ਮਹਿਲਾ ਦਿਵਸ, ਕਦੇ ਮਾਂ ਦਿਵਸ ਮਨਾਏ ਜਾਂਦੇ ਹਨ। ਸਿਰਫ਼ ਕਾਰਵਾਈ ਪਾਉਣ ਵਾਸਤੇ ਅਜਿਹੇ ਦਿਵਸ ਮਨਾਉਣ ਦਾ ਓਨਾ ਚਿਰ ਤੱਕ ਕੋਈ ਫਾਇਦਾ ਨਹੀਂ ਜਿੰਨਾ ਚਿਰ ਔਰਤ ਦੀ ਭਲਾਈ ਹਿਤ ਵਾਲੀਆਂ ਸਕੀਮਾਂ ਔਰਤਾਂ ਦੇ ਅਸਲ ਲੋੜਵੰਦ ਵਰਗ ਤੱਕ ਨਹੀਂ ਪਹੁੰਚਦੀਆਂ ਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਨਹੀਂ ਹੁੰਦਾ।

ਔਰਤ ਹੁਣ ਪੜ੍ਹ ਲਿਖ ਕੇ, ਨੌਕਰੀ ਕਰ ਕੇ, ਉੱਚੀਆਂ ਪਦਵੀਆਂ ਹਾਸਲ ਕਰ ਕੇ ਆਤਮ-ਨਿਰਭਰ ਹੋ ਰਹੀ ਹੈ ਤੇ ਸਮਾਜ ਵਿੱਚ ਆਪਣਾ ਮਾਣ-ਸਨਮਾਨ ਵਧਾ ਰਹੀ ਹੈ। ਇਸ ਪਿੱਛੇ ਉਸ ਦੀ ਮਿਹਨਤ ਕੰਮ ਕਰਦੀ ਨਜ਼ਰ ਆਉਂਦੀ ਹੈ। ਕੁਝ ਕਰ ਦਿਖਾਉਣ ਦਾ ਇਰਾਦਾ ਉਸ ਨੂੰ ਪੁਰਸ਼ ਦੇ ਬਰਾਬਰ ਲਿਆ ਰਿਹਾ ਹੈ। ਉੱਚੇ ਅਹੁਦਿਆਂ ’ਤੇ ਪਹੁੰਚ ਕੇ, ਨਾਮਣਾ ਖੱਟਣ ਵਾਲੀਆਂ ਵੱਡੇ ਨਾਵਾਂ ਵਾਲੀਆਂ ਔਰਤਾਂ, ਔਰਤ ਦੇ ਆਤਮ-ਸਨਮਾਨ ਤੇ ਗੌਰਵ ਦਾ ਬਿੰਬ ਬਣ ਗਈਆਂ ਹਨ।

ਔਰਤ ਨੂੰ ਸਮਾਜ ਵਿੱਚ ਉਸ ਦੇ ਹਿੱਸੇ ਦਾ ਮਾਣ-ਸਨਮਾਨ ਜ਼ਰੂਰੀ ਹੈ। ਅਜਿਹੇ ਮੁਕਾਮ ਤੱਕ ਪਹੁੰਚਣ ਲਈ ਉਸ ਨੂੰ ਸਮਾਜਿਕ ਆਰਥਿਕ ਆਜ਼ਾਦੀ ਹਾਸਲ ਕਰਨ ਦੀ ਲੋੜ ਹੈ। ਔਰਤ ਨੂੰ ਮਿਲਣ ਵਾਲੇ ਸਮਾਜਿਕ ਆਰਥਿਕ ਅਧਿਕਾਰਾਂ ਦੇ ਸਬੰਧ ਵਿੱਚ ਬਹੁਤੇ ਕਾਨੂੰਨ ਹੁਣ ਉਸ ਦੇ ਹੱਕ ਵਿੱਚ ਭੁਗਤਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਸਮਾਜ ਨੂੰ ਔਰਤ ਵੱਲ ਆਪਣੀ ਸੋਚ, ਨਜ਼ਰੀਆ ਅਤੇ ਵਿਹਾਰ ਬਦਲਣ ਦੀ ਲੋੜ ਹੈ।

ਸਮਾਜਿਕ ਸਰੋਕਾਰਾਂ ਨਾਲ ਜੁੜੇ ਚਿੰਤਕਾਂ ਤੇ ਸਮਾਜ ਵਿਗਿਆਨੀਆਂ ਨੇ ਭਾਰਤੀ ਮਹਿਲਾਵਾਂ ਦੀ ਪ੍ਰਤਿਭਾ, ਸ਼ਕਤੀ ਤੇ ਸਮਰੱਥਾ ਨੂੰ ਦੇਖਦਿਆਂ ਉਨ੍ਹਾਂ ਨੂੰ ਦੇਸ਼ ਵਿੱਚੋਂ ਗ਼ਰੀਬੀ ਘਟਾਉਣ ਲਈ ਉੱਤਮ, ਪ੍ਰਭਾਵਸ਼ਾਲੀ ਅਤੇ ਕਾਰਗਰ ਹਥਿਆਰ ਮੰਨਿਆ ਹੈ। ਸਮਾਜਿਕ ਆਰਥਿਕ ਤੌਰ ’ਤੇ ਆਜ਼ਾਦ ਹੋ ਕੇ ਹੀ ਭਾਰਤੀ ਔਰਤ ਅੰਦਰ ਸਵੈ-ਮਾਣ, ਸਵੈ-ਭਰੋਸਗੀ ਤੇ ਸ਼ਕਤੀਸ਼ਾਲੀ ਹੋਣ ਦਾ ਅਹਿਸਾਸ ਪਨਪ ਸਕਦਾ ਹੈ।

ਭਾਰਤ ਵਰਗੇ ਵੱਡੇ ਦੇਸ਼ ਵਿੱਚ ਔਰਤ ਦੀ ਦਸ਼ਾ ਦੇ ਕਈ ਦ੍ਰਿਸ਼ ਉਭਰਦੇ ਹਨ। ਆਪਣਾ ਅਤੇ ਪਰਿਵਾਰ ਦਾ ਪੇਟ ਪਾਲਣ ਲਈ ਔਰਤ ਨੂੰ ਮਿਹਨਤ ਕਰਨੀ ਪੈਂਦੀ ਹੈ। ਉਸ ਨੂੰ ਪੁਰਸ਼ ਨਾਲੋਂ ਘੱਟ ਵੇਤਨ ਦਰਾਂ ’ਤੇ ਕੰਮ ਕਰਨਾ ਪੈਂਦਾ ਹੈ। ਕਈ ਹਾਲਤਾਂ ਵਿੱਚ ਔਰਤ ਦਿਨ ਭਰ ਮਿਹਨਤ ਮਜ਼ਦੂਰੀ ਕਰ ਕੇ ਪੈਸਾ ਕਮਾਉਂਦੀ ਹੈ, ਆਪਣੇ ਬੱਚਿਆਂ ਲਈ ਰੋਟੀ-ਟੁੱਕ ਦਾ ਜੁਗਾੜ ਕਰਦੀ ਹੈ ਪਰ ਉਸ ਦਾ ਪਤੀ ਵਿਹਲਾ ਬੈਠ ਕੇ ਖਾਂਦਾ ਵੀ ਹੈ ਤੇ ਆਪਣੀ ਪਤਨੀ ਨੂੰ ਮਾਰਦਾ-ਕੁੱਟਦਾ ਵੀ ਹੈ। ਅਨੇਕ ਦਬਾਵਾਂ ਹੇਠ ਕੰਮ ਕਰਨਾ ਉਸ ਦੀ ਮਜਬੂਰੀ ਬਣ ਜਾਂਦੀ ਹੈ। ਕਈ ਹਾਲਤਾਂ ਵਿੱਚ ਗ਼ਰੀਬੀ ਦੀ ਝੰਬੀ ਔਰਤ ਭਾਵੁਕ ਤੇ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਵੀ ਹੁੰਦੀ ਹੈ। ਘਰ ਦੀਆਂ ਜ਼ਿੰਮੇਵਾਰੀਆਂ ਉਸ ਨੂੰ ਤੋੜ ਸੁੱਟਦੀਆਂ ਹਨ। ਉਸ ਨੂੰ ਕਈ ਫਰੰਟਾਂ ’ਤੇ ਲੜਾਈ ਲੜਨੀ ਪੈਂਦੀ ਹੈ। ਉਹ ਲੜਾਈ ਲੜਦੀ ਹੈ ਤੇ ਜੇਤੂ ਬਣ ਕੇ ਨਿਕਲਦੀ ਹੈ। ਭਾਰਤੀ ਔਰਤ ਦੀ ਬਹੁਗਿਣਤੀ ਵੱਲੋਂ ਰੋਟੀ-ਰੋਜ਼ੀ ਕਮਾਉਣ, ਆਪਣੀ ਆਜ਼ਾਦ ਹਸਤੀ ਸਾਬਤ ਕਰਨ ਅਤੇ ਸਵੈ-ਮਾਣ ਵਾਲੀ ਜ਼ਿੰਦਗੀ ਜਿਊਣ ਦੀ ਦਿਸ਼ਾ ਵੱਲ ਪੁੱਟਿਆ ਪਹਿਲਾ ਕਦਮ ਸਮਝਣਾ ਚਾਹੀਦਾ ਹੈ।

ਜਿਸ ਦੇਸ਼ ਵਿੱਚ ਬਹੁਗਿਣਤੀ ਔਰਤ ਨੂੰ ਪੜ੍ਹਨ ਲਿਖਣ ਦੇ ਮੌਕੇ ਹੀ ਘੱਟ ਮਿਲਦੇ ਹੋਣ, ਉਥੇ ਉਹ ਨੌਕਰੀ ਹਾਸਲ ਕਰਨ ਦੀ ਤਵੱਕੋ ਕਿਵੇਂ ਕਰੇਗੀ ? ਸਮਾਜਿਕ ਗ਼ੁਲਾਮੀ ਅਤੇ ਆਰਥਿਕ ਮੁਥਾਜੀ ਹੀ ਜਦੋਂ ਉਸ ਦੇ ਪੱਲੇ ਪੈਂਦੀ ਹੈ ਤਾਂ ਉਹ ਸਿਰ ਉਠਾ ਕੇ ਸਵੈ-ਮਾਣ ਨਾਲ ਕਿਵੇਂ ਜੀਅ ਸਕੇਗੀ ? ਕੰਮ ਦੀ ਭਾਲ ਵਿੱਚ ਘਰੋਂ ਨਿਕਲਦੀ ਔਰਤ ਕਈ ਵਾਰ ਅਪਰਾਧ ਜਗਤ ਵਿੱਚ ਧੱਕ ਦਿੱਤੀ ਜਾਂਦੀ ਹੈ ਤੇ ਉਹ ਅਪਰਾਧ ਮਾਫ਼ੀਏ ਦੇ ਚੁੰਗਲ ਵਿੱਚ ਫਸ ਜਾਂਦੀ ਹੈ। ਕੰਮ ਕਰਨ ਦੇ ਅਦਾਰਿਆਂ ਵਿੱਚ ਉਸ ਦਾ ਸ਼ੋਸ਼ਣ ਹੁੰਦਾ ਹੈ। ਉਹ ਸਮਾਜਿਕ ਅਤੇ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀ ਹੈ।

ਦੂਜੇ ਪਾਸੇ, ਸੰਸਾਰੀਕਰਨ ਦੇ ਇਸ ਦੌਰ ਵਿੱਚ ਤਕਨੀਕੀ ਕ੍ਰਾਂਤੀ ਦੀ ਬਦੌਲਤ ਭਾਰਤੀ ਨਾਰੀ ਨੂੰ ਵੰਨ-ਸਵੰਨੇ ਖੇਤਰਾਂ ਵਿੱਚ ਰੁਜ਼ਗਾਰ ਦੇ ਅਨੇਕ ਅਵਸਰ ਮਿਲੇ ਹਨ ਤੇ ਮਿਲ ਰਹੇ ਹਨ। ਉੱਚ ਵਿਦਿਆ ਅਤੇ ਕੰਮ ਕਰਨ ਦੀ ਯੋਗਤਾ/ਸਮਰੱਥਾ ਹਾਸਲ ਕਰ ਕੇ ਔਰਤ ਪਬਲਿਕ ਤੇ ਕਾਰਪੋਰੇਟ ਸੈਕਟਰ ਵਿੱਚ ਅਹਿਮ ਪਦਾਂ ਤੱਕ ਪਹੁੰਚ ਗਈ ਹੈ; ਵਧੀਆ ਤਨਖਾਹਾਂ ਹਾਸਲ ਕਰ ਰਹੀ ਹੈ। ਸਾਧਨਾਂ ਅਤੇ ਬਿਹਤਰ ਆਰਥਿਕਤਾ ਵਾਲੀਆਂ ਔਰਤਾਂ ਵਿੱਚੋਂ ਇੱਕ ਵਰਗ ਅਜਿਹਾ ਵੀ ਹੈ ਜੋ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਤੋਂ ਅਭਿੱਜ ਹੈ। ਇੱਕ ਪਾਸੇ ਬਿਜਲਈ ਸੰਚਾਰ ਮਾਧਿਅਮਾਂ ਰਾਹੀਂ ਔਰਤ ਗਲੈਮਰ ਦੀ ਦੁਨੀਆ ਵਿੱਚ ਪ੍ਰਵੇਸ਼ ਕਰਦੀ ਹੈ, ਦੂਜੇ ਪਾਸੇ, ਗੁਰਬਤ ਨਾਲ ਜੂਝ ਰਹੀ ਔਰਤ ਦੀ ਹਾਲਤ ਬਹੁਤ ਮਾੜੀ ਹੁੰਦੀ ਹੈ, ਪਾੜਾ ਬਹੁਤ ਹੈ। ਇਹ ਪਾੜਾ ਕਿਵੇਂ ਦੂਰ ਕੀਤਾ ਜਾ ਸਕਦਾ ਹੈ ? ਅਜਿਹੇ ਪ੍ਰਸ਼ਨ ਚਿੰਤਨ ਦੀ ਮੰਗ ਕਰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਔਰਤ ਨੇ ਆਪਣੀ ਸੂਝ, ਮਿਹਨਤ, ਸਵੈ-ਵਿਸ਼ਵਾਸ, ਦ੍ਰਿੜ ਇਰਾਦੇ, ਹਿੰਮਤ, ਸਿਦਕ ਨਾਲ ਅਨੇਕ ਮੱਲਾਂ ਮਾਰੀਆਂ ਹਨ। ਉਸ ਨੇ ਆਪਣੀ ਹੀ ਨਹੀਂ, ਘਰ ਪਰਿਵਾਰ ਅਤੇ ਦੇਸ਼ ਦੀ ਆਰਥਿਕਤਾ ਵਿੱਚ ਵੀ ਸੁਧਾਰ ਲਿਆਂਦਾ ਹੈ ਪਰ ਅੱਜ ਵੀ ਬਹੁਤ ਸਾਰੇ ਪ੍ਰਸ਼ਨਾਂ ਮੂੰਹ ਅੱਡੀ ਖੜ੍ਹੇ ਹਨ। ਕੀ ਮਹਿਲਾ ਦਿਵਸ ਮਹਿਲਾਵਾਂ ਨੂੰ ਧੀਰਜ ਦੇਣ ਲਈ ਤਾਂ ਨਹੀਂ ਮਨਾਇਆ ਜਾਂਦਾ ? ਸਾਲ ਵਿੱਚ ਇੱਕ ਦਿਨ ਨੂੰ ਮਹਿਲਾ ਦਿਵਸ ਵਜੋਂ ਮਨਾ ਲੈਣ ਨਾਲ ਕੀ ਔਰਤ ਆਰਥਿਕ ਆਜ਼ਾਦੀ ਹਾਸਲ ਕਰ ਲਵੇਗੀ ? ਕੀ ਉਸ ਨੂੰ ਉਸ ਦੇ ਬਣਦੇ ਹੱਕ ਮਿਲ ਜਾਣਗੇ ?

ਉਪਰਲੀ ਚਰਚਾ ਦੇ ਆਧਾਰ ’ਤੇ ਔਰਤ ਦੀ ਹਾਲਤ ਦਾ ਇੱਕ ਪਾਸਾ ਧੁੰਦਲਾ ਨਜ਼ਰ ਆਉਂਦਾ ਹੈ, ਦੂਜਾ ਰੌਸ਼ਨ। ਜੇ ਧੁੰਦਲੇ ਪਾਸੇ ਵਾਲੀ ਔਰਤ ਰੌਸ਼ਨ ਪਾਸੇ ਵਾਲੀ ਔਰਤ ਦੇ ਹਾਸਲਾਂ ਨੂੰ ਸਮਝ ਕੇ, ਉਸ ਨੂੰ ਆਪਣਾ ਆਦਰਸ਼ ਮੰਨ ਕੇ ਮਿਹਨਤ ਦਾ ਲੜ ਫੜ ਲਵੇ ਤਾਂ ਉਹ ਵੀ ਸਮਾਜਿਕ, ਆਰਥਿਕ ਆਜ਼ਾਦੀ ਹਾਸਲ ਕਰ ਕੇ ਸ਼ਕਤੀਸ਼ਾਲੀ ਬਣ ਸਕਦੀ ਹੈ। ਅਜਿਹੀ ਹਾਲਤ ਵਿੱਚ ਮਹਿਲਾ ਸ਼ਕਤੀਕਰਨ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ।

# ਭਾਰਤੀ ਔਰਤ ਦੇ ਅਜੋਕੇ ਹਾਲਾਤ ਦਾ ਕੌੜਾ-ਸੱਚ

ਪ੍ਰਵੀਨ ਬੇਗਮ

ਪੰਜਾਬ ਪੀ.ਸੀ.ਐੱਸ. (ਜੁਡੀਸ਼ੀਅਲ ਸਰਵਿਸਿਜ਼) ਨਤੀਜੇ ਵਿੱਚ ਮੁੰਡਿਆਂ ਨਾਲੋਂ ਕੁੜੀਆਂ ਦੀ ਲਗਭਗ ਤਿੰਨ ਗੁਣਾਂ ਉੱਚੀ ਛਾਲ ਦੇਖ ਕੇ ਬਹੁਤ ਖੁਸ਼ ਹੋਈ। ਹੁਣ ਕੁੜੀਆਂ ਮੁੰਡਿਆਂ ਨਾਲੋਂ ਕਿਸੇ ਪਾਸਿਉਂ ਘੱਟ ਨਾ ਹੋ ਕੇ ਉਨ੍ਹਾਂ ਦੇ ਬਰਾਬਰ ਹੋ ਤੁਰੀਆਂ ਹਨ। ਸਿੱਖਿਆ ਦੇ ਪਸਾਰ ਨੇ ਚਾਰੇ ਪਾਸੇ ਚਾਨਣ ਕਰ ਛੱਡਿਆ ਹੈ। ਲੋਕਾਂ ਦੀ ਮੁੰਡੇ ਕੁੜੀਆਂ ਬਾਰੇ ਸੋਚ ਕਾਫ਼ੀ ਹੱਦ ਤੱਕ ਬਦਲ ਚੁੱਕੀ ਹੈ ਤੇ ਬਹੁਤੇ ਮਾਪੇ ਕੁੜੀਆਂ ਨੂੰ ਬੋਝ ਨਾ ਸਮਝ ਕੇ ਮਾਣ ਸਮਝਦੇ ਹਨ। ਕੁੜੀਆਂ ਨੇ ਵੀ ਹਰ ਖੇਤਰ ਵਿੱਚ ਕਮਾਲ ਕੀਤੀ ਹੈ। ਔਰਤਾਂ ਨੇ ਉਨ੍ਹਾਂ ਖੇਤਰਾਂ ਵਿੱਚ ਵੀ ਮੱਲਾਂ ਮਾਰ ਦਿਖਾਈਆਂ ਹਨ ਜਿਹੜੇ ਕਦੇ ਸਿਰਫ਼ ਮਰਦਾਂ ਲਈ ਰਾਖਵੇਂ ਸਨ। ਸਮਾਜ ਦੇ ਕਈ ਰੀਤ-ਰਿਵਾਜਾਂ ਨੂੰ ਔਰਤਾਂ ਨੇ ਆਪਣੇ ਪੱਖ ਵਿੱਚ ਕਰ ਲਿਆ ਹੈ। ਔਰਤਾਂ ਨੇ ਆਪਣੀ ਪ੍ਰਤਿਭਾ ਪਛਾਣਦਿਆਂ ਸਮਾਜ ਨੂੰ ਮਰਦਾਂ ਦੇ ਬਰਾਬਰ ਹੋਣ ਦਾ ਸਬੂਤ ਦਿੱਤਾ ਹੈ।

ਉਂਝ, ਉਹ ਔਰਤਾਂ ਜਿਹੜੀਆਂ ਅਜੇ ਤੱਕ ਮਰਦ ਪ੍ਰਧਾਨ ਸਮਾਜ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਹਾਸ਼ੀਏ ’ਤੇ ਰਹਿ ਚੁੱਕੀਆਂ ਹਨ, ਉਨ੍ਹਾਂ ਵੱਲ ਕਦੇ ਕਿਸੇ ਦਾ ਧਿਆਨ ਨਹੀਂ ਗਿਆ। ਉਹ ਔਰਤਾਂ ਹਰ ਰੋਜ਼ ਘਰੇਲੂ ਵਧੀਕੀਆਂ, ਬਲਾਤਕਾਰ ਅਤੇ ਖਰੀਦੋ-ਫਰੋਖਤ ਦੀ ਪੀੜ ਸਹਿ ਰਹੀਆਂ ਹਨ। ਭਾਰਤੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ, ਭਾਰਤ ਵਿੱਚ ਬਲਾਤਕਾਰ ਚੌਥਾ ਮੁੱਖ ਅਪਰਾਧ ਹੈ। ਰਿਪੋਰਟ ਅਨੁਸਾਰ, ਔਰਤਾਂ ਖ਼ਿਲਾਫ਼ ਅਪਰਾਧ 56.5% ਤੋਂ 2021 ਤੱਕ 64.5% ਵਧੇ ਹਨ। 2021 ਤੋਂ 2022 ਤੱਕ ਰਾਸ਼ਟਰੀ ਪੱਧਰ ’ਤੇ 4% ਵਾਧਾ ਹੋਇਆ ਹੈ। ਰਿਪੋਰਟ (2022) ਅਨੁਸਾਰ ਕੁੱਲ 31 ਹਜ਼ਾਰ ਬਲਾਤਕਾਰ ਕੇਸ ਦਰਜ ਕੀਤੇ ਗਏ ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਕੇਸ ਉੱਤਰ ਪ੍ਰਦੇਸ਼ ਅਤੇ ਉਸ ਤੋਂ ਬਾਅਦ ਸਭ ਤੋਂ ਵੱਧ ਕੇਸ ਰਾਜਸਥਾਨ ਵਿੱਚ ਦਰਜ ਹੋਏ। ਦਾਜ ਵਾਸਤੇ ਮੌਤ, ਬਾਲ ਵਿਆਹ, ਇੱਜ਼ਤ ਖਾਤਰ ਕਤਲ ਕੁਝ ਹੋਰ ਅਜਿਹੇ ਗੁਨਾਹ ਹਨ ਜਿਨ੍ਹਾਂ ਨੂੰ ਸਮਾਜ ਵਿੱਚੋਂ ਖਤਮ ਕਰਨ ਦੀ ਕੋਈ ਜੜ੍ਹ ਹੀ ਨਹੀਂ ਲੱਭ ਰਹੀ। ਸਾਡੇ ਮਰਦ ਪ੍ਰਧਾਨ ਸਮਾਜ ਵਿੱਚ ਮੁੰਡਿਆਂ ਨੂੰ ਕੁੜੀਆਂ ਤੋਂ ਵੱਡਾ ਸਮਝਣ ਦੀ ਤਾਲੀਮ ਗੁੜ੍ਹਤੀ ਵਿੱਚ ਹੀ ਦੇ ਦਿੱਤੀ ਜਾਂਦੀ ਹੈ। ਕੁੜੀਆਂ ਦੇ ਜ਼ਿਹਨ ਵਿੱਚ ਸ਼ੁਰੂ ਤੋਂ ਹੀ ਡਰ, ਸਹਿਮ ਅਤੇ ਦਬਾਉ ਬਿਠਾ ਦਿੱਤੇ ਜਾਂਦੇ ਹਨ। ਜਿੱਥੇ ਬਿਲਕੀਸ ਬਾਨੋ ਵਰਗੀਆਂ ਔਰਤਾਂ ਦੇ ਗੁਨਾਹਗਾਰਾਂ ਨੂੰ ਸ਼ਰੇਆਮ ਨਿਆਂ ਅਦਾਲਤਾਂ ਹੀ ਬਲਾਤਕਾਰ ਵਰਗੇ ਸੰਗੀਨ ਜੁਰਮ ਵਿੱਚ ਰਿਹਾਅ ਕਰ ਦੇਣ ਤਾਂ ਬਾਕੀ ਔਰਤਾਂ ਦੀਆਂ ਨਿਆਂ ਉਮੀਦਾਂ ’ਤੇ ਪਾਣੀ ਫਿਰਨਾ ਸੁਭਾਵਿਕ ਹੈ। ਸਾਕਸ਼ੀ ਮਲਿਕ ਵਰਗੀਆਂ ਸੰਸਾਰ ਪ੍ਰਸਿੱਧ ਖਿਡਾਰਨਾਂ ਨੂੰ ਸਰੀਰਕ ਸ਼ੋਸ਼ਣ ਦੇ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਧਰਨਿਆਂ ’ਤੇ ਬੈਠਣਾ ਪਿਆ। ਮਨੀਪੁਰ ਦੀਆਂ ਔਰਤਾਂ ਨੂੰ ਨੰਗੇ ਕਰ ਕੇ ਸੜਕਾਂ ’ਤੇ ਘੁਮਾਇਆ ਗਿਆ। ਔਰਤਾਂ ਖ਼ਿਲਾਫ਼ ਬਹੁਤੇ ਜੁਰਮ ਉਸ ਦੇ ਆਪਣੇ ਘਰਾਂ ਵਿੱਚੋਂ ਹੀ ਸ਼ੁਰੂ ਹੋ ਜਾਂਦੇ ਹਨ। ਜਦੋਂ ਔਰਤ ਵਿਆਹ ਕਰਾ ਆਪਣੇ ਅਗਲੇਰੇ ਪੰਧ ’ਤੇ ਤੁਰਦੀ ਹੈ ਤਾਂ ਬਹੁਤੀਆਂ ਔਰਤਾਂ ਦੇ ਅਰਮਾਨ ਦਬੇ ਹੀ ਰਹਿ ਜਾਂਦੇ ਹਨ। ਕਈ ਔਰਤਾਂ ਆਪਣੇ ਪਤੀ ਦੀ ਹਿੰਸਕ ਬਿਰਤੀ ਕਾਰਨ ਮਾਨਸਿਕ ਰੋਗੀ ਹੋ ਜਾਂਦੀਆਂ ਹਨ। ਭਾਰਤ ਵਿੱਚ ਲਗਭਗ 31.4% ਔਰਤਾਂ ਪਤੀਆਂ ਦੀ ਹਿੰਸਾ ਤੋਂ ਪੀੜਤ ਹਨ। ਘਰਾਂ ਵਿੱਚ ਫੈਸਲੇ ਕਰਨ ਦੀ ਸ਼ਕਤੀ ਅੱਜ ਹੀ ਪਿਤਾ ਜਾਂ ਪਤੀ ਪੁਰਖੀ ਹੈ। ਮਰਜ਼ੀ ਦਾ ਵਿਆਹ ਭਾਰਤ ਵਿੱਚ ਔਰਤਾਂ ਲਈ ਅਜੇ ਵੀ ਅਣਖ ਖਾਤਰ ਕਤਲ ਮਾਮਲੇ ਨੂੰ ਤੂਲ ਦਿੰਦਾ ਹੈ। ਬਾਲ ਵਿਆਹ ਵਰਗੀਆਂ ਕੋਝੀਆਂ ਸਮਾਜਿਕ ਰੀਤਾਂ, ਦੇਵਦਾਸੀਆਂ ਵਰਗਾ ਰੁਝਾਨ, ਕੁੜੀਆਂ ਨੂੰ ਜੰਮਦਿਆਂ ਹੀ ਕੁੱਖ ਵਿੱਚ ਮਾਰ ਦੇਣਾ ਵੀ ਭਾਰਤੀ ਸਮਾਜ ਦੀ ਸੌੜੀ ਸੋਚ ਨੂੰ ਉਜਾਗਰ ਕਰਦੀਆਂ ਹਨ। ਬਾਲ ਵਿਆਹ ਕਈ ਰਾਜਾਂ ਵਿੱਚ ਅੱਜ ਵੀ ਪ੍ਰਚਲਿਤ ਹਨ। ਇਹ ਭਾਵੇਂ 1991 ਦੇ ਪੱਧਰ ਤੋਂ (49%) ਤੋਂ ਘਟ ਕੇ 2021 ਵਿੱਚ 22% ਰਹਿ ਗਏ ਹਨ। ਅਸਲ ਵਿਚ, ਗੱਲ ਇਕੱਲੇ ਬਾਲ ਵਿਆਹਾਂ ਦੀ ਹੀ ਨਹੀਂ ਸਗੋਂ ਬਾਲੜੀਆਂ ਦੀ ਸਿਹਤ ਦੀ ਵੀ ਹੈ। ਕਈ ਵਾਰ ਉਹ ਅਠਾਰਾਂ ਸਾਲਾਂ ਤੋਂ ਘੱਟ ਉਮਰ ਵਿੱਚ ਹੀ ਬੱਚੇ ਨੂੰ ਜਨਮ ਦੇ ਦਿੰਦੀਆਂ ਹਨ, ਸਿੱਟੇ ਵਜੋਂ ਮਾਂ ਤੇ ਬੱਚੇ, ਦੋਹਾਂ ਦੀ ਸਿਹਤ ਨੂੰ ਲੈ ਕੇ ਸਮੱਸਿਆ ਆਉਂਦੀਹੈ। ਪੇਂਡੂ ਖੇਤਰਾਂ ਵਿੱਚ ਲੜਕੀਆਂ ਦੀ ਮਾਹਵਾਰੀ ਨਾਲ ਸਬੰਧਿਤ ਗੱਲਾਂ ਨੂੰ ਅਜੇ ਵੀ ਸ਼ਰਮ ਦੀ ਗੱਲ ਮੰਨਿਆ ਜਾਂਦਾ ਹੈ। ਇਉਂ ਇਨ੍ਹਾਂ ਗੱਲਾਂ ਤੋਂ ਅਣਜਾਣ ਕੁੜੀਆਂ ਕਈ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ।



ਭਰੂਣ ਹੱਤਿਆ ਸਾਡੇ ਸਮਾਜ ਦਾ ਇੱਕ ਹੋਰ ਅਜਿਹਾ ਪਹਿਲੂ ਹੈ। ‘ਬੇਟੀ ਬਚਾਉ ਬੇਟੀ ਪੜ੍ਹਾਉ’ ਸਕੀਮ, ਹਰਿਆਣਾ ਸਰਕਾਰ ਦੀ ‘ਲਾਡਲੀ ਬੇਟੀ’ ਸਕੀਮ, ਪੰਜਾਬ ਦੇ ‘ਨੰਨ੍ਹੀ ਛਾਂ’ ਪ੍ਰਾਜੈਕਟ ਨੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ ਪਰ ਇਸ ਤ੍ਰਾਸਦੀ ਦਾ ਪਸਾਰਾ ਸ਼ਹਿਰੀ ਅਤੇ ਪੇਂਡੂ ਪੱਧਰ ’ਤੇ ਇੱਕੋ ਜਿਹਾ ਹੈ। ਭਰੂਣ ਦੇ ਲਿੰਗ ਬਾਰੇ ਪਹਿਲਾਂ ਪਤਾ ਕਰਨਾ ਪੀਐੱਨਡੀਟੀ ਐਕਟ-2005 ਤਹਿਤ ਜੁਰਮ ਹੈ। ਪੰਜਾਬ ਵਰਗੇ ਖੁਸ਼ਹਾਲ ਸੂਬੇ ਵਿੱਚ ਲਿੰਗ ਅਨੁਪਾਤ 2023 ਅਨੁਸਾਰ 1000 ਮਰਦ ਪਿੱਛੇ 895 ਹੈ ਜੋ ਰਾਸ਼ਟਰੀ ਅਨੁਪਾਤ 940 ਤੋਂ ਕਿਤੇ ਘੱਟ ਹੈ। 2001 ਵਿੱਚ ਇੱਥੋਂ ਦਾ ਲਿੰਗ ਅਨੁਪਾਤ 1000: 876 ਸੀ। ਇਸ ਪਿੱਛੇ ਕੰਮ ਕਰਦੇ ਮੁੱਖ ਕਾਰਕ ਵਿਆਹ ਸਮੇਂ ਦਹੇਜ, ਪੜ੍ਹਾਉਣ ਦੀ ਜਿ ?ਮੇਵਾਰੀ, ਸਮਾਜ ਵਿੱਚ ਨੱਕ ਰੱਖਣਾ ਜਾਂ ਸਭ ਤੋਂ ਵੱਡਾ ਕਾਰਨ ਮੁੰਡੇ ਦੀ ਲਾਲਸਾ ਹਨ। ਵਧ ਰਹੀ ਟੈਕਨਾਲੋਜੀ ਕਾਰਨ ਇਹ ਸਮੱਸਿਆ ਪੜ੍ਹੇ-ਲਿਖੇ ਵਰਗ ਵਿੱਚ ਵਧੇਰੇ ਪਸਰੀ ਹੈ।

ਹੁਣ ਸਾਨੂੰ ਉਹ ਕਾਨੂੰਨ ਲਾਗੂ ਕਰਨੇ ਪੈਣਗੇ ਜਿਹੜੇ ਔਰਤਾਂ ਦੇ ਹੱਕ ਵਿੱਚ ਹਨ। ਬਾਲੜੀਆਂ ਨੂੰ ਸੁਰੱਖਿਅਤ ਵਾਤਾਵਰਨ ਮੁਹੱਈਆ ਕਰਵਾਉਣਾ ਪਵੇਗਾ। ਉਨ੍ਹਾਂ ਨੂੰ ਹਰ ਖੇਤਰ ਲਈ ਸਿੱਖਿਅਤ ਕਰ, ਆਤਮ-ਸਨਮਾਨ ਦੀ ਭਾਵਨਾ ਪੈਦਾ ਕਰ, ਮਰਦ ਪ੍ਰਧਾਨ ਸਮਾਜ ਦੀਆਂ ਜ਼ੰਜੀਰਾਂ ਤੋੜ, ਉਨ੍ਹਾਂ ਨੂੰ ਫੈਸਲੇ ਕਰਨ ’ਚ ਭਾਗੀਦਾਰ ਬਣਾ ਆਪਣੇ ਪੈਰਾਂ ’ਤੇ ਖੜ੍ਹੇ ਹੋਣ ਦੀ ਜਾਚ ਸਿਖਾਉਣੀ ਪਵੇਗੀ। ਪਹਿਲਾਂ ਨਾਲੋਂ ਸਭ ਕੁਝ ਭਾਵੇਂ ਬਹੁਤ ਬਦਲ ਗਿਆ ਹੈ, ਫਿਰ ਵੀ ਅਜੇ ਬਹੁਤ ਕੁਝ ਬਦਲਣ ਦੀ ਲੋੜ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

# ਦਾਦੇ

ਅਮਰ ਸਿੰਘ



ਸਭ ਦੇ ਖੀਸੇ ਟੋਹ ਕੇ ਮੱਖਣ ਬਾਹਰ ਨਿਕਲ਼ਿਆ। ਉਸਨੇ ਆਪਣੇ ਪਿਛੇ ਲੋਹੇ ਦੇ ਫਲੈਕਸੀਬਲ ਦਰਵਾਜ਼ੇ ਦੇ ਬੰਦ ਹੋਣ ਦੀ ਅਵਾਜ਼ ਸੁਣੀ। ਸੁਲੇਖ ਇਸ ਵੇਲੇ ਫ਼ੈਕਟਰੀ ਦੇ ਦਰਵਾਜ਼ੇ ਤੋਂ ਕੁਝ ਦੂਰ ਖੜਾ ਸੀ। ਮੱਖਣ ਨੇ ਛੇਤੀ ਨਾਲ ਸੜਕ ਪਾਰ ਕਰਨ ਦਾ ਇਰਾਦਾ ਕੀਤਾ। ਸੜਕ ਉੱਤੇ ਇਕ ਟੈਕਸੀ ਤੇਜ਼ੀ ਨਾਲ ਭੱਜੀ ਆ ਰਹੀ ਸੀ। ਉਹ ਫੁਟ-ਪਾਥ ਦੇ ਕੰਢੇ 'ਤੇ ਰੁਕ ਗਿਆ। ਸੁਲੇਖ ਨੇ ਉਹਦੇ ਮੋਢੇ 'ਤੇ ਹੱਥ ਰੱਖ ਦਿੱਤਾ। ਟੈਕਸੀ ਲੰਘ ਗਈ। ਮੱਖਣ ਦਾ ਦਿਲ ਕੀਤਾ ਕਿ ਸੁਲੇਖ ਦੇ ਹੱਥ ਨੂੰ ਆਪਣੇ ਮੋਢੇ ਤੋਂ ਛੰਡ ਸੁੱਟੇ। ਉਸਦੇ ਦਿਲ ਵਿੱਚ ਇਸ ਹੱਥ ਲਈ ਨਫ਼ਰਤ ਪੈਦਾ ਹੋ ਗਈ ਸੀ। ਸੜਕ ਟਪਦੇ ਹੋਏ ਉਸਨੇ ਸੁਲੇਖ ਦੇ ਮੂੰਹ ਵਲ ਦੇਖਿਆ। ਤੇ ਜਦੋਂ ਉਸਦੀਆਂ ਨਜ਼ਰਾਂ ਸੁਲੇਖ ਦੀਆਂ ਨਜ਼ਰਾਂ ਨਾਲ ਮਿਲੀਆਂ ਤਾਂ ਉਹ ਉਸਦਾ ਹੱਥ ਰੁਖਾਈ ਨਾਲ ਆਪਣੇ ਮੋਢੇ ਤੋਂ ਛੰਡ ਸੁਟਣ ਦੀ ਹਿੰਮਤ ਨਾ ਕਰ ਸਕਿਆ ਅਤੇ ਉਸਨੇ ਪੋਲੀ ਜਿਹੀ ਉਸਦਾ ਹੱਥ ਆਪਣੇ ਹੱਥ ਵਿੱਚ ਲੈ ਲਿਆ ਤੇ ਫਿਰ ਉਸਨੂੰ ਹੌਲੀ ਹੌਲੀ ਛੱਡ ਦਿੱਤਾ।

ਮੱਖਣ ਦਾਦਾ ! ਅਜ ਤੂੰ ਰੋਟੀ ਸਾਡੇ ਘਰੋਂ ਖਾਈਂ।

ਮੱਖਣ ਨੇ ਡੂੰਘੀ ਨੀਝ ਨਾਲ ਸੁਲੇਖ ਵਲ ਵੇਖਿਆ। ਉਸ ਦੀਆਂ ਅੱਖਾਂ ਵਿੱਚ ਕੁਝ ਇਹੋ ਜਿਹਾ ਪਰਭਾਵ ਪੈਦਾ ਹੋ ਗਿਆ ਜਿਵੇਂ ਹਿਰਨ ਸ਼ਿਕਾਰੀ ਦੀ ਬਿੜਕ ਸੁਣਕੇ ਚੁਕੰਨਾ ਹੋ ਜਾਂਦਾ ਹੈ। ਉਸ ਦੇ ਬੁਲ੍ਹਾਂ ਤੇ ਹਲਕੀ ਜਿਹੀ ਮੁਸਕਾਨ ਪੈਦਾ ਹੋ ਗਈ।

ਕਿ ਪੁੱਤਰ ! ਸਾਨੂੰ ਫਸਾਣਾ ਚਾਹੁੰਦਾ ਏਂ ? ਉਸਦੀ ਮੁਸਕਾਨ ਨੇ ਜਿਵੇਂ ਕਿਹਾ।

ਨਹੀਂ ਸੁਲੇਖ ਦਾਦਾ, ਉਸਨੇ ਸੁਲੇਖ ਸ਼ਬਦ ਉੱਤੇ ਜ਼ੋਰ ਦੇ ਕੇ ਕਿਹਾ, ਮੈਂ ਅੱਜ ਰੋਟੀ ਸਰਦਾਰ ਸਾਹਿਬ ਦੇ ਘਰ ਖਾਣੀ ਹੈ।

ਸੁਲੇਖ ਨੇ ਮੱਖਣ ਦੇ ਮੂੰਹੋਂ ਨਿਕਲੇ ਦਾਦਾ ਸ਼ਬਦ ਵਿੱਚ ਹਲਕੀ ਜਿਹੀ ਚੋਭ ਅਨੁਭਵ ਕੀਤੀ। ਮੱਖਣ ਨੂੰ ਕਲਕੱਤੇ ਆਇਆਂ ਹਾਲੀ ਪੰਜਵਾਂ ਦਿਨ ਹੀ ਸੀ। ਉਸਦੀਆਂ ਮੁੱਛਾਂ ਦਾੜ੍ਹੀ ਦੇਖ ਕੇ ਸੁਲੇਖ ਨੇ ਉਸਨੂੰ ਦਾਦਾ ਕਹਿ ਕੇ ਸੰਬੋਧਨ ਕੀਤਾ ਸੀ। ਤੇ ਨੌਜਵਾਨ ਮੱਖਣ ਸਿੰਘ ਨੂੰ ਇਸ ਵਿਚੋਂ ਬੁਢਾਪੇ ਦੀ ਬੋ ਆਈ ਸੀ। ਉਸਨੇ ਪੁਛਿਆ ਸੀ ਕਿ ਉਹ ਬੁੱਢਾ ਮਾਲੂਮ ਹੁੰਦਾ ਸੀ ਜੋ ਸੁਲੇਖ ਉਸਨੂੰ ਦਾਦਾ ਕਹਿ ਰਿਹਾ ਹੈ ?

ਸੁਲੇਖ ਨੇ ਉਸਨੂੰ ਦੱਸਿਆ ਕਿ ਬੰਗਾਲ ਵਿੱਚ ਵੱਡੇ ਭਰਾ ਨੂੰ ਦਾਦਾ ਕਹਿੰਦੇ ਹਨ। ਤੇ ਉਸਨੂੰ ਬੁੱਢਾ ਨਹੀਂ ਬਣਾਇਆ। ਸਗੋਂ ਆਪਣੇ ਤੋਂ ਵੱਡਾ ਹੋਣ ਦੇ ਨਾਤੇ ਉਸਨੂੰ ਵੱਡਾ ਭਰਾ ਕਿਹਾ ਹੈ। ਫੇਰ ਉਨ੍ਹਾਂ ਨੇ ਇਕ ਦੂਸਰੇ ਨੂੰ ਆਪਣੀ ਆਪਣੀ ਉਮਰ ਦੱਸੀ। ਮੱਖਣ ਦੀ ਉਮਰ ਬਾਈ ਵਰ੍ਹੇ ਨਿਕਲੀ ਤੇ ਸੁਲੇਖ ਦੀ ਅਠਾਈ ਵਰ੍ਹੇ। ਇਸ ਤੇ ਇਹ ਦੋਵੇਂ ਖੂਬ ਹੱਸੇ ਤੇ ਫ਼ੈਸਲਾ ਇਹ ਹੋਇਆ ਕਿ ਮੱਖਣ ਸੁਲੇਖ ਨੂੰ ਉਮਰ ਦੇ ਲਿਹਾਜ਼ ਨਾਲ ਦਾਦਾ ਕਿਹਾ ਕਰੇ ਤੇ ਸੁਲੇਖ ਉਸਨੂੰ ਦਾੜ੍ਹੀ ਮੁੱਛਾਂ ਦੇ ਲਿਹਾਜ਼ ਨਾਲ ਦਾਦਾ ਕਹਿ ਕੇ ਬੁਲਾਇਆ ਕਰੇ।

ਸ਼ਾਮ ਨੂੰ ਪੰਜਾਬੀ ਦਾਦਾ ਨੇ ਬੰਗਾਲੀ ਦਾਦਾ ਤੋਂ ਕਿਸੇ ਸਸਤੇ ਜਿਹੇ ਢਾਬੇ ਦਾ ਨਾਮ ਪੁਛਿਆ, ਜਿਥੇ ਉਹ ਰੋਟੀ ਖਾ ਲਿਆ ਕਰੇ ਸੁਲੇਖ ਨੇ ਉਸਨੂੰ ਨਾਲ ਲਿਜਾ ਕੇ ਇਕ ਸਸਤਾ ਜਿਹਾ ਢਾਬਾ ਦਿਖਾ ਦਿੱਤਾ। ਢਾਬਾ ਸੁਲੇਖ ਦੇ ਰਾਹ ਵਿੱਚ ਆਉਂਦਾ ਸੀ। ਇਸ ਲਈ ਉਹ ਸ਼ਾਮ ਨੂੰ ਇਕੱਠੇ ਹੀ ਉਧਰ ਜਾਂਦੇ ਤੇ ਇਸ ਲਈ ਦੋਹਾਂ ਦਾਦਿਆਂ ਵਿੱਚ ਚੰਗੀ ਦੋਸਤੀ ਹੋ ਗਈ ਸੀ।

ਪਰ ਅੱਜ, ਜਦੋਂ ਸੁਲੇਖ ਨੂੰ ਮੱਖਣ ਦੇ ਦਾਦਾ ਸ਼ਬਦ ਵਿੱਚੋਂ ਕੁਝ ਚੋਭ ਮਹਿਸੂਸ ਹੋਈ ਤਾਂ ਉਸਨੇ ਪੁਛਿਆ:

ਦਾਦਾ, ਅੱਜ ਤੂੰ ਕੁਝ ਨਰਾਜ਼ ਮਲੂਮ ਹੁੰਦਾ ਹੈਂ।

ਨਹੀਂ ਦਾਦਾ, ਨਰਾਜ਼ਗੀ ਕਾਹਦੀ ? ਮੱਖਣ ਨੇ ਜਵਾਬ ਦਿੱਤਾ, ਸਰਦਾਰ ਸਾਹਿਬ ਨੇ ਘਰ ਇੱਕ ਕੰਮ ਦਸਿਆ ਸੀ ਤੇ ਅੱਜ ਮੈਂ ਰੋਟੀ ਵੀ ਉਥੇ ਹੀ ਖਾਵਾਂਗਾ।

ਇਸ ਵਾਰੀ ਸੁਲੇਖ ਨੂੰ ਚੋਭ ਬਿਲਕੁਲ ਸਪੱਸ਼ਟ ਮਹਿਸੂਸ ਹੋਈ।

ਅੱਛਾ ! ਉਸ ਬੁਝੇ ਜਿਹੇ ਲਹਿਜੇ ਵਿੱਚ ਜਾਣ ਕੇ ਛੁੱਟੀ ਮੰਗੀ।

ਹੱਛਾ ! ਮੱਖਣ ਨੇ ਜੁਆਬ ਵਿੱਚ ਕਿਹਾ ਤੇ ਦੂਜੇ ਪਾਸੇ ਮੁੜ ਗਿਆ।

ਸਚ ਮੁਚ ਇਹ ਬੰਗਾਲੀ ਬੜੇ ਖ਼ਤਰਨਾਕ ਨੇ। ਮੱਖਣ ਨੇ ਤੁਰਦੇ ਤੁਰਦੇ ਸੋਚਿਆ।...ਸਰਦਾਰਾਂ ਨੇ ਬਿਲਕੁਲ ਠੀਕ ਕਿਹਾ ਸੀ।

ਅਜੇ ਕੱਲ੍ਹ ਦੀ ਹੀ ਗੱਲ ਸੀ, ਉਹ ਫ਼ੈਕਟਰੀ ਤੋਂ ਬਾਹਰ ਨਿਕਲਿਆ ਸੀ ਤੇ ਸੁਲੇਖ ਨੇ ਆਪਣੀ ਆਦਤ ਅਨੁਸਾਰ ਉਸਦੇ ਮੋਢੇ 'ਤੇ ਹੱਥ ਰਖਿਆ ਸੀ ਤਾਂ ਉਸਨੂੰ ਬਿਲਕੁਲ ਖਿਝ ਨਹੀਂ ਸੀ ਆਈ। ਉਹ ਦੋਵੇਂ ਗੱਲਾਂ ਕਰਦੇ ਢਾਬੇ ਵਲ ਤੁਰ ਪਏ ਸਨ। ਸੁਲੇਖ ਉਸਨੂੰ ਕਲਕੱਤੇ ਦੀ ਵਾਕਫ਼ੀ ਕਰਾ ਰਿਹਾ ਸੀ। ਇਹ ਫਲਾਣੀ ਥਾਂ ਹੈ। ਇਸ ਬਜ਼ਾਰ ਦਾ ਇਹ ਨਾਂ ਹੈ, ਇਹ ਜੋ ਵੱਡੀ ਸਾਰੀ ਇਮਾਰਤ ਹੈ, ਇਹ ਕਲਕੱਤੇ ਦੀ ਸਭ ਤੋਂ ਉਚੀ ਬਿਲਡਿੰਗ ਹੈ।

ਅਚਾਨਕ, ਉਨ੍ਹਾਂ ਦੇ ਪਿਛੋਂ ਇੱਕ ਕਾਰ ਆਈ ਤੇ ਉਨ੍ਹਾਂ ਦੇ ਨੇੜੇ ਆ ਕੇ ਰੁਕ ਗਈ।

ਮੱਖਣ ਨੇ ਮੁੜ ਕੇ ਦੇਖਿਆ ਦੋਵੇਂ ਸਰਦਾਰ ਕਾਰ ਵਿੱਚ ਬੈਠੇ ਸਨ ਤੇ ਨਰਿੰਦਰ ਉਸ ਨੂੰ ਬੁਲਾ ਰਿਹਾ ਸੀ। ਦਲੀਪ ਤੇ ਨਰਿੰਦਰ ਬਚਪਨ ਵਿੱਚ ਉਸਦੇ ਨਾਲ ਖੇਡਦੇ ਰਹੇ ਸਨ। ਉਦੋਂ ਉਹ ਉਨ੍ਹਾਂ ਨੂੰ ਦੀਪੂ ਤੇ ਨਿੰਨੀ ਕਿਹਾ ਕਰਦਾ ਸੀ। ਪਰ ਜਦੋਂ ਉਹ ਕਲਕੱਤੇ ਆਇਆ ਸੀ ਤਾਂ ਉਨ੍ਹਾਂ ਦੀ ਸ਼ਾਨ ਤੇ ਸਜ ਧਜ ਦੇਖ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਨਾਂ ਲੈ ਕੇ ਸੰਬੋਧਨ ਕਰਨ ਦੀ ਹਿੰਮਤ ਨਹੀਂ ਸੀ ਕਰ ਸਕਿਆ। ਹੁਣ ਉਹ ਉਨ੍ਹਾਂ ਨੂੰ ਵੱਡਾ-ਛੋਟਾ ਸਰਦਾਰ ਤੇ ਛੋਟਾ-ਛੋਟਾ ਸਰਦਾਰ ਕਿਹਾ ਕਰਦਾ ਸੀ। ਜਿਵੇਂ ਕਿ ਦਫ਼ਤਰ ਤੇ ਫ਼ੈਕਟਰੀ ਦੇ ਸਾਰੇ ਲੋਕ ਕਹਿੰਦੇ ਸਨ।

ਗੱਡੀ 'ਚ ਬੈਠ ! ਤੇਰੇ ਨਾਲ ਕੁਝ ਗੱਲਾਂ ਕਰਨੀਆਂ ਹਨ। ਨਰਿੰਦਰ ਨੇ ਡਰਾਈਵਰ ਦੀ ਵੱਖੀ ਵੱਲ ਇਸ਼ਾਰਾ ਕਰਦੇ ਹੋਏ ਉਸਨੂੰ ਬੈਠਣ ਲਈ ਕਿਹਾ।

ਮੱਖਣ ਸੁਲੇਖ ਤੋਂ ਆਗਿਆ ਲੈ ਕੇ ਗੱਡੀ ਵਿੱਚ ਬੈਠ ਗਿਆ। ਰਾਹ ਵਿੱਚ ਉਨ੍ਹਾਂ ਨੇ ਕੋਈ ਗੱਲ ਬਾਤ ਨਾ ਕੀਤੀ। ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਦੋਵੇਂ ਸਰਦਾਰ ਕੁਝ ਸੋਚ ਰਹੇ ਸਨ। ਇੱਕ ਅੱਧ ਵਾਰ ਉਨ੍ਹਾਂ ਅੰਗਰੇਜ਼ੀ ਵਿੱਚ ਕੋਈ ਗੱਲ ਕੀਤੀ, ਜਿਸ ਨੂੰ ਮੱਖਣ ਬਿਲਕੁਲ ਨਾ ਸਮਝ ਸਕਿਆ।

ਘਰ ਪਹੁੰਚ ਕੇ ਦੋਹਾਂ ਛੋਟੇ ਸਰਦਾਰਾਂ ਨੇ ਮੱਖਣ ਨੂੰ ਆਪਣੇ ਸਾਹਮਣੇ ਕੁਰਸੀ 'ਤੇ ਬਿਠਾ ਲਿਆ ਤੇ ਇਧਰ ਉਧਰ ਦੀਆਂ ਗੱਲਾਂ ਆਰੰਭ ਦਿੱਤੀਆਂ। ਫੇਰ ਛੋਟੇ ਸਰਦਾਰ ਨੇ ਕਹਿਣਾ ਸ਼ੁਰੂ ਕੀਤਾ:

ਹਾਂ ਬਈ, ਮੱਖਣ ਸਿੰਹਾਂ ! ਇਕ ਜ਼ਰੂਰੀ ਗੱਲ, ਜੋ ਤੇਰੇ ਨਾਲ ਕਰਨੀ ਸੀ, ਉਹ ਇਹ ਹੈ ਕਿ ਅਸੀਂ ਬੰਬਈ ਪਿਤਾ ਜੀ ਨੂੰ ਤੇਰੇ ਆਉਣ ਦੀ ਖ਼ਬਰ ਦਿੱਤੀ ਸੀ। ਉਨ੍ਹਾਂ ਦੀ ਚਿੱਠੀ ਆਈ ਕਿ ਤੇਰੇ ਰਹਿਣ ਤੇ ਖਾਣ ਪੀਣ ਦਾ ਕੀ ਬੰਦੋਬਸਤ ਕੀਤਾ ਹੈ ? ਅਸੀਂ ਉਨ੍ਹਾਂ ਨੂੰ ਸਭ ਕੁਝ ਦਸਿਆ ਤਾਂ ਸਾਨੂੰ ਬੜੀ ਝਾੜ ਪਾਈ ਕਿ ਮੱਖਣ ਸਿੰਘ ਉਨ੍ਹਾਂ ਦੇ ਮਿੱਤਰ ਦਾ ਪੁੱਤਰ ਹੈ। ਉਸਨੂੰ ਆਪਣੇ ਘਰ ਦਾ ਬੰਦਾ ਸਮਝੋ, ਘਰ ਵਿੱਚ ਰੱਖੋ ਅਤੇ ਰੋਟੀ ਵੀ ਖੁਆਓ। ਉਹ ਨਵਾਂ ਨਵਾਂ ਕਲਕੱਤੇ ਆਇਆ ਹੈ, ਸੋ ਹਰ ਤਰ੍ਹਾਂ ਦਾ ਖ਼ਿਆਲ ਰੱਖੋ। ਪਰ ਦੇਖੇਂ ਨਾ ! ਸਾਥੋਂ ਗ਼ਲਤੀ ਹੋ ਗਈ ਸੀ। ਸੋ ਆਸ ਹੈ ਤੂੰ ਖ਼ਿਆਲ ਨਹੀਂ ਕਰੇਂਗਾ। ਹਾਂ ਤੇ ਅਜ ਤੋਂ ਰੋਟੀ ਇਥੇ ਖਾਇਆ ਕਰ।

ਆਜ ਸੇ ਸਰਦਾਰ ਕਾ ਭੀ ਖਾਨਾ ਬਨੇਗਾ। ਉਸਨੇ ਮੱਖਣ ਸਿੰਘ ਵੱਲ ਇਸ਼ਾਰਾ ਕਰ ਕੇ ਨੌਕਰ ਨੂੰ ਸਮਝਾਇਆ।

ਬਾਕੀ ਰਹੀ ਇੱਥੇ ਰਹਿਣ ਦੀ ਗੱਲ, ਉਸਨੇ ਫਿਰ ਮੱਖਣ ਨੂੰ ਸੰਬੋਧਨ ਕਰ ਕੇ ਕਹਿਣਾ ਸ਼ੁਰੂ ਕੀਤਾ, ਸੋ ਤੂੰ ਦੇਖ ਹੀ ਰਿਹਾ ਹੈਂ ਕਿ ਥਾਂ ਥੋਹੜੀ ਹੈ। ਘਰ ਦੇ ਬੰਦੇ ਹੀ ਕਾਫ਼ੀ ਨੇ ਤੇ ਪ੍ਰਾਹੁਣੇ ਵੀ ਆਉਂਦੇ ਜਾਂਦੇ ਰਹਿੰਦੇ ਨੇ। ਸੋ ਹਾਲੀ ਤੂੰ ਓਥੇ ਚੌਕੀਦਾਰ ਦੇ ਨਾਲ ਵਾਲੀ ਕੋ......ਹਾਂ ਕੁਆਰਟਰ ਵਿੱਚ ਰਹੁ, ਫੇਰ ਤੇਰਾ ਇਥੇ ਆਉਣ ਦਾ ਇੰਤਜ਼ਾਮ ਕਰ ਦਿਆਂਗੇ ਸਮਝ ਗਿਆ ਨਾ ਤੂੰ।

ਮੱਖਣ ਨੇ ਸਿਰ ਹਿਲਾਇਆ। ਉਸ ਦੇ ਦਿਲ ਵਿੱਚ ਦੀਪ ਤੇ ਨਿੰਨੀ ਵਿਰੁੱਧ ਥੋਹੜਾ ਜਿਹਾ ਗਿਲਾ ਪੈਦਾ ਹੋ ਗਿਆ ਸੀ, ਦੂਰ ਹੋ ਗਿਆ। ਇੱਕ ਤਾਂ ਨਿੰਨੀ ਨੇ ਆਪ ਉਸਨੂੰ ਮੱਖਣ ਸਿੰਹਾਂ ਆਖ ਕੇ ਸੰਬੋਧਨ ਕੀਤਾ ਸੀ, ਜਿਸ ਵਿੱਚ ਉਸ ਨੂੰ ਆਪਣੇ ਤੇ ਉਨ੍ਹਾਂ ਦੇ ਆਯੂ ਵਿੱਚ ਵੱਡੇ ਹੋ ਜਾਣ ਦਾ ਇਹਸਾਸ ਸੀ। ਤੇ ਬਚਪਨ ਵਾਲੀ ਖੁਲ੍ਹ ਵਰਤਣੀ ਮੁਨਾਸਬ ਨਹੀਂ ਸੀ ਜਾਪੀ। ਦੂਜੇ ਚੋਖਾ ਚਿਰ ਇੱਕ ਦੂਜੇ ਤੋਂ ਦੂਰ ਰਹਿਣ ਨਾਲ ਵੀ ਤਕਲਫ਼ ਪੈਦਾ ਹੋ ਜਾਣਾ ਜ਼ਰੂਰੀ ਸੀ। ਉਸ ਨੇ ਸੋਚਿਆ ਕਿ ਜਦੋਂ ਉਹ ਉਥੇ ਜਾ ਕੇ ਰਹੇਗਾ ਤਾਂ ਹੌਲੀ ਹੌਲੀ ਇਹ ਤਕੱਲਫ਼ ਵੀ ਦੂਰ ਹੋ ਜਾਏਗਾ। ਇਹ ਸੋਚ ਕੇ ਉਹ ਸੰਤੁਸ਼ਟ ਹੋ ਗਿਆ ਸੀ।

ਹਾਂ ਬਈ ! ਐਤਕੀ ਵੱਡੇ ਸਰਦਾਰ ਨੇ ਕਹਿਣਾ ਸ਼ੁਰੂ ਕੀਤਾ, ਤੂੰ ਇਥੇ ਨਵਾਂ ਨਵਾਂ ਆਇਆ ਏਂ, ਜ਼ਰਾ ਹੁਸ਼ਿਆਰ ਰਹੀਂ ਤੇ ਬੰਗਾਲੀਆਂ ਤੋਂ ਖ਼ਾਸ ਕਰਕੇ ਬਚ ਕੇ ਰਹੀਂ, ਇਹ ਬੜੇ ਖ਼ਤਰਨਾਕ ਲੋਕ ਨੇ। ਜੇ ਕਿਤੇ ਕੋਈ ਲੜਾਈ ਲੜਦਾ ਹੋਵੇ ਤਾਂ ਬਿਲਕੁਲ ਦਖ਼ਲ ਨਹੀਂ ਦੇਣਾ, ਨਾ ਛੁਡਾਣ ਦਾ ਜਤਨ ਕਰਨਾ, ਨਹੀਂ ਤਾਂ ਇਹ ਬੰਗਾਲੀ ਉਸਦਾ ਪਿੱਛਾ ਛੱਡ ਕੇ ਤੇਰੇ ਮਗਰ ਹੋ ਜਾਣਗੇ। ਤੇ ਜ਼ਰਾ ਕੋਈ ਗੱਲ ਹੋਈ ਨਹੀਂ ਤੇ ਇਹ ਸਭ ਬੰਗਾਲੀ ਭੂੰਡਾਂ ਵਾਂਗ ਕੱਠੇ ਹੋਏ ਨਹੀਂ।

ਹੱਛਾ, ਮੱਖਣ ਹੈਰਾਨ ਹੋ ਰਿਹਾ ਸੀ।

ਹਾਂ, ਹੋਰ ਸੁਣ ! ਉਸ ਨੇ ਟੁੱਟੀ ਲੜੀ ਨੂੰ ਜੋੜਦਿਆਂ ਆਰੰਭ ਕੀਤਾ, ਬਸ ਵਿੱਚ ਜਾਂ ਟਰਾਮ ਵਿੱਚ ਜੇ ਥਾਂ ਔਰਤਾਂ ਲਈ ਰੀਜ਼ਰਵ ਹੋਵੇ ਉਸਤੇ ਭੁਲਕੇ ਵੀ ਨਾ ਬੈਠ ਜਾਵੀਂ ਕਿਤੇ। ਭਾਵੇਂ ਉਥੇ ਕੋਈ ਔਰਤ ਬੈਠੀ ਹੋਵੇ ਜਾਂ ਨਾ, ਭਾਵੇਂ ਸਾਰੀ ਗੱਡੀ ਵਿੱਚ ਕੋਈ ਜ਼ਨਾਨੀਂ ਨਾ ਹੋਵੇ। ਨਹੀਂ ਤਾਂ ਇਹ ਲੋਕ ਤੈਨੂੰ ਚੰਬੜ ਹੀ ਜਾਣਗੇ। ਇਹ ਇਸ ਲਈ ਕਹਿ ਰਿਹਾ ਹਾਂ ਕਿ ਸਾਡੇ ਪਾਸੇ ਜ਼ਨਾਨੀਆਂ ਦੀਆਂ ਸੀਟਾਂ ਵੱਖਰੀਆਂ ਨਹੀਂ ਹੁੰਦੀਆਂ।

ਇਹ ਤਾਂ ਬੜੀ ਅਜੀਬ ਗੱਲ ਏ ਕਿ ਥਾਂ ਖ਼ਾਲੀ ਹੋਵੇ ਫੇਰ ਵੀ ਉਸਤੇ ਬੈਠਿਆ ਨ ਜਾਵੇ। ਮੱਖਣ ਦੇ ਲਹਿਜੇ ਵਿੱਚ ਹੈਰਾਨੀ ਦੇ ਨਾਲ ਨਾਲ ਡਰ ਵੀ ਰਲਿਆ ਹੋਇਆ ਸੀ।

ਇਕ ਗੱਲ ਤੈਨੂੰ ਹੋਰ ਦੱਸ ਦਈਏ, ਵੱਡਾ ਛੋਟਾ ਸਰਦਾਰ ਬੋਲਿਆ, ਸਾਡੇ ਪਾਸੇ ਆਮ ਰਿਵਾਜ ਏ ਕਿ ਮਰਦ ਔਰਤਾਂ ਲਈ ਸੀਟ ਖ਼ਾਲੀ ਕਰ ਦਿੰਦੇ ਨੇ। ਇਥੇ ਇਹ ਕੰਮ ਭੁਲ ਕੇ ਵੀ ਨਾ ਕਰ ਬੈਠੀਂ। ਤੇ ਇਹ ਹਰਾਮਜ਼ਾਦੇ ਤੇਰੇ ਮਗਰ ਪੈ ਜਾਣਗੇ ਕਿ ਤੂੰ ਸੀਟ ਦਿੱਤੀ ਤੇ ਕਿਉਂ। ਉਸ ਨੂੰ ਬੁਲਾਇਆ ਈ ਕਿਉਂ।

ਹੁਣ ਮੱਖਣ ਬਹੁਤ ਡਰ ਗਿਆ ਸੀ।

ਹਾਂ ! ਵੱਡੇ ਛੋਟੇ ਸਰਦਾਰ ਨੇ ਲੜੀ ਜੋੜੀ, ਅੱਜ ਤੂੰ ਉਸ ਬੰਗਾਲੀ ਨਾਲ ਜਾ ਰਿਹਾ ਸੈਂ, ਜ਼ਰਾ ਹੁਸ਼ਿਆਰ ਰਹੀਂ। ਤੂੰ ਆਪਣਾ ਬੰਦਾ ਹੈਂ, ਇਸ ਲਈ ਕਿਹ ਰਹੇ ਹਾਂ ਨਹੀਂ ਤਾਂ ਸਾਨੂੰ ਕੀ ਗ਼ਰਜ਼ ਹੋਰ ਸਿਰ-ਖਪਾਈ ਕਰੀਏ। ਜੋ ਕਿਸੇ ਦੇ ਜੀ ਆਵੇ, ਕਰੇ। ਐਸਾ ਨਾ ਹੋਏ ਕਿਸੇ ਮੁਸੀਬਤ ਵਿੱਚ ਫਸ ਜਾਏਂ।

ਪਰ ਸੁਲੇਖ ਤਾਂ ਬੁਰਾ ਆਦਮੀ ਨਹੀਂ ਮਲੂਮ ਹੁੰਦਾ। ਮੱਖਣ ਬੋਲਿਆ, ਉਹ ਰੋਜ਼ ਮੇਰੇ ਨਾਲ ਢਾਬੇ ਤਕ ਜਾਂਦਾ ਏ ਤੇ ਮੈਨੂੰ ਕਲਕੱਤੇ ਦੀ ਸੈਰ ਕਰਾਂਦਾ ਏ।

ਓਹੋ ! ਤੈਨੂੰ ਨਹੀਂ ਪਤਾ, ਛੋਟਾ ਸਰਦਾਰ ਬੋਲਿਆ, ਇਹ ਬੰਗਾਲੀ ਭੁੱਖੇ ਨੰਗੇ ਲੋਕ ਨੇ। ਹੱਡ ਹਰਾਮ, ਮਿਹਨਤ ਕਰਦਿਆਂ ਇਨ੍ਹਾਂ ਨੂੰ ਮੌਤ ਪੈਂਦੀ ਏ। ਕੰਮ ਕਰ ਨਹੀਂ ਸਕਦੇ। ਇਸ ਲਈ ਆਮਦਨੀ ਥੋਹੜੀ ਹੁੰਦੀ ਹੈ। ਖ਼ਰਚਾ ਪੂਰਾ ਕਰਨ ਲਈ ਇਹ ਤਰ੍ਹਾਂ ਤਰ੍ਹਾਂ ਦੀ ਚਾਰ ਸੌ ਵੀਹ ਕਰਦੇ ਨੇ। ਸੁਲੇਖ ਦੀਓ ਲੈ ਲੈ, ਇਹ ਜੋ ਤੇਰੇ ਨਾਲ ਯਰਾਨਾ ਵਧਾ ਰਿਹਾ ਏ, ਹੌਲੀ ਹੌਲੀ ਤੈਨੂੰ ਆਪਣੇ ਘਰ ਲੈ ਜਾਏਗਾ, ਉੱਥੇ ਕਿਸੇ ਆਪਣੇ ਚਾਚੇ, ਮਾਮੇ ਜਾਂ ਮਾਸੀ ਦੀ ਧੀ ਨਾਲ ਤੇਰੀ ਵਾਕਫ਼ੀ ਕਰਾ ਦੇਵੇਗਾ। ਉਹ ਕੁੜੀ ਤੈਨੂੰ ਫਸਾ ਲਏਗੀ। ਫੇਰ ਇਹ ਲੋਕ ਇਹ ਇਲਜ਼ਾਮ ਲਾ ਕੇ ਕਿ ਤੂੰ ਕੁੜੀ ਨੂੰ ਖ਼ਰਾਬ ਕਰਨ ਦਾ ਜਤਨ ਕੀਤਾ ਏ, ਤੇਰੇ ਉੱਤੇ ਮੁਕੱਦਮਾ ਚਲਾਣ ਦੀ ਧਮਕੀ ਦੇ ਕੇ ਕੁਝ ਨਾ ਕੁਝ ਤੈਥੋਂ ਬਟੋਰ ਲੈਣਗੇ।

ਮੱਖਣ ਬੜਾ ਹੀ ਡਰ ਗਿਆ ਸੀ। ਉਸ ਦੇ ਦਿਲ ਅੰਦਰ ਬੰਗਾਲੀਆਂ ਲਈ ਘਿਰਣਾ ਪੈਦਾ ਹੋ ਗਈ ਸੀ। ਉਹ ਬੋਲਿਆ,ਸੁਲੇਖ ਅੱਜ ਮੈਨੂੰ ਆਪਣੇ ਘਰ ਲੈ ਜਾਣ ਲਈ ਕਹਿ ਰਿਹਾ ਸੀ।

ਦੇਖਿਆ ! ਛੋਟੇ ਨੇ ਵੱਡੇ ਵਲ ਦੇਖ ਕੇ ਕਿਹਾ, ਹੋਈ ਨਾ ਉਹੋ ਗੱਲ।

ਨੌਕਰ ਨੇ ਰੋਟੀ ਤਿਆਰ ਹੋਣ ਦੀ ਇਤਲਾਹ ਦਿੱਤੀ। ਉਹ ਦੋਵੇਂ ਉਠ ਕੇ ਡਾਈਨਿੰਗ ਰੂਮ ਵਿੱਚ ਚਲੇ ਗਏ। ਮੱਖਣ ਵੀ ਉਨ੍ਹਾਂ ਦੇ ਨਾਲ ਹੀ ਚਲਾ ਗਿਆ। ਉਸ ਦਿਨ ਉਸ ਨੂੰ ਸੱਚੀ ਮੁੱਚੀ ਖਾਣ ਦਾ ਸੁਆਦ ਆ ਗਿਆ। ਕਈ ਤਰ੍ਹਾਂ ਦੇ ਖਾਣੇ ਬਣੇ ਹੋਏ ਸਨ। ਪਹਿਲਾਂ ਤਾਂ ਉਹ ਘਬਰਾਇਆ ਕਿ ਕਿਹੜੀ ਚੀਜ਼ ਪਹਿਲਾਂ ਖਾਏ ਤੇ ਕਿਹੜੀ ਪਿਛੋਂ। ਫੇਰ ਉਸ ਨੇ ਉਸੇ ਤਰ੍ਹਾਂ ਖਾਣਾ ਸ਼ੁਰੂ ਕਰ ਦਿੱਤਾ, ਜਿਸ ਤਰ੍ਹਾਂ ਦੋਵੇਂ ਸਰਦਾਰ ਖਾ ਰਹੇ ਸਨ।

ਜਦੋਂ ਰੋਟੀ ਖਾ ਚੁਕੇ ਤਾਂ ਨਿਰੰਦਰ ਨੇ ਕਿਹਾ, ਅਸੀਂ ਰੋਟੀ ਜ਼ਰਾ ਚਿਰਾਕੀ ਖਾਂਦੇ ਹੁੰਦੇ ਆਂ। ਤੈਨੂੰ ਜੇ ਭੁੱਖ ਲਗੇ ਤਾਂ ਸਾਡੀ ਉਡੀਕ ਕਰਨ ਦੀ ਲੋੜ ਨਹੀਂ। ਜਿਸ ਵੇਲੇ ਜੀ ਚਾਹੇ, ਨਿਝਕ ਨੌਕਰ ਕੋਲੋਂ ਮੰਗ ਲਈਂ, ਤੇਰਾ ਆਪਣਾ ਈ ਘਰ ਏ।

ਜਦੋਂ ਮੱਖਣ ਨੇ ਹਾਂ ਵਿੱਚ ਸਿਰ ਹਿਲਾਇਆ ਤਾਂ ਉਹ ਬੋਲਿਆ, ਚੰਗਾ ਹੁਣ ਤੂੰ ਜਾ ਫੇਰ, ਤੈਨੂੰ ਨੀਂਦ ਆਈ ਹੋਵੇਗੀ।

ਮੱਖਣ ਤੁਰਨ ਲਗਾ ਤਾਂ ਉਸ ਨੇ ਪਿਛੋਂ ਆਵਾਜ਼ ਦੇ ਕੇ ਕਿਹਾ, ਤੇ ਹਾਂ ਫ਼ੈਕਟਰੀ ਵਿੱਚ ਵੀ ਇਨ੍ਹਾਂ ਬੰਗਾਲੀਆਂ ਦਾ ਖ਼ਿਆਲ ਰਖਿਆ ਕਰ। ਇਹ ਹਰਾਮ ਖ਼ੋਰ, ਕੰਮ ਕੁਝ ਨਹੀਂ ਕਰਦੇ ਤੇ ਗੱਲਾਂ ਕਰਦੇ ਨੇ। ਸ਼ਰਾਰਤਾਂ ਕਰਨ ਤੇ ਗੱਲਾਂ ਬਣਾਨ ਵਿੱਚ ਬਹੁਤ ਤਾਕ ਨੇ।

ਬੰਗਾਲੀਆਂ ਦੀ ਹਰਾਮਜ਼ਦਗੀ ਦਾ ਸਬੂਤ ਉਸ ਨੂੰ ਅਗਲੇ ਦਿਨ ਹੀ ਮਿਲ ਗਿਆ ਸੀ। ਲੰਚ ਟਾਈਮ ਵਿੱਚ ਉਹ ਦਫ਼ਤਰ ਦੇ ਲਾਗੇ ਭੌਂ ਰਿਹਾ ਸੀ ਤਾਂ ਉਸਨੇ ਦੇਖਿਆ ਇਕ ਬੰਗਾਲੀ ਛੋਟੇ ਸਰਦਾਰ ਨਾਲ ਬਹੁਤ ਗਰਮ ਸਰਦ ਹੋ ਰਿਹਾ ਸੀ ਤੇ ਬੰਗਾਲੀ ਪੈਕਰਾਂ ਵਿੱਚ ਉਸ ਲਈ ਖ਼ਾਸ ਹਮਦਰਦੀ ਦਾ ਜਜ਼ਬਾ ਸੀ। ਪਰ ਉਸਦੇ ਆਪਣੇ ਦਿਲ ਵਿੱਚ ਬੰਗਾਲੀਆਂ ਲਈ ਘਿਰਨਾ ਤੇ ਹਿਕਾਰਤ ਪੈਦਾ ਹੋ ਰਹੀ ਸੀ।

ਸੋ ਅੱਜ ਛੁਟੀ ਤੋਂ ਪਿਛੋਂ, ਜਦੋਂ ਸੁਲੇਖ ਨੇ ਉਸਨੂੰ ਰੋਟੀ ਦਾ ਸੱਦਾ ਦਿਤਾ ਤਾਂ ਉਸਦੇ ਕੰਨ ਇੱਕ ਦਮ ਖੜੇ ਹੋ ਗਏ ਤੇ ਉਹ ਉਸ ਨੂੰ ਛੱਡਕੇ ਸਰਦਾਰਾਂ ਦੇ ਘਰ ਚਲਾ ਗਿਆ।

ਉਹ ਪਰਦਾ ਚੁਕ ਕੇ ਅੰਦਰ ਜਾਣ ਹੀ ਲਗਾ ਸੀ ਕਿ ਉਸਦੇ ਕੰਨਾਂ ਵਿੱਚ ਛੋਟੇ ਸਰਦਾਰ ਦੀ ਅਵਾਜ਼ ਪਈ। ਉਹ ਨੇਪਾਲੀ ਨੌਕਰ ਨੂੰ ਡਾਂਟ ਰਿਹਾ ਸੀ ਕਿ ਉਸ ਨੇ ਮੱਖਣ ਨੂੰ ਕਲ੍ਹ ਉਨ੍ਹਾਂ ਦੇ ਨਾਲ ਹੀ ਖਾਣ ਲਈ ਕਿਉਂ ਬਿਠਾ ਦਿੱਤਾ ਸੀ।

ਹਮ ਨਹੀਂ ਜਾਨਤਾ ਸਾਹਿਬ, ਨੇਪਾਲੀ ਨੌਕਰ ਨੇ ਆਪਣੀ ਸਫ਼ਾਈ ਪੇਸ਼ ਕੀਤੀ, ਤੁਮ ਬੋਲਾ ਸਰਦਾਰ ਭੀ ਖਾਏਗਾ, ਹਮ ਨੇ ਸਮਝਾ, ਵੁਹ ਤੁਮਾਰਾ ਕੋਈ ਨਾਤੇਦਾਰ ਸਰਦਾਰ ਹੈ।

ਅੱਛਾ ਬਹੁਤੀ ਬਕ ਬਕ ਨਾ ਕਰ, ਸਰਦਾਰ ਦੀ ਆਵਾਜ਼ ਆਈ, ਅਗੋਂ ਤੋਂ ਉਸ ਨੂੰ ਸਾਡੇ ਵਾਲੀ ਰੋਟੀ ਨਹੀਂ ਦੇਣੀ। ਨੌਕਰ ਲੋਗ ਵਾਲੀ ਰੋਟੀ ਦੇਣੀ ਹੈ ਸਮਝਾ।

ਨੌਕਰ ਜੀ ਕਹਿ ਕੇ ਚਲਾ ਗਿਆ।

ਮੱਖਣ ਦੇ ਦਿਲ ਤੇ ਦਾਤੀ ਫਿਰ ਗਈ। ਉਹ ਸਮਝ ਗਿਆ ਕਿ ਉਹ ਉਸ ਨੂੰ ਕਿੰਨਾ ਕੁ ਆਪਣਾ ਸਮਝਦੇ ਸਨ। ਉਸ ਨੂੰ ਦੀਪੂ ਤੇ ਨਿੰਨੀ ਤੇ ਬੜਾ ਗੁੱਸਾ ਆਇਆ। ਪਰ ਫੇਰ ਉਸ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਸੋਚਿਆ, ਕਿ ਉਹ ਉਨ੍ਹਾਂ ਦਾ ਨੌਕਰ ਹੀ ਤਾਂ ਹੈ। ਜੇ ਉਨ੍ਹਾ ਉਸ ਨੂੰ ਨੌਕਰਾਂ ਵਾਲੀ ਰੋਟੀ ਦੇਣ ਲਈ ਕਿਹਾ ਤਾਂ ਕੀ ਅਜੀਬ ਗੱਲ ਹੋਈ। ਤੇ ਉਸ ਨੇ ਫ਼ੈਸਲਾ ਕਰ ਲਿਆ, ਉਹ ਉਨ੍ਹਾਂ ਕੋਲ ਨੌਕਰ ਬਣ ਕੇ ਹੀ ਰਹੇਗਾ, ਆਪਣਾ ਬਣਕੇ ਨਹੀਂ। ਉਸਨੇ ਹੌਲੀ ਜਿਹੀ ਪਰਦਾ ਚੁਕਿਆ ਤੇ ਅੰਦਰ ਚਲਾ ਗਿਆ।

ਆ ਬਈ ਮੱਖਣ ਸਿੰਹਾਂ, ਛੋਟੇ ਸਰਦਾਰ ਨੇ ਬੁਲ੍ਹਾਂ ਤੇ ਮੁਸਕਣੀ ਲਿਆ ਕੇ ਕਿਹਾ ਮੱਖਣ ਨੂੰ ਇਹ ਮੁਸਕਣੀ ਬਿਲਕੁਲ ਬਣਾਉਟੀ ਜਾਪੀ। ਉਸ ਬਿਲਕੁਲ ਕਿਸੇ ਜਜ਼ਬੇ ਤੋਂ ਖ਼ਾਲੀ ਆਵਾਜ਼ ਵਿਚ ਕਿਹਾ, ਜੀ ਆਇਆ ਹਾਂ।

ਚੰਗਾ ਫਿਰ ਤੂੰ ਰੋਟੀ ਖਾ ਲੈ। ਵੱਡੇ ਸਰਦਾਰ ਨੇ ਕਿਹਾ।

ਤੇ ਤੁਸੀਂ ? ਮੱਖਣ ਨੇ ਚੰਗੇ ਭਲੇ ਜਾਣਦੇ ਬੁਝਦੇ ਅਣਜਾਣ ਬਣ ਕੇ ਪੁਛਿਆ।

ਸਾਨੂੰ ਕੁਝ ਚਿਰ ਲਗੂ ਕੁਝ ਪ੍ਰਾਹੁਣੇ ਆਉਣ ਵਾਲੇ ਨੇ। ਤੈਨੂੰ ਭੁੱਖ ਲਗੀ ਹੋਏਗੀ ਤੂੰ ਰੋਟੀ ਖਾ ਲੈ। ਨਾਲੇ ਤੈਨੂੰ ਇੱਕ ਕੰਮ ਵੀ ਭੇਜਣਾ ਹੈ।

ਮੱਖਣ ਚੁੱਪ-ਚਾਪ ਚਲਾ ਗਿਆ। ਨੌਕਰ ਨੇ ਉਸਨੂੰ ਨੌਕਰਾਂ ਵਾਲੀ ਰੋਟੀ ਦੇ ਦਿੱਤੀ। ਉਹ ਰੋਟੀ ਖਾ ਕੇ ਬਾਹਰ ਜਾਣ ਹੀ ਲਗਾ ਸੀ ਕਿ ਸਰਦਾਰ ਨੇ ਉਸ ਨੂੰ ਵਾਜ ਮਾਰੀ ਤੇ ਉਸ ਨੂੰ ਨਿਊ ਮਾਰਕੀਟ ਦਾ ਪਤਾ ਦਸ ਕੇ ਉਥੋਂ ਫਲ ਖ਼ਰੀਦ ਲਿਆਉਣ ਲਈ ਕਿਹਾ। ਤੇ ਉਸ ਨੂੰ ਸਮਝਾ ਦਿੱਤਾ ਕਿ ਫਲ ਇਸ ਤਰ੍ਹਾਂ ਛੋਪਲੀ ਜਿਹੀ ਰਸੋਈਏ ਨੂੰ ਦੇ ਦੇਵੇ ਕਿਸੇ ਨੂੰ ਪਤਾ ਤੀਕ ਨਾ ਲਗ ਸਕੇ।

ਮੱਖਣ ਨੇ ਦਸਾਂ ਰੁਪਈਆਂ ਦਾ ਨੋਟ ਫੜ ਲਿਆ ਤੇ ਚਲਾ ਗਿਆ ਚੁੱਪ ਕਰ ਕੇ। ਫਲ ਲਿਆ ਕੇ ਉਸਨੇ ਛੋਪਲੀ ਜਿਹੀ ਰਸੋਈਏ ਨੂੰ ਪਹੁੰਚਾ ਦਿੱਤੇ।

ਇਸ ਵੇਲੇ ਡਰਾਇੰਗ ਰੂਮ ਵਿੱਚ ਬੜੀ ਰੌਣਕ ਲਗੀ ਹੋਈ ਸੀ। ਬਹੁਤ ਸਾਰੇ ਲੋਕ ਆਏ ਹੋਏ ਸਨ। ਇਨ੍ਹਾਂ ਵਿਚ ਛੀ ਸਤ ਬੰਗਾਲੀ ਵੀ ਸਨ, ਜੋ ਕਪੜਿਆਂ ਤੇ ਸ਼ਕਲ ਸੂਰਤਾਂ ਤੋਂ ਸਰਦਾਰਾਂ ਵਾਂਗ ਹੀ ਅਮੀਰ ਆਦਮੀ ਮਲੂਮ ਹੁੰਦੇ ਸਨ। ਇਨ੍ਹਾਂ ਵਿੱਚ ਇੱਕ ਗੋਰੇ ਗੋਲ ਮੋਲ ਚਿਹਰੇ ਤੇ ਐਨਕ ਵਾਲੇ ਬੰਗਾਲੀ ਨਾਲ ਸਾਰੇ ਲੋਕ ਬੜੇ ਸਤਿਕਾਰ ਨਾਲ ਪੇਸ਼ ਆ ਰਹੇ ਸਨ। ਮੱਖਣ ਨੇ ਬਹਾਦੁਰ ਨੂੰ ਪੁਛਿਆ ਕਿ ਉਹ ਕੌਣ ਸੀ ?

ਬੰਗਾਲੀ ਲੋਗ ਕਾ ਬੜਾ ਲੀਡਰ।

ਕੁਆਰਟਰ ਵਲ ਜਾਂਦੇ ਜਾਂਦੇ ਮੱਖਣ ਸੋਚ ਰਿਹਾ ਸੀ ਕਿ ਸਰਦਾਰਾਂ ਨੇ ਤੇ ਉਸ ਨੂੰ ਬੰਗਾਲੀਆਂ ਨਾਲ ਮੇਲ ਜੋਲ ਰਖਣਾ ਮਨ੍ਹਾ ਕੀਤਾ ਸੀ। ਪਰ ਆਪ ਉਨ੍ਹਾਂ ਹੀ ਖ਼ਤਰਨਾਕ ਲੋਕਾਂ ਦੀਆਂ ਦਾਅਵਤਾਂ ਕਰਦੇ ਹਨ।

ਦੂਸਰੇ ਦਿਨ ਫੈਕਟਰੀ ਵਿੱਚ ਛੁੱਟੀ ਹੋਈ ਤੇ ਮੱਖਣ ਆਪਣੀ ਆਖ਼ਰੀ ਡਿਊਟੀ ਦੇ ਕੇ ਭਾਵ ਸਭ ਦੇ ਖੀਸੇ ਟੋਹ ਕੇ ਬਾਹਰ ਨਿਕਲਿਆ ਤਾਂ ਸੁਲੇਖ ਉਸਦੀ ਉਡੀਕ ਕਰ ਰਿਹਾ ਸੀ। ਪਰ ਅੱਜ ਉਸ ਨੇ ਉਸ ਦੇ ਮੋਢੇ ਤੇ ਹੱਥ ਨਾ ਰਖਿਆ।

ਤੂੰ ਤਾਂ ਸਰਦਾਰਾਂ ਦੇ ਘਰ ਜਾ ਰਿਹਾ ਹੋਏਂਗਾ। ਸੁਲੇਖ ਨੇ ਪੁੱਛਿਆ, ਮੇਰੇ ਨਾਲ ਤਾਂ ਨਹੀਂ ਚਲੇਂਗਾ ?

ਮੱਖਣ ਨੇ ਇਕ ਵਾਰੀ ਸੁਲੇਖ ਵਲ ਦੇਖਿਆ। ਕੁਝ ਚਿਰ ਚੁੱਪ ਰਿਹਾ ਤੇ ਫਿਰ ਬੋਲਿਆ। ਨਹੀਂ ਦਾਦਾ ! ਮੈਂ ਤੇਰੇ ਨਾਲ ਹੀ ਚਲਾਂਗਾ। ਰੋਟੀ ਕੁਝ ਚਿਰ ਪਿਛੋਂ ਖਾ ਲਵਾਂਗਾ।

ਚਾਹ ਪੀਏਂਗਾ ? ਸੁਲੇਖ ਨੇ ਪੁਛਿਆ।

ਮੱਖਣ ਨੇ ਸਿਰ ਹਿਲਾਇਆ ਤੇ ਦੋਵੇਂ ਲਾਗਲੇ ਮਿਸ਼ਟਾਨ ਭੰਡਾਰ ਵਿੱਚ ਚਲੇ ਗਏ। ਨੌਕਰ ਨੇ ਮਿੱਟੀ ਦੇ ਭਾਂਡੇ ਵਿੱਚ ਚਾਹ ਲਿਆ ਕੇ ਮੇਜ਼ 'ਤੇ ਰੱਖ ਦਿੱਤੀ।

(ਬਾਕੀ ਸਫ਼ਾ 31 'ਤੇ)

# ਮੇਰੀ ਕਲਮ

## ਕਵਿਤਾ

### ਗੁਰਵਿੰਦਰ ਸਿੰਘ ਹਸਨਪੁਰੀ



ਆ ਗਿਆ ਵਸਾਖ ਕੁੜੇ ਮੁੱਕ ਜਾਣਾ ਚੇਤ।
ਦੇਖੀ ਸੋਨੇ ਰੰਗੇ ਹੋ ਜਾਣੇ ਦਿਨਾਂ ਵਿੱਚ ਖੇਤ।

ਆਈਆ ਬੱਲੀਆਂ ਤੇ ਨਖਰੋ ਤਿਆਰ ਹੋ ਗਈ।
ਜੱਟ ਦੀ ਫਸਲ ਮੁਟਿਆਰ ਹੋ ਗਈ ।

ਆਉਦੀਂ ਸੰਗਰਾਂਦ ਦੀ ਵਿਸਾਖੀ ਸੋਹਣਿਆ।
ਜਦੋਂ ਕਣਕਾਂ ਪਾਉਦੇ ਜੱਟ ਦਾਤੀ ਸੋਹਣਿਆ।

ਧੁੱਪਾਂ ਦੇਖ ਕਿਵੇ ਨੇ ਸ਼ਰਾਬੀਆ ਹੋ ਗਈ ਆ।
ਮੇਰੇ ਦਿਲ ਦੀਆਂ ਸਧਰਾਂ ਗੁਲਾਬੀ ਹੋ ਗਈ ਆ।

ਅੰਬੀਆਂ ਦੇ ਬੂਰ ਉੱਤੇ ਆਉਣ ਮੱਖੀਆ ।
ਢੋਲੇ, ਮਾਹੀਏ, ਟੱਪੇ ਗੀਤ ਗਾਉਣ ਮੱਖੀਆ।

ਤੂੰ ਵੀ ਤਾ ਕੁਝ ਫਰਮਾ ਦੇ ਸੋਹਣਿਆ ।
ਹਸਨਪੁਰੀ ਗੀਤ ਕੋਈ ਸੁਣਾ ਦੇ ਸੋਹਣਿਆ।

ਸੋਲਵੇ ਵਰੇ 'ਚ ਕੀਤੀ ਭੁੱਲ ਵਰਗਾ।
ਕੋਈ ਗੀਤ ਲਿਖੀ ਸਰੋਂ ਆ ਦੇ ਫੁੱਲ ਵਰਗਾ।

## ਵੰਡ ਨੇ ਪਾਈ ਜੋ ਲੀਕ

### ਕਮਲਜੀਤ ਕੌਰ ਕਮਲ



ਵੰਡ ਨੇ ਪਾਈ ਸੀ ਜੋ ਲੀਕ,
ਸਾਡੇ ਵਿਚਕਾਰ ।
ਝੱਲ ਰਹੀਆਂ ਨੇ ਅੱਜ ਵੀ,
ਉਸੇ ਵੰਡ ਦੀ ਮਾਰ ।
ਧੀਆਂ ਜੋ ਰਹਿ ਗਈਆਂ,
ਕੁਝ ਏਸ ਪਾਰ !
ਕੁਝ ਓਸ ਪਾਰ !
ਹਉਕੇ ਤੇ ਹਾਵਾਂ ਨੇ ਪੱਲੇ,
ਕੀ ਭਾਣਾ ਵਰਤਿਆ ?
ਮੇਰੇ ਪਰਵਰਦਿਗਾਰ !
ਕਿਉਂ ਹੋ ਗਈਆਂ
ਆਪਣਿਆਂ ਤੋਂ ਪਰੇ,
ਨਾ ਹੋਇਆ ਮੁੜ ਦੀਦਾਰ !
ਭੁੱਲੀਆਂ ਨਾ ਮਰਦੇ ਦਮ ਤੱਕ,
ਰੂਹ ਤੇ ਝੱਲੇ ਉਨ੍ਹਾਂ ਜੋ ਵਾਰ ।
ਹੁੰਦੀਆਂ ਰਹੀਆਂ ਜੋ,
ਰਿਸ਼ਤਿਆਂ ਦੇ ਨਾਂ 'ਤੇ ।
ਹੈਵਾਨੀਅਤ ਦਾ ਸ਼ਿਕਾਰ
ਕੁਝ ਸਰਹੱਦ ਦੇ ਏਸ ਪਾਰ !
ਕੁਝ ਸਰਹੱਦ ਦੇ ਓਸ ਪਾਰ !

## ਦਿਲ ਇੱਕ ਹੈ ਅਰਮਾਨ ਬਹੁਤ ਨੇ

### ਦੀਪਕ ਜੈਤੋਈ



ਦਿਲ ਇੱਕ ਹੈ ਅਰਮਾਨ ਬਹੁਤ ਨੇ
ਕੁਝ ਜਜ਼ਬੇ ਬਲਵਾਨ ਬਹੁਤ ਨੇ
ਇਸ਼ਕ ਦੇ ਪੈਂਡੇ ਮੁਸ਼ਕਿਲ-ਮੁਸ਼ਕਿਲ
ਵੇਖਣ ਵਿੱਚ ਆਸਾਨ ਬਹੁਤ ਨੇ
ਲੱਭਦਾ ਹੈ ਇਨਸਾਨ ਕਿਤੇ ਹੀ
ਦੁਨੀਆਂ ਵਿੱਚ ਹੈਵਾਨ ਬਹੁਤ ਨੇ
ਮੋਮਿਨ ਬੇ-ਈਮਾਨ ਬੜੇ ਹਨ
ਕਾਫ਼ਿਰ ਬਾ-ਈਮਾਨ ਬਹੁਤ ਨੇ
ਖ਼ੁਸ਼ ਹੋ ਕੇ ਸਿਰ ਕਟਵਾਉਂਦੇ ਹਨ
ਦਿਲ ਵਾਲੇ ਨਾਦਾਨ ਬਹੁਤ ਨੇ
'ਸਰਮਦ' ਜਾਂ 'ਮਨਸੂਰ' ਹੈ ਕੋਈ
ਸ਼ਾਹ ਬਹੁਤ, ਸੁਲਤਾਨ ਬਹੁਤ ਨੇ
ਯਾਦਾਂ, ਜ਼ਖਮ, ਦਾਗ਼ ਕੁਰਲਾਟ੍ਹਾਂ
ਇਸ ਦਿਲ ਵਿੱਚ ਮਹਿਮਾਨ ਬਹੁਤ ਨੇ
ਤਿਰਸ਼ੂਲਾਂ - ਸੰਗੀਨਾਂ -ਰਫ਼ਲਾਂ
ਪੂਜਾ ਦੇ ਸਾਮਾਨ ਬਹੁਤ ਨੇ
'ਦੀਪਕ' ਵਰਗੇ ਨਿਰਧਨ ਜੱਗ ਵਿੱਚ
'ਫ਼ਨ' ਕਰਕੇ ਧਨਵਾਨ ਬਹੁਤ ਨੇ

## ਗੋਰੇ ਨੈਣਾਂ ਮਰ ਜਾਣਿਆਂ ਨੇ

### ਗੁਰਮੀਤ ਕੌਰ ਸੰਧਾ



ਗੋਰੇ ਨੈਣਾਂ ਮਰ ਜਾਣਿਆਂ ਨੇ ਨੀਰ ਹੌਲੀ ਹੌਲੀ ।
ਧੋਤੀ ਜਾਣ ਲੱਗੀ ਤੇਰੀ ਤਸਵੀਰ ਹੌਲੀ ਹੌਲੀ ।
ਹਾਸੇ ਭਾਣੇ ਤੇਰੀ ਗੱਲ ਦਾ ਹੁੰਗਾਰਾ ਭਰ ਬੈਠੇ ,
ਫਿਰ ਹੋ ਗਿਆ ਉਹ ਮਸਲਾ ਗੰਭੀਰ ਹੌਲੀ ਹੌਲੀ ।
ਪਹਿਲਾਂ ਆਉਂਦੇ ਸੀ ਗੁਲਾਬ ਦੀ ਸੁਗੰਧ ਜਹੇ ਸੁਨੇਹੇ ,
ਫੇਰ ਔਣ ਲੱਗੇ ਤਾਹਨਿਆਂ ਦੇ ਤੀਰ ਹੌਲੀ ਹੌਲੀ ।
ਜਿਹੜੇ ਸਾਹਾਂ ਤੋਂ ਪਿਆਰੇ ਸੀ ਉਹ ਹੋ ਗਏ ਪਰਾਏ ,
ਇੰਜ ਕਹਿਰਵਾਨ ਹੋਈ ਤਕਦੀਰ ਹੌਲੀ ਹੌਲੀ ।
ਚੋਰੀ ਹੋ ਗਏ ਮੁਹੱਬਤਾਂ ਦੇ ਗੁੱਡੀਆਂ ਪਟੋਲੇ ,
ਬਾਕੀ ਰਹਿ ਗਈ ਭੁਲੇਖਿਆਂ ਦੀ ਲੀਰ ਹੌਲੀ ਹੌਲੀ ।
ਜਿਹੜੇ ਖ਼ਤ ਉਹਨੂੰ ਪਾਏ ਸੀ ਬਰੰਗ ਮੁੜ ਆਏ ,
ਜਿਵੇਂ ਦਰੋਂ ਖਾਲੀ ਮੁੜਦੈ ਫ਼ਕੀਰ ਹੌਲੀ ਹੌਲੀ ।
ਸਾਡੀ ਤਾਂਘ ਦੇ ਬੰਬੀਹੇ ਜਦੋਂ ਰਹਿਣਗੇ ਪਿਆਸੇ,
ਆਪੇ ਮਰ ਮੁੱਕ ਜਾਣਗੇ ਅਖੀਰ ਹੌਲੀ ਹੌਲੀ ।
ਜਿਹੜੇ ਅੱਲਾ ਨੇ ਮਿਲਾਇਆ ਤੇਰਾ ਸਾਡੜਾ ਸੰਯੋਗ ,
ਓਸੇ ਮੇਟ ਤੀ ਮਿਲਾਪ ਦੀ ਲਕੀਰ ਹੌਲੀ ਹੌਲੀ ।
ਸੋਹਲ ਖ਼ਾਬਾਂ ਦਿਆਂ ਪੋਟਿਆਂ 'ਚੋ ਚਿਰਾਂ ਦੇ ਪੜੁੱਛੇ ,
ਤੇਰੀ ਬੇਰੁਖ਼ੀ ਦੇ ਕੱਢਾਂਗੇ ਕਸੀਰ ਹੌਲੀ ਹੌਲੀ ।

## ਦਰਬਾਰ-ਏ-ਅੰਮ੍ਰਿਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਭੋਲੇ ਭਾਲੇ ਸਿੱਖਾਂ ਨੂੰ ਸਵਾਲ ਐਸਾ ਪਾਇਆ ਏ,
ਸੁਣ ਕੇ ਹੈਰਾਨ ਹਰ ਸਿੱਖ ਘਬਰਾਇਆ ਏ,
ਹਰ ਪਾਸੇ ਚੁੱਪ ਦਾ ਸੰਨਾਟਾ ਡਾਢਾ ਛਾਇਆ ਏ।
ਰੱਬੀ ਨੂਰ ਚਿਹਰਾ ਅਨੋਖੀ ਭਾ ਮਾਰਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ।
ਚੋਣਵੇਂ ਦਲੇਰ ਯੋਧੇ ਪੰਜ ਅੱਗੇ ਆਂਵਦੇ,
ਦਾਤੇ ਦੇ ਹੁਕਮ ਅੱਗੇ ਸੀਸ ਨੇ ਝੁਕਾਂਵਦੇ,
ਤੇਰੇ ਹੀ ਹਾਂ ਦਾਸ ਦਾਤਾ ਮੁੱਖੋਂ ਕਹਿ ਸੁਣਾਂਵਦੇ।
ਬਲੀਦਾਨੀ ਜਜ਼ਬਾ ਏ ਦੇਖੋ ਠਾਠਾਂ ਮਾਰਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ।

ਕੀਤਾ ਏ ਤਿਆਰ ਅੱਜ ਖ਼ਾਲਸਾ ਅਨੋਖਾ ਜੀ,
ਇੱਕ ਪੰਥ ਇੱਕ ਜ਼ਾਤ ਇੱਕੋ ਇੱਕ ਲੋਕਾ ਜੀ,
ਹੱਕ ਸੱਚ ਇੱਕ ਹੈ ਫ਼ਰੇਬ ਨਾ ਕੋਈ ਧੋਖਾ ਜੀ।
ਇੱਕ ਝੰਡੇ ਹੇਠਾਂ ਪਿਤਾ ਸਭ ਨੂੰ ਖਲਾਹਰਦਾ।
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।
ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ।

ਆਪੇ ਗੁਰੂ ਬਣੇ ਕਦੀ ਆਪੇ ਫੇਰ ਚੇਲਾ ਏ,
ਸੰਤ ਤੋਂ ਸਿਪਾਹੀ ਬਣ ਜਾਣ ਵਾਲਾ ਵੇਲਾ ਏ,
ਤਲੀ ਉੱਤੇ ਸੀਸ ਦਾ ਵੀ ਸ਼ੌਂਕ ਅਲਬੇਲਾ ਏ।
ਦਾਨੀ ਦਾਨ ਕਰਕੇ ਵੀ ਜ਼ਰਾ ਨਾ ਚਿਤਾਰਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।

ਲੱਗਾ ਦਰਬਾਰ ਮੇਰੇ ਸੋਹਣੇ ਦਾਤਾਰ ਦਾ,
ਜਾਮੇ ਅੰਮ੍ਰਿਤ ਦੇ ਕੇ ਜਨਮ ਸੰਵਾਰਦਾ।

## ਰਾਹਾਂ ਦੀ ਤਿਲਕਣ

### ਸੁਰਜੀਤ ਪਾਤਰ



ਸਹੀ ਹੈ ਮਾਲਕੋ, ਰਾਹਾਂ ਦੀ ਤਿਲਕਣ
ਗਲਤ ਸੀ ਮੇਰਿਆਂ ਪੈਰਾਂ ਦੀ ਥਿੜਕਣ
ਖਿਮਾ ਕਰਨਾ ਕਿ ਮੈਥੋਂ ਭੁੱਲ ਹੋ ਗਈ
ਬਿਨਾ ਪੁੱਛਿਆਂ ਹੀ ਕਰ ਦਿੱਤਾ ਮੈਂ ਚਾਨਣ
ਸਿਰਫ ਇੱਕ ਮੈਂ ਹੀ ਤਾਂ ਚਿਹਰਾ ਹਾਂ ਮੈਲਾ
ਉਹ ਸਾਰੇ ਸ਼ੀਸ਼ਿਆਂ ਦੇ ਵਾਂਗ ਲਿਸ਼ਕਣ
ਜੋ ਸਾਡਾ ਹਾਲ ਪੁੱਛਣ ਦੁੱਖ ਪਛਾਨਣ
ਉਨ੍ਹਾਂ ਨੂੰ ਕਹਿ ਨਾ ਐਵੇਂ ਖਾਕ ਛਾਨਣ
ਨਹੀਂ ਪੁਗਦੀ ਕਦੇ ਵੀ ਜੀਂਦਿਆਂ ਨੂੰ
ਇਹ ਸਾਹਾਂ ਦੀ ਹਵਾਵਾਂ ਨਾਲ ਅਣਬਣ
ਜਿਨ੍ਹਾਂ ਖਾਤਰ ਸਾਂ ਹੁਣ ਤਕ ਉਮਰ ਕੈਦੀ
ਪਤਾ ਨਈਂ ਉਹ ਪਛਾਨਣ ਨਾ ਪਛਾਨਣ
ਬਹੁਤ ਦਿਨ ਹੋ ਗਏ ਹੋਈ ਨਾ ਛਣਛਣ
ਹੈ ਝਾਂਜਰ ਨਾਲ ਕੀ ਪੈਰਾਂ ਦੀ ਅਣਬਣ

## ਸੁਪਨੇ

### ਅੰਮ੍ਰਿਤਾ ਪ੍ਰੀਤਮ



ਜਿਉਂ ਕੋਈ ਨਿੱਕਾ ਪੰਛੀ ਜਾ ਕੇ
ਡੂੰਘੀ ਸੰਘਣੀ ਰੱਖ ਦੇ ਅੰਦਰ
ਇੱਕ ਆਲ੍ਹਣਾ ਪਾਏ
ਸੱਜਾ ਹੱਥ ਮੇਰਾ ਨਸ਼ਿਆਇਆ
ਉਹਦੀਆਂ ਦੋ ਤਲੀਆਂ ਵਿੱਚ ਬੈਠਾ
ਸੁਪਨੇ ਕਈ ਬਣਾਏ
ਇੱਕ ਦਿਨ ਰੱਜ ਖੇਡੀਆਂ ਉਂਗਲਾਂ
ਤਲੀਆਂ ਦੀ ਉਸ ਧਰਤੀ ਉੱਤੇ
ਕਿਤਨੇ ਘਰ ਘਰ ਪਾਏ
ਫੇਰ ਜਿਵੇ ਕੋਈ ਅਲਤਾ ਖੇਡੇ,
ਮੁੱਠਾਂ ਦੇ ਵਿੱਚ ਭਰ ਕੇ ਸੁਪਨੇ
ਅੱਖਾਂ ਨੂੰ ਉਸ ਲਾਏ
ਵਰ੍ਹਿਆਂ ਉੱਤੇ ਵਰ੍ਹੇ ਬੀਤ ਗਏ,
ਰੰਗ ਕੋਈ ਨਾ ਖੁਰੇ ਇਨਾਂ ਦਾ
ਲੱਖਾਂ ਅੱਥਰੂ ਆਏ
ਚਿੱਟਾ ਚਾਨਣ ਢੋਈ ਨਾ ਦੇਵੇ ,
ਅੱਖਾਂ ਵਿੱਚ ਖਲੋਤੇ ਸੁਪਨੇ
ਰਾਤ ਬੀਤਦੀ ਜਾਏ

## ਕਿਸ ਤਰ੍ਹਾਂ ਦੀ ਰੁੱਤ ਸੀ ਸਭ ਬੇਵਫ਼ਾ ਹੁੰਦੇ ਗਏ

### ਸੁਖਵਿੰਦਰ ਅੰਮ੍ਰਿਤ

ਕਿਸ ਤਰ੍ਹਾਂ ਦੀ ਰੁੱਤ ਸੀ ਸਭ ਬੇਵਫ਼ਾ ਹੁੰਦੇ ਗਏ
ਹੌਲੀ ਹੌਲੀ ਬਿਰਖ ਦੇ ਪੱਤੇ ਜੁਦਾ ਹੁੰਦੇ ਗਏ

ਕਰ ਗਏ ਕਿੰਨਾ ਸਫ਼ਰ ਨਾਜ਼ੁਕ ਜਿਹੇ ਉਹ ਲੋਕ ਵੀ
ਪਾਣੀਓਂ ਪੱਥਰ ਹੋਏ, ਪੱਥਰੋਂ ਖ਼ੁਦਾ ਹੁੰਦੇ ਗਏ

ਪਹਿਲਾਂ ਸਨ ਉਹ ਹਮਕਲਮ ਫਿਰ ਖ਼ਾਬ ਤੇ ਫਿਰ ਭਰਮ
ਹੌਲੀ ਹੌਲੀ ਜ਼ਿੰਦਗੀ 'ਚੋਂ ਲਾਪਤਾ ਹੁੰਦੇ ਗਏ

ਮੇਰਿਆਂ ਸ਼ੇਅਰਾਂ 'ਚ ਜਿਉਂ ਜਿਉਂ ਜ਼ਿਕਰ ਵਧਿਆ ਚੰਨ ਦਾ
ਤੜਪ ਉੱਠੀਆਂ ਕਾਲਖਾਂ, ਨ੍ਹੇਰੇ ਖ਼ਫ਼ਾ ਹੁੰਦੇ ਗਏ

ਫੈਲੀਆਂ ਛਾਵਾਂ, ਖਿੜੇ ਗੁੰਚੇ ਤੇ ਕਲੀਆਂ ਟਹਿਕੀਆਂ
ਮਾਂ ਅਸੀਸਾਂ ਹੋ ਗਈ, ਬੱਚੇ ਦੁਆ ਹੁੰਦੇ ਗਏ

## ਗ਼ਜ਼ਲ

### ਸਿਮਬਰਨ ਕੌਰ ਸਾਬਰੀ

ਹੈ ਤੇਰੇ ਅੰਦਰ ਤਾਕਤ ਜਜ਼ਬੇ ਨਾਲ ਲੜਨ ਦੀ ਚਾਹਤ
ਸਾਹਮਣੇ ਹਿੱਕ ਤਾਣ ਗੁਫ਼ਤੂਗੁ ਕਰਨ ਦੀ ਚਾਹਤ

ਤੇ ਜੋਸ਼ ਨਾਲ ਤਿਰੰਗਾ ਹੱਥ ਵਿੱਚ ਫੜਨ ਦੀ ਚਾਹਤ
ਦਿਲ ਵਿੱਚ ਰੱਖਕੇ ਜਿਗਰਾ ਦੇਸ਼ ਲਈ ਮਰਨ ਦੀ ਚਾਹਤ

ਚੰਗੀ ਸੋਚ ਨੂੰ ਦਿਮਾਗ ਦੇ ਫਰੇਮ ਵਿੱਚ ਮੜਨ ਦੀ ਚਾਹਤ
ਬੜੇ ਠਰੰਮੇ ਨਾਲ ਦੂਸਰੇ ਦੀ ਗੱਲ ਜਰਨ ਦੀ ਚਾਹਤ

ਖੋਟੀਆਂ ਸਰਕਾਰਾਂ ਲਈ ਸਾਜਿਸ਼ ਘੜਨ ਦੀ ਚਾਹਤ
ਕੌਮ ਦੇ ਵਰਿਸਾਂ ਲਈ ਖ਼ੂਨ ਦੀ ਬੋਤਲ ਭਰਨ ਦੀ ਚਾਹਤ

ਹੈ ਤੁਹਾਡੇ ਅੰਦਰ ਪੰਜਾਬੀ ਸਾਹਿਤ ਨੂੰ ਪੜਨ ਦੀ ਚਾਹਤ
ਭੀੜ ਦੇ ਮੈਦਾਨ ਵਿੱਚ ਮੀਂਹ ਵਾਂਗ ਵਰਨ ਦੀ ਚਾਹਤ

# ਸਿਹਤਮੰਦ ਸਮਾਜ ਲਈ ਖੇਡਾਂ ਵਿੱਚ ਹਿੱਸਾ ਲੈਣਾ ਜ਼ਰੂਰੀ

**ਬਲਜਿੰਦਰ ਮਾਨ**



ਕਹਿੰਦੇ ਨੇ- ਵਿਹਲਾ ਮਨ ਸ਼ੈਤਾਨ ਦਾ ਕਾਰਖਾਨਾ ਹੁੰਦਾ ਹੈ, ਇਸ ਲਈ ਜੇ ਅਸੀਂ ਵਿਹਲ ਦਾ ਸਹੀ ਇਸਤੇਮਾਲ ਕਰਨਾ ਹੈ ਤਾਂ ਉਹ ਨੇ ਸਾਡੇ ਖੇਡ ਮੈਦਾਨ; ਜਿਥੇ ਪੰਜਾਬ ਦੀ ਜੁਆਨੀ ਨੇ ਨਿਖਰਨਾ ਅਤੇ ਨਿਸਰਨਾ ਹੈ। ਜੇ ਇਹ ਖੇਡ ਮੈਦਾਨ ਜੁਆਨਾਂ ਨਾਲ ਭਰੇ ਹੋਣਗੇ ਤਾਂ ਸਮਝੋ ਪੰਜਾਬ ਚੜ੍ਹਦੀ ਕਲਾ ਵੱਲ ਵਧ ਰਿਹਾ ਹੈ।

ਸਾਡੇ ਬਚਪਨ ਨੂੰ ਬਸਤੇ ਦੇ ਭਾਰ ਅਤੇ ਨੈੱਟ ਦੇ ਮਾਇਆ-ਜਾਲ ਨੇ ਖਾ ਲਿਆ ਹੈ। ਹਰ ਮਾਂ ਆਪਣੇ ਕੰਮ ਨਿਬੇੜਨ ਵਾਸਤੇ ਬੱਚੇ ਹੱਥ ਖਿਡਾਉਣੇ ਦੇਣ ਦੀ ਬਜਾਇ ਮੋਬਾਈਲ ਫੋਨ ਫੜਾ ਰਹੀ ਹੈ ਜਿਸ ਦੇ ਨਤੀਜਿਆਂ ਬਾਰੇ ਅਜੇ ਅਸੀਂ ਸਭ ਅਵੇਸਲੇ ਹੋਏ ਬੈਠੇ ਹੈ। ਮੋਬਾਈਲ ਜਾਂ ਕੰਪਿਊਟਰ 'ਤੇ ਗੇਮ ਖੇਡਣਾ ਕੋਈ ਸਿਹਤਮੰਦ ਰੁਝਾਨ ਨਹੀਂ ਹੈ। ਜੇ ਅਸੀਂ ਬਾਲ ਮਨ, ਬੁੱਧੀ ਅਤੇ ਸਰੀਰ ਦਾ ਵਿਕਾਸ ਕਰਨਾ ਹੈ ਤਾਂ ਉਸ ਨੂੰ ਨੱਚਣ ਕੁੱਦਣ ਦਾ ਸਮਾਂ ਜ਼ਰੂਰ ਦੇਣਾ ਪਵੇਗਾ। ਪੁਰਾਣੇ ਜ਼ਮਾਨੇ ਵਿੱਚ ਅਸੀਂ ਗਲੀਆਂ ਵਿੱਚ ਲੁਕਣਮੀਚੀ, ਛੁਹਣ-ਛੁਆਈ, ਬਾਂਦਰ ਕੀਲਾ, ਕਬੱਡੀ, ਘੋਲ ਅਤੇ ਪਤਾ ਨਹੀਂ ਹੋਰ ਕਿੰਨੀਆਂ ਪੁਰਾਤਨ ਖੇਡਾਂ ਖੇਡਦੇ ਸਾਂ। ਇਹਨਾਂ ਖੇਡਾਂ ਨਾਲ ਸਾਡਾ ਸਰਬਪੱਖੀ ਵਿਕਾਸ ਹੁੰਦਾ ਸੀ। ਪਿੰਡਾਂ ਦਾ ਸਿਆਣਾ ਖਿਡਾਰੀ ਜਾਂ ਵਿਅਕਤੀ ਇਹਨਾਂ ਖੇਡਾਂ ਲਈ ਕੋਚ ਵੀ ਬਣ ਜਾਂਦਾ ਸੀ; ਭਾਵ ਕਿਸੇ ਨੂੰ ਫਾਊਲ ਨਾ ਖੇਡਣ ਦਿੰਦਾ। ਬਸ ਜੀਵਨ ਵੀ ਖੇਡ ਹੀ ਹੈ ਜਿਸ ਵਿਚੋਂ ਫਾਊਲ ਖੇਡਣ ਦੀ ਆਦਤ ਨੂੰ ਮਾਰਨਾ



ਹੈ। ਜੋ ਅੱਜ ਸਾਡੀ ਦਸ਼ਾ ਬਣੀ ਹੈ, ਇਹ ਸਾਡੇ ਆਗੂਆਂ ਤੇ ਅਧਿਕਾਰੀਆਂ ਦੁਆਰਾ ਫਾਊਲ ਖੇਡਣ ਕਰਕੇ ਬਣੀ ਹੈ। ਰਾਤੋ-ਰਾਤ ਕੁਝ ਵੀ ਨਹੀਂ ਹੁੰਦਾ। ਹਰ ਕੰਮ ਲਈ ਸਮੇਂ ਦੀ ਲੋੜ ਹੁੰਦੀ ਹੈ।

ਪੁਰਾਤਨ ਖੇਡਾਂ ਤਾਂ ਬੱਚੇ ਪਿੰਡਾਂ ਵਿੱਚ ਹੀ ਖੇਡਦੇ ਸਨ। ਇਹ ਖੇਡਾਂ ਉਦੋਂ ਖੇਡੀਆਂ ਜਾਂਦੀਆਂ ਸਨ ਜਦੋਂ ਸਾਰੇ ਬੱਚੇ ਸਕੂਲ ਨਹੀਂ ਸਨ ਜਾਂਦੇ। ਅੱਜ ਕੱਲ੍ਹ ਤਾਂ ਤਿੰਨ ਸਾਲ ਦਾ ਬੱਚਾ ਨਰਸਰੀ ਜਮਾਤ ਦਾ ਵਿਦਿਆਰਥੀ ਬਣ ਜਾਂਦਾ ਹੈ। ਉਸ ਨੇ ਸਭ ਖੇਡਾਂ ਸਕੂਲਾਂ ਵਿੱਚ ਹੀ ਖੇਡਣੀਆਂ ਹਨ। ਇਸ ਲਈ ਜੇ ਅਸੀਂ ਮੈਡਲਾਂ ਵਾਲੇ ਖਿਡਾਰੀ ਪੈਦਾ ਕਰਨੇ ਹਨ ਤਾਂ ਉਹਨਾਂ ਦੀ ਕਾਂਟ-ਛਾਂਟ ਵੀ ਨਰਸਰੀ ਪੱਧਰ 'ਤੇ ਹੀ ਕੀਤੀ ਜਾਣੀ ਬਣਦੀ ਹੈ। ਹਰ ਪ੍ਰਾਇਮਰੀ ਸਕੂਲ ਵਿੱਚ ਤਿਆਰ ਹੋ ਰਹੇ ਖਿਡਾਰੀ ਤੇ ਅਥਲੀਟ ਵਾਸਤੇ ਕਲੱਸਟਰ ਪੱਧਰ 'ਤੇ ਕੋਚਿੰਗ ਦਾ ਪ੍ਰਬੰਧ ਸਰਕਾਰਾਂ ਦੁਆਰਾ ਕੀਤਾ ਜਾਵੇ।ਅੱਜ ਦਾ ਯੁਗ ਤਕਨੀਕ ਦਾ ਯੁੱਗ ਹੈ। ਇਸ ਲਈ ਖਿਡਾਰੀ ਨੂੰ ਆਧੁਨਿਕ ਤਕਨੀਕ ਅਤੇ ਆਧੁਨਿਕ ਸਾਜ਼ੋ-ਸਮਾਨ ਨਾਲ ਲੈਸ ਕਰਨ ਦੀ ਜ਼ਰੂਰਤ ਹੈ। ਸਕੂਲ ਪੱਧਰ 'ਤੇ ਤਿਆਰ ਕੀਤੇ ਜਾ ਰਹੇ ਖਿਡਾਰੀਆਂ ਦੀ ਡਾਈਟ ਅਤੇ ਕੋਚਿੰਗ ਦਾ ਵੀ ਵਧੀਆ ਪ੍ਰਬੰਧ ਕੀਤਾ ਜਾਵੇ।

ਹਰ ਸਕੂਲ ਦੇ ਹੋਣਹਾਰ ਖਿਡਾਰੀਆਂ ਦੀ ਵਿਸ਼ੇਸ਼ ਕੈਂਪਾਂ ਰਾਹੀ ਕੋਚਿੰਗ ਕਰਵਾਉਣੀ ਲਾਜ਼ਮੀ ਕੀਤੀ ਜਾਵੇ। ਜਿਹੜੇ ਖਿਡਾਰੀ ਬਲਾਕ ਜਾਂ ਕਲੱਸਟਰ ਪੱਧਰ 'ਤੇ ਮੱਲਾਂ ਮਾਰਦੇ ਹਨ, ਉਹਨਾਂ ਦੇ ਵਿਸ਼ੇਸ਼ ਕੈਂਪ ਲਗਾ ਕੇ ਤਿਆਰੀ ਕਰਵਾਉਣੀ ਚਾਹੀਦੀ ਹੈ। ਮੁਕਾਬਲਿਆਂ ਵਿੱਚ ਹੁੰਦੀਆਂ ਹੇਰਾਫੇਰੀਆਂ ਰੋਕਣ ਦੀ ਖਾਸ ਜ਼ਰੂਰਤ ਹੈ। ਭਾਈ ਭਤੀਜਾਵਾਦ ਕਾਰਨ ਕਈ ਵਾਰ ਯੋਗ ਖਿਡਾਰੀ ਰਹਿ ਜਾਂਦੇ ਹਨ। ਯੁਵਕ ਸੇਵਾਵਾਂ ਵਿਭਾਗ ਪੰਜਾਬ ਨੂੰ ਪਿੰਡਾਂ ਦੀਆਂ ਖੇਡ ਕਲੱਬਾਂ ਅਤੇ ਨੌਜਵਾਨ ਕਲੱਬਾਂ ਨੂੰ ਸਰਗਰਮ ਕਰਨ ਦੀ ਜ਼ਰੂਰਤ ਹੈ। ਹੁਣ ਕਾਗਜ਼ੀ ਕੰਮ ਨਹੀਂ ਸਗੋਂ ਜ਼ਮੀਨੀ ਪੱਧਰ 'ਤੇ ਸਭ ਕੁਝ ਕਰਨ ਦੀ ਜ਼ਰੂਰਤ ਹੈ। ਨਹਿਰੂ ਯੁਵਾ ਕੇਂਦਰ ਸੰਗਠਨ (ਭਾਰਤ ਸਰਕਾਰ) ਦਾ ਵੀ ਇਹਨਾਂ ਗਤੀਵਿਧੀਆਂ ਵਿਚ ਸਹਿਯੋਗ ਲਿਆ ਜਾ ਸਕਦਾ ਹੈ। ਜਿਹੜੇ ਕਲੱਬ ਦਹਾਕਿਆਂ ਤੋਂ ਖੇਡ ਸਰਗਰਮੀਆਂ ਕਰ ਰਹੇ ਹਨ, ਉਹਨਾਂ ਦੇ ਪ੍ਰਬੰਧਕਾਂ



ਦੀ ਰਾਇ ਵੀ ਖੇਡ ਨੀਤੀ ਵਿੱਚ ਸ਼ਾਮਲ ਹੋਵੇ। ਇਹਨਾਂ ਸੰਸਥਾਵਾਂ ਦੀ ਸਰਪ੍ਰਸਤੀ ਕਰਨੀ ਵੀ ਸਰਕਾਰ ਦਾ ਟੀਚਾ ਹੋਣਾ ਚਾਗੀਦਾ ਹੈ। ਹਰ ਪਿੰਡ ਦੇ ਖਿਡਾਰੀ ਦੀ ਪ੍ਰਗਤੀ ਵਾਸਤੇ ਵਿਸ਼ੇਸ਼ ਉਪਰਾਲੇ ਕਰਨੇ ਪਿੰਡ ਦੀ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਪਿੰਡ ਦਾ ਨਾਮ ਉਸ ਨੇ ਮਸ਼ਹੂਰ ਕਰਨਾ ਹੁੰਦਾ ਹੈ।

ਪਿੰਡਾਂ ਦੀ ਖਾਲੀ ਪਈ ਜ਼ਮੀਨ ਨੂੰ ਖੇਡ ਮੈਦਾਨਾਂ ਵਿੱਚ ਤਬਦੀਲ ਕਰਨਾ ਚਾਹੀਦਾ ਹੈ। ਨੇੜਲੇ ਪੰਜਾਂ ਸੱਤਾਂ ਪਿੰਡਾਂ ਵਾਸਤੇ ਕੋਚਿੰਗ ਸੈਂਟਰ ਬਣਾਇਆ ਜਾਵੇ ਜਿਥੇ ਲਾਗਲੇ ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਆਪੋ-ਆਪਣਾ ਅਭਿਆਸ ਕਰ ਸਕਣ। ਉਹਨਾਂ ਦੀ ਕੋਚਿੰਗ ਵਾਸਤੇ ਮਾਹਿਰ ਕੋਚ ਸ਼ਾਮ ਸਵੇਰੇ ਹਾਜ਼ਰ ਹੋਣ ਤਾਂ ਕਿ ਉਹਨਾਂ ਦੀ ਖੇਡ ਕਲਾ ਨਿਖਰ ਸਕੇ। ਪਿੰਡ, ਸੈਂਟਰ, ਕਲੱਸਟਰ, ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣ ਤਾਂ ਜੋ ਖਿਡਾਰੀਆਂ ਵਿਚ ਮੁਕਾਬਲਾ ਤੇ ਉਤਸ਼ਾਹ ਵਧ ਸਕੇ। ਹੋਣਹਾਰ ਖਿਡਾਰੀਆਂ ਦੀ ਪੜ੍ਹਾਈ ਅਤੇ ਖੇਡ ਕੋਚਿੰਗ ਦਾ ਸਾਰਾ ਜਿੰਮਾ ਸਰਕਾਰ ਨੂੰ ਚੁੱਕਣਾ ਚਾਹੀਦਾ ਹੈ। ਜਿੱਤਾਂ ਮਗਰੋਂ ਉਹਨਾਂ ਵਾਸਤੇ ਨੌਕਰੀਆਂ ਅਤੇ ਮਾਣ ਸਨਮਾਨ ਵਿੱਚ ਕੋਈ ਕਮੀ ਨਾ ਰਹੇ। ਬਾਲ ਮਾਨਸਿਕਤਾ ਨੂੰ ਨੈੱਟ ਦੇ ਮਾਇਆ-ਜਾਲ ਨੇ ਰੱਦੀ ਕਰ ਦਿੱਤਾ ਹੈ। ਇਸ ਤੋਂ ਬਚਣ ਲਈ ਕੇਂਦਰ ਸਰਕਾਰ ਨੇ ਵੀ ਦੇਸੀ ਭਾਰਤੀ ਖੇਡਾਂ ਨੂੰ ਸਕੂਲ ਸਿਲੇਬਸ ਦਾ ਹਿੱਸਾ ਬਣਾਉਣ ਦੀ ਪਹਿਲਕਦਮੀ ਕੀਤੀ ਹੈ। ਤੇਜ਼ੀ ਨਾਲ ਗਿਰਾਵਟ ਵਲ ਵਧ ਰਹੀ ਮਾਨਸਿਕਤਾ ਨੂੰ ਬਚਾਉਣ ਦਾ ਹੱਲ ਵਿਹਲੇ ਮਨ ਨੂੰ ਖੇਡ ਗਤੀਵਿਧੀਆਂ ਵਿੱਚ ਲਾਉਣਾ ਹੈ।



# ਖਿਡਾਰੀਆਂ ਨੂੰ ਨਸ਼ੇ ਤੋਂ ਬਚਾਉਣ ਦੀ ਲੋੜ

**ਡਾ. ਜਸਵਿੰਦਰ ਸਿੰਘ ਬਰਾੜ**

ਡੋਪਿੰਗ ਜਾਂ ਡਰੱਗਜ਼ ਦਾ ਇਸਤੇਮਾਲ ਖਿਡਾਰੀ ਪ੍ਰਦਰਸ਼ਨ ਨੂੰ ਵਧਾਉਣ ਲਈ ਕਰਦੇ ਹਨ। ਇਸ ਦੀ ਵਰਤੋਂ ਖੇਡਾਂ ਦੀ ਸ਼ੁਰੂਆਤ ਤੋਂ ਲੈ ਕੇ ਹੀ ਹੋਈ ਹੈ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਪ੍ਰਾਚੀਨ ਕਾਲ 'ਚ ਖਿਡਾਰੀ ਆਪਣੇ ਆਪ ਨੂੰ ਸਰਵ ਉੱਤਮ ਬਣਾਉਣ ਲਈ ਕਾਫੀ ਸਾਰੇ ਗੈਰ-ਕਾਨੂੰਨੀ ਢੰਗਾਂ ਦਾ ਇਸਤੇਮਾਲ ਕਰਦੇ ਰਹੇ ਹਨ। ਸ਼ੁਰੂ ਤੋਂ ਹੀ ਜਿੱਤਣ ਵਾਲੇ ਦੀ ਬਹੁਤ ਜ਼ਿਆਦਾ ਵਾਹਵਾ ਅਤੇ ਹਾਰਨ ਵਾਲੇ ਨੂੰ ਫਿੱਟੇ ਮੂੰਹ ਕਹਿਣ ਵਾਲਿਆਂ ਕਾਰਨ ਹਰ ਕੋਈ ਜਿੱਤਣਾ ਚਾਹੁੰਦਾ ਸੀ ਅਤੇ ਹੈ। ਇਸ ਜਿੱਤ ਨੂੰ ਪ੍ਰਾਪਤ ਕਰਨ ਲਈ ਚਾਹੇ ਉਸ ਨੂੰ ਕੁਝ ਵੀ ਕਰਨਾ ਪਵੇ। ਜਿੱਤ ਨੂੰ ਪ੍ਰਾਪਤ ਕਰਨ ਲਈ ਚਾਹੇ ਆਪਣੀ ਜਾਨ ਦੀ ਬਾਜ਼ੀ ਲਾਉਣੀ ਪਵੇ ਜਾਂ ਸਰੀਰ ਦਾ ਕੁਝ ਵੀ ਨੁਕਸਾਨ ਕਰਾਉਣਾ ਪਵੇ, ਉਹ ਕਰਨ ਲਈ ਤਿਆਰ ਹੋ ਜਾਂਦੇ ਸਨ।

ਖੇਡਾਂ ਵਿੱਚ ਨਸ਼ਿਆਂ ਦੇ ਇਸਤੇਮਾਲ ਕਰਕੇ ਜਿੱਤਣਾ ਕੋਈ ਨਵੀਂ ਗੱਲ ਨਹੀਂ ਹੈ, ਪਰ ਹੁਣੇ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਜਾ ਰਹੀ ਹੈ। 1976 ਵਿੱਚ ਪੂਰਬੀ ਜਰਮਨ ਦੀ ਤੈਰਾਕੀ ਟੀਮ ਨੇ ਉਲੰਪਿਕ ਦੇ ਤੇਰਾਂ ਵਿੱਚੋਂ ਗਿਆਰਾਂ ਮੁਕਾਬਲੇ ਜਿੱਤੇ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਐਨਾਬੌਲਿਕ ਸਟੀਰਾਇਡ ਦੇਣ ਲਈ ਸਰਕਾਰ ਦੀ ਭਾਗੇਦਾਰੀ ਸਾਹਮਣੇ ਆਈ ਜਿਸ ਨੇ ਮੁਕਾਬਲੇ ਜਿੱਤਣ ਲਈ ਇਹ ਦਵਾਈਆਂ ਅਤੇ ਸਟੀਰੌਇਡ ਦਾ ਪ੍ਰਬੰਧ ਕੀਤਾ ਸੀ। 1992 'ਚ ਵਿੱਕੀ ਰਾਬੀ ਨੌਂਦੇ ਪੱਤਰਕਾਰ ਨੇ ਅਥਲੀਟਾਂ ਦੇ ਇੱਕ ਛੋਟੇ ਸਮੂਹ ਦੀ ਇੰਟਰਵਿਊ ਕੀਤੀ ਜਿਸ ਵਿੱਚੋਂ ਉਸ ਨੇ ਇਹ ਨਤੀਜਾ ਕੱਢਿਆ ਕਿ ਖਿਡਾਰੀਆਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਸਫਲ ਅਥਲੀਟ ਪਾਬੰਦੀਸ਼ੁਦਾ ਪਦਾਰਥਾਂ ਦੀ ਵਰਤੋਂ ਆਪਣੇ ਖੇਡ ਕੈਰੀਅਰ ਵਿੱਚ ਜ਼ਰੂਰ ਕਰਦੇ ਹਨ।

ਬਹੁਤ ਸਾਰੇ ਮਾਹਿਰ ਖੇਡਾਂ ਵਿੱਚ ਗ਼ੈਰਕਾਨੂੰਨੀ ਡੋਪਿੰਗ ਜਾਂ ਨਸ਼ਿਆਂ ਦੀ ਸ਼ੁਰੂਆਤ 1900 ਦੇ ਦਹਾਕੇ ਤੋਂ ਮੰਨਦੇ ਹਨ।



ਪਰ ਸ਼ੁਰੂ ਵਿੱਚ ਗੈਰ-ਕਾਨੂੰਨੀ ਤੌਰ 'ਤੇ ਨਸ਼ਾ ਕਰਨ ਵਾਲੇ ਅਥਲੀਟ ਮਨੁੱਖ ਨਹੀਂ ਸਨ ਬਲਕਿ ਘੋੜੇ ਸਨ। ਘੋੜਿਆਂ ਦੀ ਗਤੀ ਨੂੰ ਵਧਾਉਣ ਅਤੇ ਘੋੜ ਦੌੜ ਨੂੰ ਜਿੱਤਣ ਲਈ ਘੋੜਿਆਂ ਨੂੰ ਬਹੁਤ ਸਾਰੇ ਗ਼ੈਰ-ਕਾਨੂੰਨੀ ਪਦਾਰਥ ਦਿੱਤੇ ਜਾਂਦੇ ਸਨ।

1950 ਦੀਆਂ ਉਲੰਪਿਕ ਖੇਡਾਂ ਵਿੱਚ ਪ੍ਰਦਰਸ਼ਨ ਵਿੱਚ ਵਾਧਾ ਕਰਨ ਲਈ ਅਕਸਰ ਹੀ ਅਥਲੈਟਿਕਸ ਦੇ ਈਵੈਂਟਾਂ ਵਿੱਚ ਭਾਗ ਲੈਣ ਵਾਲੇ ਖਿਡਾਰੀ ਕਰਦੇ ਸਨ। ਇਹ ਉਲੰਪਿਕ ਦੇ ਸ਼ੁਰੂ ਤੋਂ ਹੀ ਚਿੰਤਾ ਦਾ ਵਿਸ਼ਾ ਬਣਿਆ ਰਿਹਾ ਹੈ। 1950 ਦੇ ਦਹਾਕੇ ਵਿੱਚ ਸੋਵੀਅਤ ਪ੍ਰਯੋਜਿਤ ਸਰਕਾਰੀ ਸਿਖਲਾਈ ਪ੍ਰੋਗਰਾਮਾਂ ਨੇ ਤਾਕਤ ਅਤੇ ਸ਼ਕਤੀ ਨੂੰ ਵਧਾਉਣ ਦੇ ਤਰੀਕੇ ਵਜੋਂ ਸਟੀਰਾਇਡ ਅਤੇ ਟੈਸਟੋਸਟੀਰੋਨ ਵਰਗੇ ਪਦਾਰਥਾਂ ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ ਸੀ। ਜਦਕਿ ਪ੍ਰਦਰਸ਼ਨ ਵਧਾਉਣ ਵਾਲੀਆਂ ਦਵਾਈਆਂ ਦੀ ਜਾਂਚ 1960 ਦੇ ਦਹਾਕੇ ਦੇ ਮੱਧ ਤਕ ਵਿਆਪਕ ਤੌਰ 'ਤੇ ਉਪਲੱਬਧ ਨਹੀਂ ਸੀ। ਉਸ ਤੋਂ ਬਾਅਦ ਵੀ ਡਾਕਟਰ ਉਹਨਾਂ ਸਾਰੀਆਂ ਦਵਾਈਆਂ ਦੀ ਪਹਿਚਾਣ ਨਹੀਂ ਕਰ ਸਕੇ ਜੋ ਅਥਲੀਟ ਵਰਤ ਰਹੇ ਸਨ।

ਇੱਥੇ ਇਹ ਸਵਾਲ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਆਖ਼ਿਰ ਅਥਲੀਟ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਿਉਂ ਕਰਦੇ ਹਨ? ਅਥਲੀਟਾਂ ਦੇ ਗ਼ੈਰ-ਕਾਨੂੰਨੀ ਪਦਾਰਥਾਂ ਦੇ ਇਸਤੇਮਾਲ ਕਰਨ ਦੇ ਬਹੁਤ ਸਾਰੇ ਕਾਰਨ ਹਨ। ਬਹੁਤ ਸਾਰੇ ਖਿਡਾਰੀ ਖੇਡਾਂ ਵਿੱਚ ਆਪਣੇ ਪ੍ਰਦਰਸ਼ਨ ਨੂੰ ਵਧਾਉਣ ਲਈ ਹੀ ਨਸ਼ਿਆਂ ਦਾ ਇਸਤੇਮਾਲ ਕਰਦੇ ਹਨ, ਪਰ ਬਹੁਤ ਸਾਰੇ ਅਥਲੀਟਾਂ ਜਾਂ ਖਿਡਾਰੀਆਂ ਦੇ ਨਸ਼ੇ ਦੇ ਰਾਹ ਪੈਣ ਵਿੱਚ ਹੋਰ ਵੀ ਬਹੁਤ ਸਾਰੇ ਕਾਰਨ ਹਨ। ਇਨ੍ਹਾਂ ਕਾਰਨਾਂ ਵਿੱਚ ਕੁਝ ਇਸ ਤਰ੍ਹਾਂ ਹਨ, ਆਪਣੀ ਸਰੀਰਕ ਸਮਰਥਾ ਨੂੰ ਬਹੁਤ ਜਲਦ ਵਧਾਉਣਾ, ਨਾ ਇਲਾਜ ਕੀਤੇ ਮਾਨਸਿਕ ਅਤੇ ਸਿਹਤ ਦੇ ਮਸਲਿਆਂ ਨੂੰ ਸਵੈ-ਪੜਚੋਲ ਕਰਨ ਤੇ ਮਾਨਸਿਕ ਤੌਰ 'ਤੇ ਕਮਜ਼ੋਰ ਹੋਣਾ, ਛੇਤੀ ਰਿਟਾਇਰਮੈਂਟ ਦੇ ਤਣਾਅ ਨਾਲ ਨਜਿੱਠਣ ਲਈ ਨਸ਼ਿਆਂ ਦਾ ਪ੍ਰਯੋਗ ਕਰਨਾ, ਸੱਟਾਂ 'ਤੇ ਕਾਬੂ ਪਾਉਣ ਲਈ, ਸਰੀਰ ਦੇ ਦਰਦਾਂ ਨੂੰ ਦੂਰ ਕਰਨ ਲਈ, ਘਰੇਲੂ ਪ੍ਰਾਬਲਮ ਜਾਂ ਮਾਨਸਿਕ ਦਬਾਅ ਅਤੇ ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਨਾ ਕਰ ਪਾਉਣ ਦਾ ਦਬਾਅ ਅਜਿਹੇ ਕਾਰਨ ਹਨ ਜਿਨ੍ਹਾਂ ਕਰਕੇ ਅਥਲੀਟ ਨਸ਼ਿਆਂ ਦੀ ਵਰਤੋਂ ਕਰਨ ਲੱਗ ਜਾਂਦੇ ਹਨ। ਇਸ ਤੋਂ ਇਲਾਵਾ ਖਿਡਾਰੀ ਗ਼ੈਰ-ਕਨੂੰਨੀ ਨਸ਼ੇ ਦੀ ਵਰਤੋਂ ਆਪਣੇ ਖੇਡ ਕੈਰੀਅਰ ਲਈ ਕਰਦੇ ਹਨ, ਜਿਵੇਂ ਤੇਜ਼ੀ ਨਾਲ ਭਾਰ ਘਟਾਉਣ ਵਿੱਚ ਮਦਦ ਕਰਨ ਲਈ ਡਾਇਯੂਰੀਟਸ ਸ਼ਕਤੀ ਨੂੰ ਵਧਾਉਣ ਲਈ ਏਨਾਬੋਲਿਕ ਸਟੀਰੌਇਡ ਖੁਰਾਕ ਦੀ ਪੂਰਤੀ ਨੂੰ ਵਧਾਉਣ ਲਈ ਹੋਰ ਗ਼ੈਰ-ਕਾਨੂੰਨੀ ਮਿਸ਼ਰਣ।

ਜਿਵੇਂ-ਜਿਵੇਂ ਖੇਡ ਮੁਕਾਬਲੇਬਾਜ਼ੀ ਵੱਧਦੀ ਜਾ ਰਹੀ ਹੈ, ਉਸੇ ਤਰ੍ਹਾਂ ਕੋਚਾਂ ਅਤੇ ਪ੍ਰਬੰਧਕਾਂ ਦੁਬਾਰਾ ਅਥਲੀਟਾਂ ਨੂੰ ਮੁਕਾਬਲੇ ਲਈ ਤਿਆਰ ਕਰਨਾ ਜਾਂ ਜਿਤਾਉਣ ਲਈ ਦਬਾਅ ਵੱਧਦਾ ਜਾ ਰਿਹਾ ਹੈ। ਇਨ੍ਹਾਂ ਕੋਚਾਂ ਟਰੇਨਰਾਂ 'ਤੇ ਹਮੇਸ਼ਾ ਹੀ ਗੈਰ-ਕਾਨੂੰਨੀ ਪਦਾਰਥ ਮੁਹੱਈਆ ਕਰਵਾਉਣ ਅਤੇ ਅਥਲੀਟਾਂ ਨੂੰ ਦੇਣ ਦੇ ਇਲਜ਼ਾਮ ਲੱਗਦੇ ਆਏ ਹਨ।

ਖੇਡਾਂ ਵਿੱਚ ਨਸ਼ਿਆਂ ਨੂੰ ਕੇਵਲ ਡਰ ਨਾਲ ਜਾਂ ਡੋਪਿੰਗ ਟੈਸਟ ਕਰਕੇ ਖ਼ਤਮ ਨਹੀਂ ਕੀਤਾ ਜਾ ਸਕਦਾ, ਜੇਕਰ ਖੇਡਾਂ ਵਿੱਚੋਂ ਨਸ਼ਿਆਂ ਨੂੰ ਖਤਮ ਕਰਨਾ ਹੈ ਤਾਂ ਇਸ ਨੂੰ ਖਿਡਾਰੀਆਂ ਦੇ ਮਨਾਂ ਵਿੱਚੋਂ ਖ਼ਤਮ ਕਰਨਾ ਪੈਣਾ ਹੈ ਉਸ ਲਈ ਇਕ ਸੁਚਾਰੂ ਸੋਚ ਦੀ ਲੋੜ ਹੈ।

# ਕੀ ਚਮਕੀਲੇ ਨੂੰ ਸੱਚਮੁੱਚ ਹੀਰੋ ਬਣਾਇਆ ਜਾ ਰਿਹੈ ?

**ਪਰਮਿੰਦਰ ਸਿੰਘ ਸ਼ੌਂਕੀ**




ਪਿਛਲੇ ਕਈ ਦਿਨਾਂ ਤੋਂ ਇੱਕ ਬੇਹੂਦਾ ਜਿਹੀ ਬਹਿਸ ਪੰਜਾਬੀ ਹਲਕਿਆਂ ਅੰਦਰ ਜਾਰੀ ਹੈ। ਵੈਸੇ ਤਾਂ ਹੁਣ ਅਸੀਂ ਬੇਹੂਦਾ ਬਹਿਸਾਂ ਦੇ ਹੀ ਸ਼ੌਕੀਨ ਬਣ ਚੁੱਕੇ ਹਾਂ, ਪਰ ਇਹ ਉਸ ਤੋਂ ਵੀ ਨਿੱਘਰੀ ਹੋਈ ਹੈ। ਮੈਂ ਸਮਝਦਾ ਹਾਂ ਕਿ ਤਕਨੀਕੀ ਦੌਰ ਵਿੱਚ ਸਾਨੂੰ ਕੁਝ ਸ਼ਬਦਾਵਲੀਆਂ ਗਲੋਰੀਫਾਈ ਹੋਣ ਕਰਕੇ ਜ਼ਿਆਦਾ ਪ੍ਰਭਾਵਿਤ ਕਰਦੀਆਂ ਹਨ ਤੇ ਅਸੀਂ ਬਗੈਰ ਸੋਚੇ-ਸਮਝੇ ਉਨ੍ਹਾਂ ਦੀ ਵਰਤੋਂ ਕਰਨ ਲੱਗ ਪੈਂਦੇ ਹਾਂ। ਮਸਲਨ ਸ਼ਬਦ ਹਨ ਨੈਰੇਟਿਵ/ਬਿਰਤਾਂਤ, ਡੀਪ ਸਟੇਟ, ਜੀਓ ਪਾਲਿਟਿਕਸ, ਨਿਊ ਵਰਲਡ ਆਰਡਰ ਵਗੈਰਾ-ਵਗੈਰਾ। ਜਿਨ੍ਹਾਂ ਨੂੰ ਬਗੈਰ ਗੂਗਲ ਕੀਤੇ ਸਾਡੀ ਪੀੜ੍ਹੀ ਦਾ ਵੱਡਾ ਹਿੱਸਾ ਸਤਹੀ ਤੌਰ 'ਤੇ ਵੀ ਨਹੀਂ ਸਮਝ ਸਕਦਾ। ਅਜਿਹੇ ਕਈ ਸ਼ਬਦਾਂ ਦੇ ਮਸਨੂਈ ਪ੍ਰਬੰਧਾਂ ਸਜੀ ਵਿਆਖਿਆ ਅੱਜ ਕੱਲ੍ਹ ਸਾਨੂੰ ਪਰੋਸੀ ਜਾ ਰਹੀ ਹੈ। ਜਿਸ ਦਾ ਨਾ ਕੋਈ ਚਿਰ ਸਥਾਈ ਅਰਥ ਹੈ ਤੇ ਨਾ ਹੀ ਮਹੱਤਤਾ। ਤਾਜ਼ਾ ਚਮਕੀਲਾ ਵਿਵਾਦ ਉਨ੍ਹਾਂ ਵਿਚੋਂ ਹੈ।

ਚਮਕੀਲੇ ਬਾਰੇ ਤੁਹਾਡੀਆਂ ਰਾਵਾਂ ਕੁਝ ਵੀ ਹੋਣ, ਮੈਨੂੰ ਉਨ੍ਹਾਂ ਨਾਲ ਕੋਈ ਮਤਲਬ ਨਹੀਂ। ਮੈਂ ਨਾ ਸੰਗੀਤ ਪ੍ਰੇਮੀ ਹਾਂ, ਨਾ ਚਮਕੀਲੇ ਦਾ ਪੱਖੀ ਜਾਂ ਵਿਰੋਧੀ। ਸਾਲ ਵਿੱਚ ਕੁਝ ਇੱਕ ਵਾਰ ਮੈਂ ਉਸ ਦਾ ਕੋਈ ਗੀਤ ਸੁਣ ਲੈਂਦਾ ਹਾਂ। ਇਸ ਤੋਂ ਵੱਧ ਉਸ ਨਾਲ ਮੇਰਾ ਕਦੀ ਕੋਈ ਵਾਹ ਨਹੀਂ ਰਿਹਾ। ਇਹ ਸਹੀ ਹੈ ਕਿ ਉਸ 'ਤੇ ਗੰਦੇ ਗਾਇਕ ਦਾ ਲੇਬਲ ਲੱਗਾ ਹੋਇਆ ਹੈ। ਸਿੱਖ ਖਾੜਕੂ ਧਿਰ ਨਾਲ ਉਸ ਦਾ ਸੰਬੰਧ ਇਤਰਾਜ਼ਯੋਗ ਰਿਹਾ ਤੇ ਅਖੀਰ ਇਸ ਦੇ ਹੱਥੋਂ ਹੀ ਉਹ ਮਾਰਿਆ ਗਿਆ। ਮੈਨੂੰ ਉਸ ਦੇ ਕਤਲ ਵਿੱਚ ਵੀ ਖ਼ੈਰ ਕੋਈ ਸਿੱਖ ਆਦਰਸ਼ ਨਹੀਂ ਮਹਿਸੂਸ ਹੋਇਆ। ਬੇਸ਼ੱਕ ਸਿੱਖ ਖਾੜਕੂ ਧਿਰ ਉਸ ਨੂੰ ਸੈਲੀਬਰੇਟ ਕਰਦੀ ਹੈ। ਪਰ ਮੈਂ ਉਸ ਨੂੰ ਇਸ ਸਭ ਤੋਂ ਦੂਰ ਇੱਕ ਖ਼ੁਸ਼ਕ ਤੇ ਮੱਧਮ ਪੈ ਚੁੱਕੀ ਲੁਕਾਈ ਦੇ ਇੱਕ ਹਿੱਸੇ ਦੁਆਰਾ ਲੱਭੇ ਜਾ ਰਹੇ ਖ਼ੁਸ਼ਨੁਮਾ ਪਲਾਂ ਦੀ ਤਾਂਘ ਵਿੱਚੋਂ ਹੀ ਨਹੀਂ ਦੇਖਦਾ, ਬਲਕਿ ਉਸ ਕੜੀ ਵਿੱਚੋਂ ਵੀ ਦੇਖਦਾ ਹਾਂ, ਜਿੱਥੇ ਇਕਾਂਤ ਆਪਣੇ-ਆਪ ਨੂੰ ਸੰਬੋਧਿਤ ਹੁੰਦਾ ਹੈ । ਭਾਵ ਕਿ ਜਿੱਥੇ ਅਸੀਂ ਖੁਦ ਨਾਲ ਗੱਲ ਕਰਦੇ ਹਾਂ। ਜਿੱਥੇ ਸਾਡਾ ਵਿਅਕਤੀਗਤ ਆਪਾ ਭਾਰੂ ਹੁੰਦਾ ਹੈ। ਚਮਕੀਲਾ ਉਸ ਆਪੇ ਦੇ ਕਲਾਕਾਰ ਵਜੋਂ ਜ਼ਿਆਦਾ ਜਾਣਿਆ ਗਿਆ।

ਉਹ ਦੌਰ ਜਦੋਂ ਪੰਜਾਬ ਵਿੱਚ ਹਰ ਕੋਈ ਡਰ ਦੇ ਸਾਏ ਹੇਠ ਸੀ, ਚਮਕੀਲਾ ਬਾਕੀ ਕਲਾਕਾਰਾਂ ਵਾਂਗ ਗਾਇਕੀ ਦੀ ਭੋਇੰ ਤੇ ਆਉਂਦਾ ਤੇ ਆਪਣੀ ਆਵਾਜ਼ ਸਦਕਾ ਲੋਕਾਂ ਵਿੱਚ ਮਕਬੂਲ ਹੋ ਜਾਂਦਾ। ਹਾਲਾਂ ਕਿ ਉਸ ਦੀ ਸ਼ੁਹਰਤ ਨੂੰ ਬਾਅਦ ਵਿੱਚ ਸੱਤਾ ਦੇ ਇੱਕ ਹਿੱਸੇ ਵੱਲੋਂ ਇਸਤੇਮਾਲ ਕੀਤਾ ਗਿਆ ਜਾਂ ਉਹ ਖੁਦ ਹੋਇਆ, ਪਰ ਇਸ ਤੋਂ ਪਹਿਲਾਂ ਹੀ ਉਹ ਲੋਕਾਂ ਵਿੱਚ ਜਾਣਿਆ ਜਾਣ ਲੱਗਾ ਸੀ। ਉਹ ਸਹੀ ਗਾਉਂਦਾ/ਲਿਖਦਾ ਸੀ ਜਾਂ ਨਾ, ਇਹ ਮੇਰਾ ਮਸਲਾ ਨਹੀਂ। ਮੇਰਾ ਮਸਲਾ ਸਿਰਫ਼ ਏਨਾ ਹੈ ਕਿ ਕੀ ਇਸ ਖੇਤਰ ਵਿੱਚ ਚਮਕੀਲਾ ਪੰਜਾਬ ਦਾ ਇਕਲੌਤਾ ਆਦਰਸ਼ ਸੀ? ਜਾਂ ਕੀ ਉਸ ਦਾ ਆਦਰਸ਼ੀਕਰਨ ਕੀਤਾ ਜਾ ਸਕਦਾ ਹੈ? ਇਹ ਅਹਿਮ ਸਵਾਲ ਵਰਤਮਾਨ ਦੀ ਚਮਕੀਲਾ ਸੰਬੰਧੀ ਹੋ ਰਹੀ ਬਹਿਸ ਵਿੱਚੋਂ ਲਗਭਗ ਮਨਫ਼ੀ ਹਨ।

ਪਹਿਲੀ ਗੱਲ ਤਾਂ ਇਹ ਹੈ ਕਿ ਚਮਕੀਲਾ ਜਾਂ ਪੰਜਾਬ ਦਾ ਕੋਈ ਵੀ ਹੋਰ ਕਲਾਕਾਰ ਪੰਜਾਬੀ ਸੱਭਿਆਚਾਰ ਦਾ ਇੱਕ ਵਕਤੀ ਪ੍ਰਮਾਣ ਹੁੰਦਾ ਹੈ। ਕਿਹਾ ਜਾ ਸਕਦਾ ਹੈ ਜਿਵੇਂ ਕਿ ਹਰ ਸੱਭਿਆਚਾਰ ਦੇ ਹੁੰਦੇ ਹਨ। ਕਲਾਕਾਰ ਦਾ ਆਪਣਾ ਇੱਕ ਸਮਾਂ-ਕਾਲ ਹੁੰਦਾ ਹੈ। ਉਹ ਉਸ ਨੂੰ ਜਿਉਂਦਾ ਹੈ, ਹੰਢਾਉਂਦਾ ਹੈ ਤੇ ਚਲਾ ਜਾਂਦਾ ਹੈ। ਲੋਕਾਂ ਲਈ ਇਸ ਦਾ ਇਸ ਤੋਂ ਵੱਧ ਕੋਈ ਅਰਥ ਨਹੀਂ ਹੁੰਦਾ ਤੇ ਨਾ ਹੀ ਕੋਈ ਕਲਾਕਾਰ ਏਨਾ ਵੱਡਾ ਹੁੰਦਾ ਹੈ ਕਿ ਉਹ ਇਸ ਤੋਂ ਵੱਧ ਕੋਈ ਅਰਥ ਰੱਖਦਾ ਹੋਏ। ਪੰਜਾਬ ਦੀ ਧਰਤੀ 'ਤੇ ਗੋਰਖ ਦੇ ਜੋਗ ਪੰਥ ਤੋਂ ਲੈ ਕੇ ਬੁੱਲ੍ਹੇ ਸ਼ਾਹ ਦੇ ਵੇਲਿਆਂ ਤੱਕ ਤੇ ਨੰਦ ਲਾਲ ਨੂਰਪੁਰੀ ਤੋਂ ਲੈ ਕੇ ਸਿੱਧੂ ਮੂਸੇਵਾਲਾ ਤੱਕ ਬੇਅੰਤ ਅਜਿਹੇ ਕਲਾਕਾਰਾਂ ਨੇ ਜਨਮ ਲਿਆ ਜੋ ਆਦਰਸ਼ੀਕਰਨ ਦੀ ਸਿਖਰ ਛੂਹਣ ਦੇ ਬਾਵਜੂਦ ਆਦਰਸ਼ ਨਹੀਂ ਬਣ ਸਕੇ। ਜੇਕਰ ਇਹ ਆਦਰਸ਼ੀਕਰਨ ਏਨਾ ਸਰਲ ਹੁੰਦਾ ਤਾਂ ਸਾਡੇ ਗੀਤਾਂ ਦੀ ਪਸੰਦਗੀ ਦਾ ਮੁਹਾਵਰਾ ਤੇ ਦੌਰ ਹਰ ਸਮੇਂ-ਕਾਲ ਵਿੱਚ ਵੱਖਰੀ ਭਾਂਤ ਦਾ ਨਾਂ ਹੁੰਦਾ।

ਗਾਇਕਾਂ ਦਾ ਇਹ ਆਦਰਸ਼ੀਕਰਨ ਇੱਕ ਵਕਤੀ ਅਤੇ ਅਸਥਾਈ ਵਰਤਾਰਾ ਹੈ, ਜਿਸ ਨੂੰ ਸਾਡੀ ਮਾਨਸਿਕਤਾ ਬਦਲਦੀ ਰਹਿੰਦੀ ਹੈ। ਚਮਕੀਲੇ ਦਾ ਇੱਕ ਦੌਰ ਸੀ। ਉਹ ਗੁਜ਼ਰ ਚੁੱਕਾ ਹੈ। ਅੱਜ ਜੇਕਰ ਉਸ 'ਤੇ ਕੋਈ ਫ਼ਿਲਮ ਬਣ ਰਹੀ ਹੈ ਤਾਂ ਇਹ ਮਹਿਜ ਵਪਾਰ ਦਾ ਇੱਕ ਅੰਗ ਮਾਤਰ ਹੈ ਤੇ ਇਹ ਇੱਕੋ ਫ਼ਿਲਮ ਨਹੀਂ ਹੈ ਜੋ ਬਣ ਰਹੀ ਹੈ। ਫ਼ਿਲਮ/ਗੀਤ/ਸੰਗੀਤ ਇਹ ਵਕਤੀ ਜ਼ਰੂਰਤਾਂ ਹਨ। ਇਸ ਲਈ ਇਨ੍ਹਾਂ ਨੂੰ ਮਨੋਰੰਜਨ ਦੇ ਸਾਧਨ ਕਿਹਾ ਜਾਂਦਾ ਹੈ। ਹਾਲਾਂ ਕਿ ਇਹ ਸਿਰਫ਼ ਮਨੋਰੰਜਨ ਦੇ ਸਾਧਨ ਨਹੀਂ ਹੁੰਦੀਆਂ, ਸਗੋਂ ਇੱਕ ਖ਼ਾਸ ਨਜ਼ਰੀਆ ਤੇ ਸੋਚ ਵੀ ਲੋਕਾਂ ਅੰਦਰ ਸਥਾਪਿਤ ਕਰਨ ਵਾਲੀਆਂ ਹੁੰਦੀਆਂ ਹਨ, ਪਰ ਕੀ ਕਲਾਕਾਰਾਂ ਜਾਂ ਅਜਿਹੇ ਕਿਸੇ ਲੋਕਾਂ ਦਾ ਕੋਈ ਠੋਸ ਨਜ਼ਰੀਆ ਵੀ ਹੁੰਦਾ ਹੈ?

ਮੈਂ ਸਮਝਦਾ ਹਾਂ ਚਮਕੀਲੇ ਜਾਂ ਅਜਿਹੀਆਂ ਕਿਸੇ ਵੀ ਫ਼ਿਲਮਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਇਸ ਸਵਾਲ ਦਾ ਜਵਾਬ ਜ਼ਰੂਰ ਲੱਭਣਾ ਚਾਹੀਦਾ ਹੈ, ਕਿਉਂਕਿ ਕਲਾਕਾਰ ਆਪਣੀ ਕਲਾ ਨੂੰ ਮੰਡੀ ਦੀ ਇੱਕ ਵਸਤੂ ਦੇ ਰੂਪ ਵਿੱਚ ਵੇਚਦੇ ਹਨ। ਉਦਾਹਰਨ ਵਜੋਂ, ਅੱਜ ਦਾ ਸਾਵਰਕਰ ਬਣਿਆ ਰਣਦੀਪ ਹੁੱਡਾ, ਸਾਰਾਗੜ੍ਹੀ ਦੀ ਲੜਾਈ ਤੇ ਬਣ ਰਹੀ ਆਪਣੀ ਫ਼ਿਲਮ ਵਿੱਚ ਗੁਰਸਿੱਖ ਦੇ ਰੂਪ ਵਿੱਚ ਅਸੀਂ ਸਭ ਨੇ ਕਈ ਸਾਲ ਦੇਖਿਆ। ਕੀ ਉਹ ਗੁਰਸਿੱਖ ਵਾਲਾ ਨਜ਼ਰੀਆ ਅਪਣਾਅ ਚੁੱਕਾ ਸੀ? ਜਾਂ ਕੀ ਹੁਣ ਉਹ ਸਾਵਰਕਰਵਾਦੀ ਹੈ? ਚਮਕੀਲੇ ਦੇ ਵਰਤਮਾਨ ਵਾਵੇਲੇ ਦਰਮਿਆਨ ਇਹ ਮਹਿਜ ਇੱਕ ਉਦਾਹਰਨ ਹੈ। ਚਮਕੀਲਾ ਇਸੇ ਉਦਾਹਰਨ ਦੀ ਕੜੀ ਹੈ। ਉਹ ਜਿੱਥੇ ਉੱਚ ਕੋਟੀ ਦੇ ਅਜਿਹੇ ਧਾਰਮਿਕ ਗੀਤ ਗਾਉਂਦਾ ਹੈ, ਜੋ ਅਸੀਂ ਹੁਣ ਤਕ ਗੁਰੂ ਘਰਾਂ ਦੇ ਸਪੀਕਰਾਂ ਵਿੱਚ ਉੱਚੀ ਵੱਜਦੇ ਸੁਣੇ ਹਨ, ਉੱਥੇ ਹੀ ਉਹ ਗੀਤ ਵੀ ਗਾਉਂਦਾ ਹੈ, ਜੋ ਇਕੱਲੇ ਸੁਣਨ ਵਿੱਚ ਵੀ ਸ਼ਾਇਦ ਬਹੁਤ ਸਾਰੇ ਲੋਕਾਂ ਨੂੰ ਸ਼ਰਮ ਆਏ। ਦੋਵੇਂ ਤਰ੍ਹਾਂ ਦੇ ਗੀਤ ਉਹ ਖੁਦ ਲਿਖਦਾ ਸੀ। ਅਜਿਹੀ ਸਥਿਤੀ ਵਿੱਚ ਉਸ ਦਾ ਨਜ਼ਰੀਆ ਕੀ ਸੀ? ਇਸ ਤੇ ਨਾ ਉਸ ਸਮਾਂ-ਕਾਲ 'ਚ ਕੋਈ ਗੱਲ ਹੋਈ ਤੇ ਨਾ ਹੁਣ। ਅਜਿਹੀ ਸਥਿਤੀ ਵਿੱਚ ਕੀ ਸਮਝਿਆ ਜਾਏ ਕਿ ਕਲਾਕਾਰ ਏਨਾ ਵੱਡਾ ਹੁੰਦਾ ਹੈ ਕਿ ਉਹ ਬਗੈਰ ਕਿਸੇ ਠੋਸਤਾ ਦੇ ਹੀ ਡੀਪ ਸਟੇਟ , ਨੇਸ਼ਨ ਸਟੇਟ ਜਾਂ ਕਿਸੇ ਵੱਖਰੀ ਭਾਂਤ ਦੇ ਵਰਲਡ ਆਰਡਰ ਦਾ ਨੈਰੇਟਿਵ ਲੋਕਾਂ ਅੰਦਰ ਸਥਾਪਿਤ ਕਰ ਸਕਦਾ ਹੈ? ਉਹ ਵੀ ਉਸ ਸਮੇਂ ਜਦੋਂ ਉਸ ਤੋਂ ਵੱਡੇ ਬਿਰਤਾਂਤ ਉਨ੍ਹਾਂ ਲੋਕਾਂ ਕੋਲ ਮੌਜੂਦ ਹੋਣ। ਮੈਂ ਸਮਝਦਾ ਹਾਂ ਬੇਹੂਦਾ ਬਿਰਤਾਂਤ ਦੇ ਇਸ ਨਪੁੰਸਕ ਦੌਰ ਵਿੱਚ ਅਜਿਹੇ ਸਵਾਲ ਜ਼ਰੂਰ ਵਿਚਾਰੇ ਜਾਣੇ ਚਾਹੀਦੇ ਹਨ, ਕਿਉਂਕਿ ਚਮਕੀਲਾ ਉਸ ਖੇਤਰ ਦਾ ਇੱਕ ਅੰਗ ਸੀ, ਜੋ ਕਲਾ ਦਾ ਅਰਥ ਪੂੰਜੀ ਸਮਝਦਾ ਹੈ।

ਚਮਕੀਲਾ ਦੇ ਜੀਵਨ 'ਤੇ ਫ਼ਿਲਮ ਬਣਨ ਦਾ ਅਰਥ ਉਸ ਵਕਤ ਹੀ ਨੇਸ਼ਨ ਸਟੇਟ ਦਾ ਬਿਰਤਾਂਤ ਮੰਨਿਆ ਜਾ ਸਕਦਾ ਸੀ, ਜਦੋਂ ਚਮਕੀਲਾ ਦਾ ਆਪਣਾ ਕੋਈ ਵਿਚਾਰਧਾਰਕ ਪੈਂਤੜਾ ਜਾਂ ਨਜ਼ਰੀਆ ਹੁੰਦਾ। ਜਿਸ ਬੰਦੇ ਦਾ ਨਾ ਆਪਣੇ ਲੋਕਾਂ ਪ੍ਰਤੀ, ਨਾ ਸਮਾਜ ਪ੍ਰਤੀ ਕੋਈ ਠੋਸ ਵਿਚਾਰਕ ਸਮਝ ਵਾਲਾ ਪੱਖ ਹੀ ਨਹੀਂ ਸੀ, ਉਸ ਲਈ ਨੇਸ਼ਨ/ਸਟੇਟ ਕਿਉਂ ਜ਼ੋਰ ਲਾਏਗੀ? ਕੀ ਨੇਸ਼ਨ/ਸਟੇਟ ਬਿਰਤਾਂਤ ਰਹਿਤ ਬਿਰਤਾਂਤ ਦੀ ਸਿਰਜਣਾ ਦੇ ਪੱਖ ਵਿੱਚ ਹੈ? ਕੀ ਇਹ ਸੱਚਮੁੱਚ ਸੰਭਵ ਹੈ? ਫਿਰ ਚਮਕੀਲਾ ਹੀ ਕਿਉਂ? ਬੱਗਾ ਸਫ਼ਰੀ ਕਿਉਂ ਨਹੀਂ? ਚਮਕੀਲਾ 'ਤੇ ਬਣ ਰਹੀ ਫ਼ਿਲਮ ਦਾ ਵਿਰੋਧ ਕਰਨ ਵਾਲੇ ਸੱਜਣ ਅਜਿਹੇ ਸਵਾਲ ਦਾ ਜਵਾਬ ਲੱਭਣ ਲਈ ਅਜ਼ਾਦ ਹਨ।

ਪੋਸਟ ਸਕ੍ਰਿਪਟ : ਓਪਰੇਸ਼ਨ ਨਾਈਟ ਡੋਮਿਨਸ ਦੇ ਚਸ਼ਮੇ ਰਾਹੀਂ

ਚਮਕੀਲੇ ਜਾਂ ਦਿਲਜੀਤ ਦੁਸਾਂਝ ਦੋਵਾਂ ਨੂੰ ਵੇਖਣ ਵਾਲੀ ਨਜ਼ਰ ਦੀ ਇੱਕ ਵੱਡੀ ਸਮੱਸਿਆ ਇਹ ਹੈ ਕਿ ਉਹ ਕੁਲਦੀਪ ਮਾਣਕ ਤੋਂ ਲੈ ਕੇ ਸੁਰਿੰਦਰ ਛਿੰਦਾ, ਮੁਹੰਮਦ ਸਦੀਕ, ਦਿਲਸ਼ਾਦ ਅਖ਼ਤਰ, ਸਰਦੂਲ ਸਿਕੰਦਰ, ਗੁਰਦਾਸ ਮਾਨ ਤੇ ਦਰਜਨਾਂ ਹੋਰ ਗਾਇਕਾਂ ਨੂੰ ਇਸ ਚਸ਼ਮੇ ਤੋਂ ਲਗਭਗ ਮੁਕਤ ਕਰ ਦਿੰਦੀ ਹੈ ਜਦਕਿ ਇਸ ਸੱਭਿਆਚਾਰਿਕ ਕ੍ਰਾਂਤੀ ਦੇ ਹਮਾਮ ਵਿੱਚ ਸਭ ਨੰਗੇ ਸਨ। ਪਰ ਓਪਰੇਸ਼ਨ ਨਾਈਟ ਡੋਮਿਨਸ ਦੇ ਚਸ਼ਮੇ ਦੇ ਮੁੱਖ ਚਿਹਰਿਆਂ ਵਿੱਚ ਸ਼ਾਮਲ ਉਪਰੋਕਤ ਨਾਮਾਂ ਵਿੱਚੋਂ ਕਈ ਉਸ ਦੌਰ ਵਿੱਚ ਸਿੱਖ ਸੁਰ ਵਾਲੀਆਂ ਧਾਰਮਿਕ ਫ਼ਿਲਮਾਂ ਵੀ ਬਣਾ ਰਹੇ ਸਨ। ਸੋ ਕਹਿਣ ਦਾ ਭਾਵ ਕਿ ਚਮਕੀਲੇ ਦੇ ਬਹਾਨੇ ਅਸੀਂ ਸਥਿਤੀਆਂ ਦਾ ਸਰਲੀਕਰਨ ਨਾ ਕਰੀਏ।



## ਗਾਇਕੀ ਅਤੇ ਕਮੇਡੀ ਦੀ ਮਹਾਨ ਕਲਾਕਾਰ

# ਜਗਮੋਹਣ ਕੌਰ



**ਸੁਖਵਿੰਦਰ ਸਿੰਘ ਮੁੱਲਾਂਪੁਰ**

ਜਗਮੋਹਣ ਕੌਰ ਦਾ ਜਨਮ 6 ਅਪਰੈਲ 1948 ਨੂੰ ਪਠਾਨਕੋਟ ਵਿੱਚ ਹੋਇਆ ਪਰ ਉਸ ਦਾ ਪਿੰਡ ਬੂਰ ਮਾਜਰਾ ਜ਼ਿਲ੍ਹਾ ਰੋਪੜ ਸੀ। ਉਸ ਦੇ ਪਿਤਾ ਦਾ ਨਾਮ ਗੁਰਬਚਨ ਸਿੰਘ ਕੰਗ ਅਤੇ ਮਾਤਾ ਦਾ ਨਾਮ ਪਰਕਾਸ਼ ਕੌਰ ਸੀ । ਇਸ ਨੇ ਪੜ੍ਹਾਈ ਬੂਰ ਮਾਜਰੇ ਪਿੰਡ ਵਿੱਚ ਰਹਿ ਕੇ ਕੀਤੀ। ਪੜ੍ਹਾਈ ਪੂਰੀ ਕਰਕੇ ਉਹ ਚੰਡੀਗੜ੍ਹ ਦੇ ਨੇੜੇ ਇੱਕ ਸਕੂਲ ਵਿੱਚ ਅਧਿਆਪਕਾ ਲਗ ਗਈ। ਉਸ ਦੇ ਪਿਤਾ ਸਾਹਿਤਕਾਰ ਸਨ ਉਥੋਂ ਉਸ ਨੂੰ ਗਾਉਣ ਦੀ ਚੇਟਕ ਲਗ ਗਈ।

ਕੇ-ਦੀਪ ਇੱਕ ਵਧੀਆ ਗਾਇਕ ਸੀ ਉਸ ਨੂੰ ਇੱਕ ਵਧੀਆ ਸਹਿ-ਗਾਇਕਾ ਦੀ ਲੋੜ ਸੀ ਕਿਸੇ ਨੇ ਕੇ-ਦੀਪ ਨੂੰ ਸਲਾਹ ਦਿੱਤੀ ਇੱਕ ਜਗਮੋਹਣ ਕੌਰ ਨਾਂ ਦੀ ਕੁੜੀ ਹੈ ਉਹ ਬਹੁਤ ਵਧੀਆ ਗਾ ਲੈਂਦੀ ਹੈ ਜੇਕਰ ਤੂੰ ਉਸ ਨਾਲ ਤਾਲ ਮੇਲ ਕਰਨਾ ਹੈ ਤਾਂ ਕਲਕੱਤੇ ਜਾ ਕੇ ਕਰ ਲਵੀਂ ਉਹ ਕਲਕੱਤੇ ਪ੍ਰੋਗਰਾਮ ਪੇਸ਼ ਕਰਨ ਜਾ ਰਹੀ ਹੈ। ਜਗਮੋਹਣ ਕੌਰ ਨੂੰ ਕਲਕੱਤੇ ਪਹੁੰਚਣ ਸਮੇਂ ਦੇਖਣ ਵਾਲਿਆਂ ਅਤੇ ਸੁਣਨ ਵਾਲਿਆਂ ਦੀ ਭੀੜ ਲਗ ਗਈ। ਕੇ-ਦੀਪ ਨੇ ਵੀ ਕਲਕੱਤੇ ਜਾ ਕੇ ਆਪਣਾ ਪ੍ਰੋਗਰਾਮ ਪੇਸ਼ ਕੀਤਾ ਅਤੇ ਜਗਮੋਹਣ ਕੌਰ ਨਾਲ ਤਾਲ ਮੇਲ ਵੀ ਕੀਤਾ। ਜਦ ਕੇ-ਦੀਪ ਨੂੰ ਗੱਲਬਾਤ ਸਿਰੇ ਲਗਦੀ ਦਿਸੀ ਤਾਂ ਉਸ ਨੇ ਵਿਆਹ ਦੀ ਪੇਸ਼ਕਸ਼ ਰੱਖ ਦਿੱਤੀ। ਜਗਮੋਹਣ ਕੌਰ ਦੀ ਪਹਿਲਾਂ ਮੰਗਣੀ ਹੋਈ ਹੋਈ ਸੀ ਜਗਮੋਹਣ ਕੌਰ ਨੇ ਪਰਿਵਾਰ ਨੂੰ ਰਾਜ਼ੀ ਕਰਕੇ ਉੱਧਰ ਜਵਾਬ ਦੇ ਕੇ ਕੇ-ਦੀਪ ਨਾਲ ਵਿਆਹ ਕਰਵਾ ਲਿਆ।

ਜਗਮੋਹਣ ਕੌਰ ਨੇ ਵਿਆਹ ਪਿਛੋਂ ਨੌਕਰੀ ਛੱਡ ਕੇ ਪੱਕੇ ਤੌਰ 'ਤੇ ਕੇ-ਦੀਪ ਨਾਲ ਗਾਇਕੀ ਦੇ ਖੇਤਰ ਨੂੰ ਅਪਣਾ ਲਿਆ। ਉਹਨਾਂ ਦੇ ਇੱਕ ਲੜਕੀ ਤੇ ਇੱਕ ਲੜਕੇ ਨੇ ਜਨਮ ਲਿਆ।

ਜਗਮੋਹਣ ਕੌਰ ਨੇ ਬਹੁਤ ਸਾਰੇ ਸੋਲੋ ਗੀਤ ਗਾਏ ਜੋ ਸਾਰੇ ਹੀ ਲੋਕਾਂ ਨੇ ਪਸੰਦ ਕੀਤੇ। ਉਸ ਦਾ ਸਭ ਤੋਂ ਪਹਿਲਾ ਗੀਤ ਜਿਸ ਨੂੰ ਲੋਕ ਅਕਾਸ਼ਵਾਣੀ ਜਲੰਧਰ ਤੋਂ ਬਹੁਤ ਪਿਆਰ ਨਾਲ ਸੁਣਦੇ ਸਨ 'ਬਾਪੂ ਵੇ ਅੱਡ ਹੁੰਨੀ ਆਂ, ਇੱਕ ਗਾਂ ਲੈਂਦੇ ਇੱਕ ਮੈਂਹ ਲੈਂਦੇ, ਦੋ ਬਲਦ ਟੱਲੀਆਂ ਵਾਲੇ, ਇੱਕ ਬੋਤੀ ਝਾਂਜਰਾਂ ਵਾਲੀ ਵੇ ਅੱਡ ਹੁੰਨੀ ਆਂ।

ਉਸ ਦੇ ਗਾਏ ਲੋਕ ਤੱਥ ਵੀ ਬਹੁਤ ਮਸ਼ਹੂਰ ਹੋਏ। ਇਹਨਾਂ ਨੇ ਆਪਣੀ ਗਾਇਕੀ ਦੇ ਦਮ 'ਤੇ ਕੈਨੇਡਾ, ਅਮਰੀਕਾ, ਇੰਗਲੈਂਡ, ਨਾਰਵੇ ਆਦਿ



ਬਹੁਤ ਹੀ ਵਿਦੇਸ਼ੀ ਟੂਰ ਲਾਏ।

1974 ਵਿੱਚ ਬੀ ਬੀ ਸੀ ਲੰਡਨ ਵਾਲਿਆਂ ਨੇ ਆਪਣੇ ਸਟੂਡੀਓ ਵਿੱਚ ਬੁਲਾ ਕੇ ਜਗਮੋਹਣ ਕੌਰ ਦੇ ਗੀਤਾਂ ਦੀ ਵੀਡੀਓ ਰਿਕਾਰਡਿੰਗ ਕੀਤੀ ।

ਇਹਨਾਂ ਦੀਆਂ ਕਮੇਡੀ ਕਲਾਕਾਰੀ ਦੀਆਂ ਬਹੁਤ ਰਿਕਾਰਡਿੰਗਾਂ ਆਈਆਂ ਜਿਵੇ ਪੋਸਤੀ ਦੁਬਈ ਵਿੱਚ, ਪੋਸਤੀ ਲੰਡਨ ਵਿੱਚ, ਪੋਸਤੀ ਕੈਨੇਡਾ ਵਿੱਚ ਆਦਿ।

ਸ਼ਿਵ ਕੁਮਾਰ ਬਟਾਲਵੀ ਦੀਆਂ ਰਚਨਾਵਾਂ ਨੂੰ ਗਾਉਣ ਦਾ ਸਿਹਰਾ ਵੀ ਸਭ ਤੋ ਪਹਿਲਾਂ ਇਹਨਾਂ ਦੋਹਾਂ ਨੂੰ ਹੀ ਆਉਂਦਾ ਹੈ।

ਇਹ ਜੋੜੀ ਨੇ ਬਹੁਤ ਸਾਰੇ ਦੋਗਾਣੇ ਗੀਤ ਗਾਏ। ਉਹਨਾਂ ਵਿਚੋਂ ਗੁਰਦੇਵ ਮਾਨ ਦਾ ਲਿਖਿਆ ਗੀਤ ਪੂਦਨਾ ਬਹੁਤ ਮਕਬੂਲ ਹੋਇਆ।

ਕੇ-ਦੀਪ ਜਗਮੋਹਣ ਨੇ ਬਹੁਤ ਸਾਰੇ ਗੀਤਕਾਰਾਂ ਦੇ ਗੀਤ ਗਾਏ ਜਿਵੇ ਬਲਦੇਵ ਸਿੰਘ ਸਾਬਰ, ਬਾਬੂ ਸਿੰਘ ਮਾਨ, ਇੰਦਰਜੀਤ ਹਸਨਪੁਰੀ, ਜਸਵੰਤ ਸੰਦੀਲਾ, ਗਰਦੇਵ ਸਿੰਘ ਮਾਨ, ਸ਼ੰਕਰ ਵਾਲਾ ਸ਼ੌਕੀ, ਕਰਮ ਸਿੰਘ ਯੋਗੀ, ਸਨਮੁੱਖ ਆਜ਼ਾਦ, ਨਾਜ ਗੋਪਾਲ ਪੁਰੀ, ਸਾਜਨ ਰਾਏਕੋਟੀ, ਅਭੀਨਾਸ਼ ਭਾਖੜੀ, ਢਿਲੋਂ ਮਹਿਰਾਜ ਵਾਲਾ, ਚਰਨ ਸਿੰਘ ਸਫ਼ਰੀ ਆਦਿ।

ਜਗਮੋਹਣ ਕੌਰ ਨੇ ਬਹੁਤ ਸਾਰੇ ਧਾਰਮਿਕ ਗੀਤ ਵੀ ਗਾਏ ਇਸ ਕਲਾਕਾਰ ਗਾਇਕਾ ਦਾ ਐਕਸੀਡੈਂਟ ਹੋ ਗਿਆ ਸੀ, ਠੀਕ ਹੋ ਕੇ ਕੁਝ ਚਿਰ ਪ੍ਰੋਗਰਾਮ ਵੀ ਕੀਤੇ ਪਰ ਸਿਰ ਵਿੱਚ ਸੱਟ ਲੱਗਣ ਕਰਕੇ ਮੌਤ ਨੇ ਉਸ ਦਾ ਖਹਿੜਾ ਨਾ ਛੱਡਿਆ। 6 ਦਸੰਬਰ 1997 ਨੂੰ 49 ਸਾਲ ਦੀ ਉਮਰ ਵਿੱਚ ਲੋਕ ਗਾਇਕੀ ਦੀ ਸੇਵਾ ਕਰਦੀ ਕਰਦੀ ਪਰਿਵਾਰ ਅਤੇ ਸਰੋਤਿਆਂ ਕੋਲੋ ਸਦਾ ਲਈ ਵਿਛੜ ਗਈ।

## ਭਾਰਤ ਦੀ ਰਾਜਨੀਤੀ ਵਿੱਚ ਸਿੱਖ

ਪੰਜਾਬ ਦੀ ਲੀਡਰਸ਼ਿਪ ਨੇ ਜਿਵੇਂ ਪੰਥਕ ਸੰਸਥਾਵਾਂ ਅਕਾਲ ਤਖਤ ਸਾਹਿਬ , ਸ਼੍ਰੋਮਣੀ ਕਮੇਟੀ ਤੇ ਸਾਰੀ ਦੇਸ਼ ਦੀ ਸਿੱਖ ਰਾਜਨੀਤੀ ਨੂੰ ਕੰਟਰੋਲ ਕਰਨ ਦੀ ਕੋਸ਼ਿਸ਼ ਕੀਤੀ ਸੀ ਤੇ ਉਨ੍ਹਾਂ ਨੂੰ ਪੰਜਾਬ ਮੁਤਾਬਿਕ ਚੱਲਣ ਲਈ ਕਿਹਾ। ਪੰਜਾਬ ਦੀ ਖੁਦਮੁਖਤਿਆਰੀ ਦਾ ਸਿੱਖ ਏਜੰਡਾ ਅਨੰਦਪੁਰ ਦਾ ਮਤਾ ਤਿਆਗਿਆ, ਜਿਸ ਦਾ ਨਤੀਜਾ ਸਾਰਥਿਕ ਨਹੀਂ ਨਿਕਲਿਆ।ਇਸ ਦਾ ਨਤੀਜਾ ਅਕਾਲੀ ਰਾਜਨੀਤੀ ਤੇ ਸਿੱਖ ਭਾਈਚਾਰੇ ਲਈ ਘਾਤਕ ਸਿੱਧ ਹੋਇਆ।ਜਦੋਂ ਕਿ ਭਾਜਪਾ ਦੀ ਬਹੁਲਤਾਵਾਦ ਦੀ ਰਾਜਨੀਤੀ ਨੇ ਵੀ ਸਿੱਖਾਂ ਦੀ ਰਾਜਨੀਤੀ ਵਿੱਚ ਪਕੜ ਨੂੰ ਕਮਜ਼ੋਰ ਕੀਤਾ ਹੈ।

ਇਸ ਦਾ ਹੱਲ ਇਹ ਹੈ ਕਿ ਸਿਖ ਭਾਈਚਾਰਾ ਆਪਣੀਆਂ ਸੂਬਾ ਪੱਧਰ ਦੀਆਂ ਗ਼ੈਰ-ਰਾਜਨੀਤਕ ਜਥੇਬੰਦੀਆਂ ਬਣਾਵੇ ਜੋ ਧਾਰਮਿਕ ਤੇ ਸਮਾਜਿਕ ਕੰਮ ਕਰਨ, ਪਰ ਮੌਕਾ ਪੈਣ 'ਤੇ ਸਿੱਖ ਲਾਬੀ ਵਾਂਗ ਦਬਾਅ ਗਰੁੱਪ ਵਜੋਂ ਕੰਮ ਕਰ ਸਕਣ ਅਤੇ ਸਭ ਤੋਂ ਵੱਡੀ ਤੇ ਜ਼ਰੂਰੀ ਗੱਲ ਕਿ ਉਹ ਯੂ.ਪੀ.ਐਸ.ਸੀ. (ਯੂਨੀਅਨ ਪਬਲਿਕ ਸਰਵਿਸ ਕਮਿਸ਼ਨ) ਅਤੇ ਸਟੇਟਾਂ ਦੇ ਸਰਵਿਸ ਇਲੈਕਸ਼ਨ ਬੋਰਡਾਂ ਦੇ ਇਮਤਿਹਾਨਾਂ ਲਈ ਸਿੱਖ ਬੱਚਿਆਂ ਨੂੰ ਤਿਆਰ ਕਰਨ ਲਈ ਸ਼ਾਨਦਾਰ ਤੇ ਨਤੀਜੇ ਦੇਣ ਵਾਲੇ ਕੋਚਿੰਗ ਕੇਂਦਰ ਬਣਾਉਣ। ਬੇਸ਼ੱਕ ਸਮਾਂ ਲੱਗੇਗਾ ਪਰ ਜੇਕਰ ਸਿੱਖ, ਆਈ.ਏ.ਐਸ., ਆਈ.ਪੀ.ਐਸ. ਤੇ ਹੋਰ ਅਜਿਹੇ ਅਹੁਦਿਆਂ 'ਤੇ ਵੱਡੀ ਗਿਣਤੀ ਵਿੱਚ ਤਾਇਨਾਤ ਹੋ ਜਾਣ ਤਾਂ ਉਨ੍ਹਾਂ ਨੂੰ ਦੁਬਾਰਾ ਰਾਜਨੀਤੀ ਵਿੱਚ ਪ੍ਰਭਾਵਸ਼ਾਲੀ ਰੋਲ ਨਿਭਾਉਣ ਤੋਂ ਕੋਈ ਤਾਕਤ ਨਹੀਂ ਰੋਕ ਸਕੇਗੀ। ਵੈਸੇ ਦੁਨੀਆ ਦੀ ਹਰ ਕੌਮ ਉਤਰਾਅ-ਚੜ੍ਹਾਅ ਵਿਚੋਂ ਗੁਜ਼ਰਦੀ ਹੈ। ਜਿਹੜੀਆਂ ਸੁਚੇਤ ਕੌਮਾਂ ਹੁੰਦੀਆਂ ਹਨ, ਉਹ ਡਿਗ-ਡਿਗ ਕੇ ਵੀ ਉੱਠ ਪੈਂਦੀਆਂ ਹਨ, ਜੋ ਸੁਚੇਤ ਨਹੀਂ ਹੁੰਦੀਆਂ ਉਹ ਖ਼ਤਮ ਹੋ ਜਾਂਦੀਆਂ ਹਨ। ਖਾਲਸਾ ਪੰਥ ਦਾ ਇਤਿਹਾਸ ਇਹੀ ਰਿਹਾ ਹੈ ਕਿ ਸਿੱਖ ਤਾਂ ਸੰਕਟਾਂ ਨੇੜੇ ਜਾ ਕੇ ਉਠਦੇ ਰਹੇ ਹਨ ।ਇਤਿਹਾਸ ਗੁਆਹ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਨਾ ਤਾਂ ਗੁਰੂ ਸਾਹਿਬ ਕੋਲ ਅਤੇ ਨਾ ਹੀ ਉਨ੍ਹਾਂ ਦੇ ਸਿੱਖਾਂ ਪਾਸ ਕੋਈ ਰਾਜਸੱਤਾ ਸੀ। ਜਿਸ ਸਮੇਂ ਸਿੱਖ ਸੰਘਰਸ਼ ਦੇ ਦੌਰ ਵਿਚੋਂ ਗੁਜ਼ਰ ਰਹੇ ਸਨ, ਉਸ ਸਮੇਂ ਸਿੱਖੀ ਮਜ਼ਬੂਤ ਸੀ, ਜਿਸਦੇ ਸਹਾਰੇ ਸਿੱਖ ਜਬਰ-ਜ਼ੁਲਮ ਦਾ ਨਾਸ਼ ਕਰਨ ਪ੍ਰਤੀ ਦ੍ਰਿੜ੍ਹ ਸੰਕਲਪ ਹੋ ਜੁਟੇ ਹੋਏ ਸਨ। ਇਸ ਦਾ ਕਾਰਨ ਇਹੀ ਸੀ ਕਿ ਸਿੱਖ ਸਿਧਾਂਤ ਨੂੰ ਤਿਲਾਂਜਲੀ ਦੇਕੇ ਸਤਾ ਦਾ ਰਾਹ ਨਹੀਂ ਅਪਨਾਉਂਦੇ ਸਨ। ਇਨ੍ਹਾਂ ਹਾਲਾਤ ਵਿੱਚ ਇਹ ਗੱਲ ਸਵੀਕਾਰ ਕਰਨੀ ਹੀ ਹੋਵੇਗੀ ਕਿ ਸਿੱਖ ਧਰਮ ਦੀਆਂ ਮਾਨਤਾਵਾਂ, ਪਰੰਪਰਾਵਾਂ ਅਤੇ ਮਰਿਆਦਾਵਾਂ ਦੀ ਰਖਿਆ ਤਾਂ ਹੀ ਸੰਭਵ ਹੈ, ਜੇ ਉਹ ਰਾਜ-ਸੱਤਾ ਦੇ ਪ੍ਰਭਾਵ ਤੋਂ ਮੁਕਤ ਹੋਣ। ਇਸਦਾ ਕਾਰਨ ਇਹ ਹੈ ਕਿ ਰਾਜਨੀਤੀ ਵਿੱਚ ਤਾਂ ਗ਼ੈਰ-ਸਿਧਾਂਤਕ ਸਮਝੌਤੇ ਕੀਤੇ ਜਾ ਸਕਦੇ ਹਨ ਪਰ ਧਰਮ ਦੇ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੇ ਨਾ ਤਾਂ ਗ਼ੈਰ-ਸਿਧਾਂਤਕ ਸਮਝੌਤੇ ਹੋ ਸਕਦੇ ਹਨ ਤੇ ਨਾ ਹੀ ਕਿਸੇ ਤਰ੍ਹਾਂ ਦਾ ਗਠਜੋੜ।

***

## ਭਾਰਤ ਦੇ ਸੈਨਿਕ ਸਕੂਲਾਂ ਦਾ ਹੋਇਆ ਭਗਵਾਂਕਰਨ

ਇਸੇ ਦੌਰਾਨ ਆਰਸੀ ਦੀ ਇੱਕ ਹੋਰ ਰਿਪੋਰਟ ਅਨੁਸਾਰ ਰੱਖਿਆ ਮੰਤਰਾਲੇ ਨੇ ਉਕਤ ਰਿਪੋਰਟ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਸਕੂਲਾਂ ਨੂੰ ਚਲਾਉਣ ਲਈ ਭਾਈਵਾਲਾਂ ਦੀ ਚੋਣ ਕਰਨ ਦੀ ਪ੍ਰਕਿਰਿਆ ਵਿੱਚ ਸੰਸਥਾਵਾਂ ਦੀ ਰਾਜਨੀਤੀ ਜਾਂ ਵਿਚਾਰਧਾਰਾ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਹੈਰਾਨੀ ਦੀ ਗੱਲ ਹੈ ਕਿ ਇਹ ਪ੍ਰੈਸ ਨੋਟ ਅਧਿਕਾਰਤ ਤੌਰ 'ਤੇ ਜਾਰੀ ਕਰਨ ਦੀ ਬਜਾਏ ਰੱਖਿਆ ਮੰਤਰਾਲੇ ਨੂੰ ਕਵਰ ਕਰਨ ਵਾਲੇ ਚੋਣਵੇਂ ਪੱਤਰਕਾਰਾਂ ਨੂੰ ਭੇਜ ਦਿੱਤਾ ਗਿਆ।

ਦੁਨੀਆਂ ਭਰ ਦੇ ਇਤਿਹਾਸ ਵਿੱਚ ਜਿਹੜੀ ਵੀ ਸਿਆਸਤ ਅਤੇ ਵਿਚਾਰਧਾਰਾ ਸੱਤਾ ਉੱਤੇ ਕਾਬਜ ਹੋਣ ਵਿੱਚ ਕਾਮਯਾਬ ਹੋਈ ਹੈ ਉਨ੍ਹਾਂ ਸਾਰੀਆਂ ਸੱਤਾਵਾਂ ਨੇ ਉਥੋਂ ਦੇ ਸਥਾਨਕ ਸਾਹਿਤ, ਕਲਾ, ਸਿੱਖਿਆ ਅਤੇ ਸੱਭਿਆਚਾਰ ਨੂੰ ਆਪਣੇ ਮੁਤਾਬਕ ਢਾਲਣ ਦੇ ਯਤਨ ਕੀਤੇ ਹਨ। ਜੇਕਰ ਇੱਕ ਪਾਸੇ ਨਾਜ਼ੀ ਜਰਮਨੀ ਨੇ ਜਰਮਨੀ ਦੇ ਸਾਹਿਤ, ਸਿਖਿਆ, ਕਲਾ ਅਤੇ ਸੱਭਿਆਚਾਰ ਨੂੰ ਆਪਣੇ ਮੁਤਾਬਕ ਢਾਲਿਆ ਤਾਂ ਉਧਰ ਦੂਜੇ ਪਾਸੇ ਸਮਾਜਵਾਦੀ ਸੋਵੀਅਤ ਯੂਨੀਅਨ ਨੇ ਆਪਣੇ ਦੇਸ਼ ਦੇ ਸਾਹਿਤ, ਸਿਖਿਆ,ਕਲਾ ਅਤੇ ਸੱਭਿਆਚਾਰ ਨੂੰ ਆਪਣੀ ਵਿਚਾਰਧਾਰਾ ਮੁਜਬ ਵਿਕਸਿਤ ਕੀਤਾ। ਚੀਨ ਅੰਦਰ ਮਹਾਨ ਸੱਭਿਆਚਾਰਕ ਇਨਕਲਾਬ ਦੌਰਾਨ ਸਾਹਿਤ, ਕਲਾ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਵੱਡੀਆਂ ਪੁਲਾਂਘਾਂ ਪੁਟੀਆਂ ਗਈਆਂ। ਸੱਤਾ ਅਤੇ ਉਸਦੀ ਸਿਆਸਤ ਦਾ ਇਸ ਉੱਤੇ ਅਸਰਅੰਦਾਜ਼ ਹੋਣਾ ਸੁਭਾਵਿਕ ਅਤੇ ਜਰੂਰੀ ਹੁੰਦਾ ਹੈ। ਪਰੰਤੂ ਜਦੋਂ ਸਾਹਿਤ, ਕਲਾ ਅਤੇ ਸੱਭਿਆਚਾਰ ਦਾ ਉਦੇਸ਼ ਤੈਅ ਕੀਤਾ ਜਾਂਦਾ ਹੈ ਤਾਂ ਦੁਨੀਆ ਭਰ ਦੇ ਅਗਾਂਹਵਧੂ ਵਿਦਵਾਨ ਆਪਣੀਆਂ ਵੱਖੋ-ਵੱਖਰੀਆਂ ਰਾਵਾਂ ਦੇ ਬਾਵਜੂਦ ਇੱਕ ਸਾਂਝੇ ਨੁਕਤੇ ਉੱਤੇ ਸਹੀ ਪਾਉਂਦੇ ਹਨ ਕਿ ਸਾਹਿਤ, ਕਲਾ, ਸਿੱਖਿਆ ਅਤੇ ਸੱਭਿਆਚਾਰ ਦਾ ਉਦੇਸ਼ ਮਨੁੱਖ ਜਾਤੀ ਦਾ ਵਿਕਾਸ ਅਤੇ ਉਸਦੀ ਸੇਵਾ ਕਰਨਾ ਹੈ। ਪਰੰਤੂ ਮੌਜੂਦਾ ਸਮੇਂ ਭਾਜਪਾ ਅਤੇ ਸੰਘ ਜਿਸ ਕਦਰ ਮਹਿੰਗਾਈ, ਭ੍ਰਿਸ਼ਟਾਚਾਰ, ਘੁਟਾਲੇ, ਬੇਰੁਜਗਾਰੀ, ਗਰੀਬੀ ਆਦਿ ਬੁਨਿਆਦੀ ਮੁੱਦਿਆਂ ਉੱਤੇ ਧਿਆਨ ਦੇਣ ਦੀ ਬਜਾਏ ਸਾਹਿਤ, ਕਲਾ ਅਤੇ ਸੱਭਿਆਚਾਰ ਆਦਿ ਖੇਤਰਾਂ ਰਾਹੀਂ ਕੌਮੀ ਸ਼ਾਵਨਵਾਦ ਨੂੰ ਉਤਸ਼ਾਹਿਤ ਕਰਕੇ ਫਿਰਕੂ ਨਫ਼ਰਤ ਦਾ ਮਹੌਲ ਪੈਦਾ ਕਰ ਰਹੀ ਹੈ,ਹਿੰਦੂਤਵ ਦਾ ਫ਼ੌਜੀਕਰਨ ਕਰ ਰਹੀ ਹੈ। ਨਿਰਪੱਖ ਵਿਦਵਾਨਾਂ ਦੀ ਰਾਇ ਹੈ ਕਿ ਵਿਕਾਸ ਦੀ ਥਾਂ ਹਿੰਦੂਤਵੀ ਫਾਸ਼ੀਵਾਦ ਭਾਜਪਾ ਦਾ ਮੁੱਖ ਏਜੰਡਾ ਹੈ, ਜਿਸਨੂੰ ਸਫਲ ਨਹੀਂ ਹੋਣ ਦੇਣਾ ਚਾਹੀਦਾ।

## ਕੇਜਰੀਵਾਲ ਦੀ ਪਤਨੀ ਨੇ ਸੰਭਾਲੀ ਜ਼ਿੰਮੇਵਾਰੀ

ਨਾ ਆ ਕੇ ਅਰਵਿੰਦ ਕੇਜਰੀਵਾਲ ਦੇ ਫ਼ੈਸਲਿਆਂ 'ਤੇ ਸੁਆਲ ਉਠਾ ਰਹੇ ਹਨ। ਪਿਛਲੇ ਦਿਨੀਂ ਉਨ੍ਹਾਂ ਨੇ ਇਕ ਯੂ-ਟਿਊਬ ਚੈਨਲ 'ਤੇ ਇੰਟਰਵਿਊ ਦੌਰਾਨ ਪੰਜਾਬ ਦੇ ਰਾਜ ਸਭਾ ਸੰਸਦ ਮੈਂਬਰ ਹਰਭਜਨ ਸਿੰਘ ਨੂੰ ਲੈ ਕੇ ਟਿੱਪਣੀ ਕੀਤੀ ਸੀ। ਉਨ੍ਹਾਂ ਕਿਹਾ ਕਿ ਪਤਾ ਨਹੀਂ ਕਿਉਂ ਹਰਭਜਨ ਸਿੰਘ ਸਾਡੇ ਲਈ ਸਪਿਨ ਨਹੀਂ ਕਰਾ ਰਹੇ ਹਨ। ਅਸਲ ਵਿੱਚ ਪਾਰਟੀ ਦੇ ਇਸ ਸੰਕਟ ਦੇ ਸਮੇਂ ਪੰਜਾਬ ਤੋਂ ਰਾਜ ਸਭਾ ਭੇਜੇ ਗਏ ਸਾਰੇ ਸੱਤ ਸੰਸਦ ਮੈਂਬਰ ਲਾਪਤਾ ਹਨ। ਰਾਘਵ ਚੱਢਾ ਅੱਖ ਦੀ ਸਰਜਰੀ ਦੇ ਕਾਰਨ ਲੰਦਨ ਵਿੱਚ ਬੈਠੇ ਹਨ। ਦਿੱਲੀ ਤੋਂ ਰਾਜ ਸਭਾ ਵਿੱਚ ਗਈ ਸਵਾਤੀ ਮਾਲੀਵਾਲ ਆਪਣੀ ਭੈਣ ਦੇ ਇਲਾਜ ਲਈ ਅਮਰੀਕਾ ਵਿੱਚ ਹੈ। ਕੁਲ ਮਿਲਾ ਕੇ ਪਾਰਟੀ ਦੇ 10 ਰਾਜ ਸਭਾ ਮੈਂਬਰਾਂ ਵਿਚੋਂ ਕੋਈ ਵੀ ਕੇਜਰੀਵਾਲ ਦੇ ਸਮਰਥਨ ਵਿੱਚ ਸਾਹਮਣੇ ਨਹੀਂ ਆਇਆ। ਇਨ੍ਹਾਂ ਵਿਚੋਂ ਸੰਜੇ ਸਿੰਘ ਹੁਣ ਜੇਲ੍ਹ ਤੋਂ ਜ਼ਮਾਨਤ 'ਤੇ ਰਿਹਾਅ ਹੋਏ ਹਨ, ਉਹ ਤਾਂ ਕੁਝ ਕਰਨਗੇ ਪਰ ਬਾਕੀ ਕਿਸੇ ਦਾ ਕੁਝ ਪਤਾ ਨਹੀਂ ਹੈ। ਰਾਜਸਭਾ ਦੇ ਸਾਰੇ ਮੈਂਬਰਾਂ ਨੂੰ ਸਿੱਧੇ ਅਰਵਿੰਦ ਕੇਜਰੀਵਾਲ ਨੇ ਚੁਣਿਆ ਹੈ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਵਿਚੋਂ ਕੋਈ ਰਾਜਨੀਤਕ ਲੜਾਈ ਲੜਨ ਲਈ ਬਾਹਰ ਨਹੀਂ ਨਿਕਲਿਆ ਹੈ।

## ਕੰਟਰੋਲ ਰੇਖਾ ਨੂੰ ਲੈਕੇ ਭਾਰਤ ਤੇ ਚੀਨ 'ਚ ਵਿਵਾਦ

ਭਾਰਤ ਨੇ ਇਹ ਸਿੱਟਾ ਕੱਢਣ ਤੋਂ ਬਾਅਦ ਡਟ ਕੇ ਫੌਰੀ ਪ੍ਰਤੀਕਿਰਿਆ ਦਿੱਤੀ ਸੀ ਕਿ 'ਸ਼ਿਆਓਕਾਂਗ' ਪਿੰਡ ਚੀਨ ਨੂੰ ਇਹ ਕਹਿਣ ਦਾ ਮੌਕਾ ਦੇ ਸਕਦੇ ਹਨ ਕਿ ਆਬਾਦ ਇਲਾਕੇ ਹੋਣ ਕਰ ਕੇ ਇਨ੍ਹਾਂ ਨੂੰ 2005 ਦੇ ਸਰਹੱਦੀ ਸੁਰੱਖਿਆ ਤਾਲਮੇਲ ਸਮਝੌਤੇ (ਬੀਡੀਸੀਏ) ਤਹਿਤ ਸਰਹੱਦੀ ਵਾਰਤਾ ਵਿਚੋਂ ਬਾਹਰ ਰੱਖਿਆ ਜਾਵੇ। ਲੱਦਾਖ ਦੇ ਐਨ ਸਾਹਮਣੇ ਗ਼ੈਰ-ਕਾਨੂੰਨੀ ਢੰਗ ਨਾਲ ਦੱਬੇ ਇਲਾਕਿਆਂ ਵਿੱਚ ਪਿੰਡ ਵਸਾ ਕੇ ਚੀਨੀ ਸੰਕੇਤ ਦੇ ਰਹੇ ਹਨ ਕਿ ਇਹ ਇਲਾਕਾ ਅਟਲ ਰੂਪ ਵਿੱਚ ਉਨ੍ਹਾਂ ਦਾ ਹੈ ਪਰ 'ਵਾਇਬ੍ਰੈਂਟ ਵਿਲੇਜ ਪ੍ਰੋਗਰਾਮ' ਦੇ ਰੂਪ ਵਿੱਚ ਭਾਰਤ ਦੀ ਜਵਾਬੀ ਕਾਰਵਾਈ ਅਜੇ ਵੀ ਅਧੂਰੀ ਹੈ ਜਿਸ ਤਹਿਤ ਗਰਮੀ ਦੀ ਰੁੱਤ ਦੇ ਸਰਹੱਦੀ ਟਿਕਾਣਿਆਂ ਨੂੰ ਪੂਰੇ ਸਾਲ ਲਈ ਆਧੁਨਿਕ ਸੈਰ-ਸਪਾਟਾ ਕੇਂਦਰ ਦੇ ਰੂਪ ਵਿੱਚ ਵਿਕਸਿਤ ਕੀਤਾ ਜਾਣਾ ਸੀ।

ਪਿੰਡ ਖਾਲੀ ਹੋਣ ਤੋਂ ਬਚਾਉਣ ਦਾ ਭਾਰਤ ਕੋਲ ਸਭ ਤੋਂ ਚੰਗਾ ਬਦਲ ਲੱਦਾਖੀ ਲੋਕਾਂ ਨੂੰ ਉੱਥੇ ਵਸਾਉਣਾ ਹੈ ਕਿਉਂਕਿ ਇਹ ਉਨ੍ਹਾਂ ਦੀ ਜ਼ਮੀਨ ਹੈ ਜਿਸ ਨੂੰ ਚੀਨ ਹਥਿਆਉਣਾ ਚਾਹੁੰਦਾ ਹੈ ਤੇ ਉਨ੍ਹਾਂ ਦੇ ਹਿੱਤ ਇਸ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ ਉਹ ਬੇਹੱਦ ਉਚਾਈ ਵਾਲੇ ਸਖ਼ਤ ਵਾਤਾਵਰਨ ਵਿੱਚ ਰਹਿਣ ਦੇ ਵੀ ਸਮਰੱਥ ਹਨ ਪਰ ਉਨ੍ਹਾਂ ਨੂੰ ਰਜ਼ਾਮੰਦ ਕਰ ਕੇ ਹਿੱਸੇਦਾਰ ਬਣਾਉਣ ਲਈ ਕੇਂਦਰ ਨੂੰ ਲੱਦਾਖ ਵਿੱਚ ਆਏ ਉਬਾਲ ਨੂੰ ਸ਼ਾਂਤ ਕਰਨ ਦੀ ਲੋੜ ਹੈ। ਐੱਲਏਸੀ ਵੱਲ ਮਾਰਚ ਰੱਦ ਕਰ ਕੇ ਲੱਦਾਖੀ ਕਾਰਕੁਨ ਸੋਨਮ ਵਾਂਗਚੁਕ ਨੇ ਫਿਲਹਾਲ ਕੇਂਦਰ ਸਰਕਾਰ ਨੂੰ ਸ਼ਰਮਿੰਦਾ ਕਰਨ ਤੋਂ ਪਰਹੇਜ਼ ਕੀਤਾ ਹੈ। ਹੁਣ ਕੇਂਦਰ ਸਰਕਾਰ ਨੂੰ ਇਸ ਬਾਰੇ ਪਹਿਲ ਕਰਨੀ ਚਾਹੀਦੀ ਹੈ। ਅਸਲ ਕੰਟਰੋਲ ਰੇਖਾ ਦੀ ਰਾਖੀ ਵਿੱਚ ਅਹਿਮ ਕੜੀ ਸਾਬਿਤ ਹੋਣ ਵਾਲੇ ਇਨ੍ਹਾਂ ਲੋਕਾਂ ਦੀਆਂ ਖ਼ਾਹਸ਼ਾਂ 'ਤੇ ਗੰਭੀਰਤਾ ਨਾਲ ਗ਼ੌਰ ਕਰ ਕੇ ਵਾਂਗਚੁਕ ਦੀਆਂ ਤਰਕਸੰਗਤ ਮੰਗਾਂ ਮੰਨ ਲਈਆਂ ਜਾਣੀਆਂ ਚਾਹੀਦੀਆਂ ਹਨ। ਇਹ ਮੰਗਾਂ ਉਂਝ ਵਾਤਾਵਰਨਕ ਅਤੇ ਮਾਨਵੀ ਸਰੋਕਾਰਾਂ ਨਾਲ ਡੂੰਘੀਆਂ ਜੁੜੀਆਂ ਹੋਈ ਹਨ। ਇਨ੍ਹਾਂ ਨੂੰ ਨਜਿੱਠ ਕੇ ਸਰਹੱਦੀ ਮਸਲਿਆਂ ਨਾਲ ਚੰਗੇਰੇ ਢੰਗ ਨਾਲ ਨਜਿੱਠਿਆ ਜਾ ਸਕਦਾ ਹੈ। ਚੀਨ ਵਲੋਂ ਅਰੁਣਾਚਲ ਪ੍ਰਦੇਸ਼ ਦੀਆਂ ਕਈ ਥਾਵਾਂ ਦੇ 30 ਨਵੇਂ ਨਾਂ ਜਾਰੀ ਕੀਤੇ ਜਾਣ ਤੋਂ ਬਾਅਦ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਕਿਹਾ ਕਿ ਅਰੁਣਾਚਲ ਪ੍ਰਦੇਸ਼ ਇੱਕ ਭਾਰਤੀ ਸੂਬਾ ਸੀ, ਹੈ ਅਤੇ ਭਵਿੱਖ ਵਿਚ ਵੀ ਰਹੇਗਾ। ਉਨ੍ਹਾਂ ਕਿਹਾ ਕਿ ਨਾਮ ਬਦਲਣ ਨਾਲ ਕੁੱਝ ਹਾਸਲ ਨਹੀਂ ਹੋਵੇਗਾ। ਭਾਰਤ ਅਰੁਣਾਚਲ ਪ੍ਰਦੇਸ਼ ਵਿੱਚ ਸਥਾਨਾਂ ਦੇ ਨਾਮ ਬਦਲਣ ਦੇ ਚੀਨ ਦੇ ਕਦਮ ਨੂੰ ਰੱਦ ਕਰਦਾ ਰਿਹਾ ਹੈ। ਚੀਨ ਅਰੁਣਾਚਲ ਪ੍ਰਦੇਸ਼ ਨੂੰ 'ਜ਼ੰਗਨਾਨ' ਕਹਿੰਦਾ ਹੈ ਅਤੇ ਰਾਜ ਨੂੰ ਦੱਖਣੀ ਤਿੱਬਤ ਦਾ ਹਿੱਸਾ ਦੱਸਦਾ ਹੈ।

***

## ਔਰਤਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਵੱਧ

ਫ਼ੈਡਰੇਸ਼ਨ ਆਫ਼ ਇੰਡੀਅਨ ਚੈਮਬਰਜ਼ ਆਫ਼ ਕਾਮਰਸ ਐਂਡ ਇੰਡਸਟਰੀ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਕੈਂਸਰ ਦੀ ਸਮੱਸਿਆ ਇਸ ਹੱਦ ਤੱਕ ਨਿਰੰਤਰ ਵੱਧਦੀ ਜਾ ਰਹੀ ਹੈ ਕਿ ਦੁਨੀਆਂ ਵਿੱਚ ਚੀਨ ਅਤੇ ਅਮਰੀਕਾ ਤੋਂ ਬਾਅਦ ਭਾਰਤ ਅਜਿਹਾ ਦੇਸ਼ ਬਣ ਗਿਆ ਹੈ, ਜਿੱਥੇ ਸਭ ਤੋਂ ਵੱਧ ਔਰਤਾਂ ਕੈਂਸਰ ਤੋਂ ਪੀੜਤ ਹਨ।

ਚੰਡੀਗੜ੍ਹ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਸੰਗਰੂਰ ਅਤੇ ਮਾਨਸਾ ਆਦਿ ਜ਼ਿਲ੍ਹਿਆਂ ਵਿੱਚ ਟਾਟਾ ਮੈਮੋਰੀਅਲ ਸੈਂਟਰ ਮੁੰਬਈ ਵੱਲੋਂ ਪੀ.ਜੀ.ਆਈ. ਚੰਡੀਗੜ੍ਹ ਅਤੇ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਨਾਲ ਸਾਂਝੇ ਤੌਰ ਉੱਤੇ ਕਰਵਾਈਆਂ ਜਨਸੰਖਿਆ ਆਧਾਰਿਤ ਕੈਂਸਰ ਰਜਿਸਟਰੀਆਂ ਅਨੁਸਾਰ ਔਰਤਾਂ ਬਰੈਸਟ ਕੈਂਸਰ ਨਾਲ ਸਭ ਤੋਂ ਵੱਧ ਪੀੜਤ ਸਨ। ਏਮਜ਼ ਹਸਪਤਾਲ ਵਿੱਚ ਸਰਜੀਕਲ ਆਨਕਾਲੋਜੀ ਵਿਭਾਗ ਦੇ ਪ੍ਰੋਫੈਸਰ ਡਾਕਟਰ ਐੱਸਵੀਐੱਸ ਦੇਵ ਕਹਿੰਦੇ ਹਨ ਕਿ ਪਿਛਲੇ 10 ਤੋਂ 15 ਸਾਲਾਂ ਵਿੱਚ ਨੌਜਵਾਨ ਔਰਤਾਂ ਵਿੱਚ ਕੈਂਸਰ ਦੇ ਮਾਮਲੇ ਜ਼ਿਆਦਾ ਆ ਰਹੇ ਹਨ ਅਤੇ ਬਰੈਸਟ ਕੈਂਸਰ ਦੇ ਮਾਮਲਿਆਂ ਵਿੱਚ ਉਹ ਔਰਤਾਂ ਸ਼ਾਮਲ ਹਨ, ਜਿਨ੍ਹਾਂ ਦੀ ਉਮਰ 40 ਸਾਲ ਤੋਂ ਘੱਟ ਹੈ।

## ਕੀ ਹੈ ਕੈਂਸਰ ਦਾ ਕਾਰਨ ?

ਇਸ ਵਿੱਚੋਂ ਸਿਰਫ 99% ਹੀ ਯੂਰੇਨੀਅਮ ਸਾਫ਼ ਹੁੰਦਾ ਹੈ, ਪਰ ਜਿਹੜਾ ਪਾਣੀ ਫ਼ਸਲਾਂ ਨੂੰ ਲਾਇਆ ਜਾਂਦਾ ਹੈ ਉਸ ਨਾਲ ਕੁਝ ਤੱਤ ਜਿਨਸ ਵਿੱਚ ਵੀ ਪਹੁੰਚ ਜਾਂਦਾ ਹੈ। ਇਸ ਵੇਲੇ ਇਸ ਨੂੰ ਸੋਚਣ ਦੀ ਲੋੜ ਹੈ ਕਿ ਇਹ ਭਾਰੀ ਧਾਤਾਂ ਪਾਣੀ ਵਿੱਚ ਆਈਆਂ ਕਿੱਥੋਂ ? ਦਰਅਸਲ, ਇਸ ਦੀ ਜੜ੍ਹ ਬੱਝੀ ਹੈ ਜਿਹੜਾ ਫੈਕਟਰੀਆਂ ਦਾ ਗੰਦਾ ਪਾਣੀ ਨਾਲਿਆਂ ਜ਼ਰੀਏ ਨਦੀਆਂ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇਸ ਵਿੱਚ ਸਭ ਤੋਂ ਮੋਹਰੀ ਸ਼ਹਿਰ ਹੈ ਲੁਧਿਆਣਾ। ਇੱਥੋਂ ਦੀਆਂ ਫੈਕਟਰੀਆਂ ਜੋ ਰਸਾਇਣ ਵਰਤਦੀਆਂ ਹਨ, ਉਨ੍ਹਾਂ ਨੂੰ ਪਾਣੀ ਵਿੱਚ ਬਿਨਾਂ ਟਰੀਟਮੈਂਟ ਕੀਤੇ ਸੁੱਟਿਆ ਜਾਂਦਾ ਹੈ। ਬੁੱਢਾ ਨਾਲਾ ਇਸ ਦੀ ਜਿਊਂਦੀ-ਜਾਗਦੀ ਮਿਸਾਲ ਹੈ। ਭਾਰੀ ਰਕਮ ਲੱਗਣ ਦੇ ਬਾਵਜੂਦ ਬੁੱਢੇ ਨਾਲੇ ਦੇ ਹਾਲਾਤ ਜਿਉਂ ਤੇ ਤਿਉਂ ਬਣੇ ਹੋਏ ਹਨ। ਇਹ ਬੁੱਢਾ ਨਾਲਾ ਜਾ ਕੇ ਸਤਲੁਜ ਦਰਿਆ ਵਿੱਚ ਪੈਂਦਾ ਹੈ ਅਤੇ ਸਤਲੁਜ ਦਾ ਪਾਣੀ ਸਾਰੇ ਮਾਲਵੇ ਖੇਤਰ ਨੂੰ ਪੀਣ ਲਈ ਮਿਲਦਾ ਹੈ। ਹਾਲਾਂਕਿ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਇੰਡਸਟਰੀ ਨੂੰ ਵਾਟਰ ਟਰੀਟਮੈਂਟ ਪਲਾਂਟ ਲਗਾਉਣੇ ਲਾਜ਼ਮੀ ਕੀਤੇ ਹਨ ਅਤੇ ਕਈਆਂ ਨੇ ਲਗਾਏ ਵੀ ਹਨ ਪਰ ਚਲਾਏ ਨਹੀਂ ਜਾਂਦੇ ਕਿਉਂਕਿ ਚਲਾਉਣ 'ਤੇ ਖ਼ਰਚਾ ਕਰਨਾ ਪੈਂਦਾ ਹੈ। ਕਈਆਂ ਨੇ ਪਾਣੀ ਬੁੱਢੇ ਨਾਲੇ ਵਿੱਚ ਪਾਉਣ ਦੀ ਬਜਾਏ ਧਰਤੀ ਵਿੱਚ ਬੋਰ ਕਰਕੇ ਹੇਠਾਂ ਪਾਉਣਾ ਸ਼ੁਰੂ ਕਰ ਦਿੱਤਾ ਹੈ ਜਿਸ ਨਾਲ ਧਰਤੀ ਹੇਠਲਾ ਪਾਣੀ ਖ਼ਰਾਬ ਹੋ ਰਿਹਾ ਹੈ।

### ਸਮੱਸਿਆ ਦਾ ਹੱਲ

ਸਮੱਸਿਆ ਦੇ ਹੱਲ ਲਈ ਸਰਕਾਰ ਸਭ ਤੋਂ ਪਹਿਲਾਂ ਸ਼ਹਿਰਾਂ ਦਾ ਖ਼ਾਸ ਕਰਕੇ ਫੈਕਟਰੀਆਂ ਦਾ ਪਾਣੀ ਦਰਿਆਵਾਂ ਵਿੱਚ ਜਾਂ ਧਰਤੀ ਹੇਠਾਂ ਨਾ ਪਾਉਣ ਦਾ ਕਾਨੂੰਨ ਪਾਸ ਕਰ ਕੇ ਲਿਆਵੇ ਅਤੇ ਇਸ ਦੀ ਉਲੰਘਣਾ ਕਰਨ ਵਾਲੇ ਨੂੰ ਸਜ਼ਾ ਹੋਣੀ ਚਾਹੀਦੀ ਹੈ। ਉਹ ਵੀ ਇਕੱਲੀ ਪੈਸੇ ਯਾਨੀ ਜੁਰਮਾਨੇ ਦੀ ਨਹੀਂ, ਸਗੋਂ ਕੈਦ ਵੀ ਹੋਵੇ। ਇਸੇ ਤਰ੍ਹਾਂ ਦੀ ਸਜ਼ਾ ਟੀਕੇ ਲਾ ਕੇ ਫਲ-ਸਬਜ਼ੀਆਂ ਪਕਾਉਣ ਵਾਲਿਆਂ ਨੂੰ ਹੋਵੇ।

***

## ਸਿੱਖ ਆਗੂਆਂ ਦੀਆਂ ਗ੍ਰਿਫ਼ਤਾਰੀਆਂ ਕਾਰਨ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵਖੋ ਵੱਖ ਬਿਆਨਾਂ ਰਾਹੀਂ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਸਮੇਤ ਪਰਿਵਾਰਕ ਮੈਂਬਰਾਂ ਨੂੰ ਪੁਲਿਸ ਵੱਲੋਂ ਹਿਰਾਸਤ ਵਿੱਚ ਲੈਣ ਦੀ ਕਾਰਵਾਈ 'ਤੇ ਸਰਕਾਰ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਆਖਿਆ ਹੈ ਕਿ ਬਿਨਾਂ ਵਜ੍ਹਾ ਮਾਹੌਲ ਵਿੱਚ ਤਲਖੀ ਪੈਦਾ ਕਰਨ ਤੋਂ ਗੁਰੇਜ਼ ਕੀਤਾ ਜਾਵੇ ਤੇ ਸਰਕਾਰ ਨੂੰ ਤੁਰੰਤ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ ਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ। ਖ਼ਾਲਸਾ ਚੇਤਨਾ ਮਾਰਚ ਨੂੰ ਰੋਕਣ ਵਾਸਤੇ ਸਿੱਖ ਨੌਜਵਾਨਾਂ ਦੇ ਮਾਪਿਆਂ ਤੇ ਪਰਿਵਾਰਕ ਮੈਂਬਰਾਂ ਦੀ ਫ਼ੜੋ ਫ਼ੜਾਈ ਸਰਕਾਰ ਦੀ ਸਿੱਖ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦੀ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਦੇਸ਼ ਵਿੱਚ ਜੋ ਮਾਹੌਲ ਸਿਰਜਿਆ ਜਾ ਰਿਹਾ ਹੈ, ਉਹ ਆਉਣ ਵਾਲੇ ਸਮੇਂ ਵਿਚ ਘੱਟ ਗਿਣਤੀਆਂ ਲਈ ਖ਼ਤਰੇ ਦੀ ਨਿਸ਼ਾਨੀ ਹੈ। ਸਿੰਘ ਸਾਹਿਬ ਨੇ ਇਸ ਮੌਕੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਦਮਦਮਾ ਸਾਹਿਬ ਵਿਖੇ ਵਿਸਾਖੀ ਜੋੜ ਮੇਲੇ ਮੌਕੇ ਭੈਅ ਦਾ ਮਾਹੌਲ ਬਣਾਉਣ ਤੋਂ ਗੁਰੇਜ਼ ਕਰੇ ।

ਇਸ ਵੇਲੇ ਅੰਮ੍ਰਿਤਪਾਲ ਸਿੰਘ ਦੇ ਨਾਲ ਐੱਨ.ਐੱਸ.ਏ. ਦੇ ਤਹਿਤ 9 ਸਿੱਖ ਦਲਜੀਤ ਸਿੰਘ ਕਲਸੀ, ਪਪਲਪ੍ਰੀਤ ਸਿੰਘ, ਕੁਲਵੰਤ ਸਿੰਘ ਧਾਲੀਵਾਲ, ਵਰਿੰਦਰ ਸਿੰਘ ਜੌਹਲ, ਗੁਰਮੀਤ ਸਿੰਘ ਬੁੱਕਣਵਾਲਾ, ਹਰਜੀਤ ਸਿੰਘ, ਭਗਵੰਤ ਸਿੰਘ, ਬਸੰਤ ਸਿੰਘ ਅਤੇ ਗੁਰਿੰਦਰਪਾਲ ਸਿੰਘ ਔਜਲਾ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ।

ਚੇਤਨਾ ਮਾਰਚ ਦੀ ਨਹੀਂ ਲਈ ਸੀ ਪ੍ਰਵਾਨਗੀ-ਏ.ਡੀ.ਜੀ.ਪੀ

ਇਸੇ ਦੌਰਾਨ ਗੱਲਬਾਤ ਕਰਦਿਆਂ ਏ.ਡੀ.ਜੀ.ਪੀ. ਐਸ.ਪੀ.ਐਸ. ਪਰਮਾਰ ਨੇ ਅਜੀਬ ਤਰਕ ਦਿੰਦਿਆਂ ਕਿਹਾ ਕਿ ਲੋਕ ਸਭਾ ਚੋਣਾਂ ਕਾਰਨ ਸੂਬੇ ਵਿੱਚ ਆਦਰਸ਼ ਚੋਣ ਜ਼ਾਬਤਾ ਲੱਗਾ ਹੋਇਆ ਹੈ, ਇਸ ਲਈ ਮਾਰਚ ਦੇ ਪ੍ਰਬੰਧਕਾਂ ਨੂੰ ਪ੍ਰਸ਼ਾਸਨ ਤੋਂ ਇਜਾਜ਼ਤ ਲੈਣੀ ਬਣਦੀ ਸੀ, ਪਰ ਪ੍ਰਬੰਧਕਾਂ ਨੇ ਪੁਲਿਸ ਪ੍ਰਸ਼ਾਸਨ ਕੋਲੋਂ ਮਾਰਚ ਕੱਢਣ ਬਾਰੇ ਲਈ ਕੋਈ ਪ੍ਰਵਾਨਗੀ ਪੇਸ਼ ਨਹੀਂ ਕੀਤੀ । ਉਨ੍ਹਾਂ ਨੇ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੂੰ ਗੁਰਦੁਆਰਾ ਕੰਪਲੈਕਸ 'ਚੋਂ ਗ੍ਰਿਫ਼ਤਾਰ ਕਰਨ ਦੇ ਦਾਅਵਿਆਂ ਨੂੰ ਗਲਤ ਕਰਾਰ ਦਿੰਦਿਆਂ ਕਿਹਾ ਕਿ ਪੁਲਿਸ ਕਦੇ ਗੁਰਦੁਆਰਾ ਸਾਹਿਬ ਵਿੱਚ ਨਹੀਂ ਵੜਦੀ। ਉਨ੍ਹਾਂ ਇਹ ਵੀ ਕਿਹਾ ਕਿ ਸੰਗਤ ਵਿਸਾਖੀ ਜੋੜ ਮੇਲੇ ਮੌਕੇ ਪੁਜ ਰਹੀ ਹੈ ਅਤੇ ਦੇਸ਼ ਵਿਰੋਧੀ ਅਨਸਰਾਂ ਨੂੰ ਕਿਸੇ ਕਿਸਮ ਦੀ ਗਤੀਵਿਧੀ ਨਹੀਂ ਕਰਨ ਦਿੱਤੀ ਜਾਵੇਗੀ।

***

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

## ਦਾਦੇ

ਮੱਖਣ ਦਾਦਾ ! ਸੁਲੇਖ ਨੇ ਚਾਹ ਦਾ ਘੁਟ ਭਰਕੇ ਕਿਹਾ। ਮੈਨੂੰ ਸਰਦਾਰਾਂ ਨੇ ਅੱਜ ਦਸਿਆ ਹੈ ਕਿ ਤੂੰ ਬੜਾ ਖ਼ਤਰਨਾਕ ਆਦਮੀ ਹੈਂ।
ਹਾਇੰਕ...ਇ ਚਾਹ ਦਾ ਭਾਂਡਾ ਮੱਖਣ ਦੇ ਬੁਲ੍ਹਾਂ ਤੋਂ ਉਰੇ ਹੀ ਰੁਕ ਗਿਆ ।
ਵੈਸੇ ਬੰਗਾਲ ਵਿੱਚ ਆਮ ਤੌਰ 'ਤੇ ਪੰਜਾਬੀਆਂ ਨੂੰ ਖਤਰਨਾਕ ਸਮਝਿਆ ਜਾਂਦਾ ਹੈ। ਪਰ ਮੈਨੂੰ ਤੇ ਕੁਝ ਪੰਜਾਬੀ ਮਿਲੇ, ਜੋ ਬਿਲਕੁਲ ਸ਼ਰੀਫ਼ ਆਦਮੀ ਸਨ। ਮੈਨੂੰ ਤੇ ਤੂੰ ਵੀ ਭਲਾ-ਮਾਣਸ ਹੀ ਮਲੂਮ ਹੁੰਦਾ ਏਂ । ਸੁਲੇਖ ਨੇ ਬੜੇ ਅਰਾਮ ਨਾਲ ਚਾਹ ਪੀਂਦੇ ਪੀਂਦੇ ਕਿਹਾ ।
ਪਰ ਸਰਦਾਰਾਂ ਨੇ ਇਹ ਨਹੀਂ ਦਸਿਆ ਕਿ ਮੈਂ ਖ਼ਤਰਨਾਕ ਕਿਵੇਂ ਹਾਂ ?
ਸਰਦਾਰ ਕਹਿੰਦੇ ਸਨ ਕਿ ਪੰਜਾਬ ਵਿੱਚ ਇਕ ਖ਼ਾਸ ਇਲਾਕਾ ਹੈ, ਜਿਥੋਂ ਦੇ ਲੋਕ ਬਦਮਾਸ਼, ਡਾਕੂ ਤੇ ਉਧਾਲੀਏ ਹੁੰਦੇ ਹਨ, ਤੇ ਮੱਖਣ ਵੀ ਉਸੇ ਇਲਾਕੇ ਦਾ ਹੈ ।
ਪਰ ਮੈਂ ਤਾਂ ਉਸ ਕਸਬੇ ਦਾ ਹਾਂ ਜਿਥੋਂ ਦੇ ਸਰਦਾਰ ਆਪ ਨੇ ।
ਹੱਛਾ ਸੁਲੇਖ ਦੇ ਬੁਲ੍ਹਾਂ ਤੇ ਇਕ ਅਰਥ-ਭਰੀ ਮੁਸਕਰਾਹਟ ਸੀ ਤੇ ਮੱਖਣ ਦੇ ਦਿਲ ਵਿੱਚ ਬੇ-ਅੰਤ ਗੁੱਸਾ ਸੀ । ਉਸ ਨੇ ਉਹ ਸਾਰੀਆਂ ਗੱਲਾਂ ਸੁਲੇਖ ਨੂੰ ਸੁਣਾ ਦਿੱਤੀਆਂ ਜੋ ਸਰਦਾਰਾਂ ਨੇ ਉਸਦੇ ਵਿਰੁੱਧ ਕੀਤੀਆਂ ਸਨ। ਸੁਲੇਖ ਜ਼ੋਰ ਦੀ ਖਿੜ ਖਿੜਾ ਕੇ ਹਸ ਪਿਆ ।
ਅਰੇ ਪੰਜਾਬੀ ਦਾਦਾ ! ਤੇਰੇ ਕੋਲ ਹੈ ਕੀ ਜੋ ਮੈਂ ਮੁਛਣ ਦਾ ਜਤਨ ਕਰਾਂਗਾ ? ਤੂੰ ਵੀ ਤਾਂ ਆਪਣੇ ਵਰਗਾ ਭੁੱਖਾ ਨੰਗਾ ਮਜ਼ਦੂਰ ਹੀ ਹੈਂ ! ਤੂੰ ਬੜਾ ਭੋਲਾ ਹੈਂ। ਤੁਸੀਂ ਬੰਗਾਲੀ ਲੋਕ ਤਾਂ ਬੜੇ ਚਲਾਕ ਹੁੰਦੇ ਹੋ ਨਾ ? ਮੱਖਣ ਦੇ ਬੋਲਾਂ ਵਿੱਚ ਅਪਣਤ ਭਰੀ ਮਖੌਲ ਸੀ । ਸੁਲੇਖ ਹੱਸਣ ਲਗ ਪਿਆ।
ਦਾਦਾ ! ਮੱਖਣ ਨੇ ਗੰਭੀਰ ਹੋ ਕੇ ਪੁਛਿਆ, ਉਸ ਦਿਨ ਉਹ ਬੰਗਾਲੀ ਸਰਦਾਰਾਂ ਨਾਲ ਕਿਉਂ ਝਗੜ ਰਿਹਾ ਸੀ ?
ਕੌਣ ਉਹ ਚੈਟਰਜੀ ! ਉਸ ਨੇ ਪੈਕਰਾਂ ਦੀ ਯੂਨੀਅਨ ਬਣਾਨ ਦਾ ਜਤਨ ਕੀਤਾ ਸੀ । ਸਰਦਾਰਾਂ ਨੇ ਉਹਨੂੰ ਕੱਢ ਦਿੱਤਾ ਤੇ ਉਹ ਆਪਣਾ ਬੋਨਸ ਮੰਗ ਰਿਹਾ ਸੀ ।
ਫਿਰ ਉਹ ਕਾਫ਼ੀ ਚਿਰ ਯੂਨੀਅਨ, ਉਸ ਦੇ ਕੰਮ ਤੇ ਫਾਇਦੇ ਬਾਰੇ ਗੱਲਾਂ ਕਰਦੇ ਰਹੇ ।
ਕੁਝ ਦਿਨਾਂ ਪਿਛੋਂ ਜਦ ਸਰਦਾਰ ਆਪਣੀ ਕਾਰ ਡਰਾਈਵ ਕਰਦੇ ਹੋਏ ਕਲੱਬ ਵਲ ਨੂੰ ਜਾ ਰਹੇ ਸਨ ਤਾਂ ਉਨ੍ਹਾਂ ਦੇਖਿਆ ਪੰਜਾਬੀ ਦਾਦਾ ਤੇ ਬੰਗਾਲੀ ਦਾਦਾ ਬਾਂਹ ਵਿੱਚ ਬਾਂਹ ਪਾਈ ਚੀਤ ਪੁਰ ਰੋਡ 'ਤੇ ਤੁਰੀ ਜਾ ਰਹੇ ਸਨ। ਸਰਦਾਰ ਨੇ ਮੱਖਣ ਨੂੰ ਚੇਤਾਵਨੀ ਦੇਣ ਵਾਸਤੇ ਕਾਰ ਉਨ੍ਹਾਂ ਦੇ ਲਾਗੇ ਲਿਆ ਕੇ ਰਫ਼ਤਾਰ ਹੌਲੀ ਕਰ ਲਈ । ਉਨ੍ਹਾਂ ਦੇ ਕੰਨਾਂ ਵਿੱਚ ਅਵਾਜ਼ ਆਈ ।
ਪਰ ਪੰਜਾਬੀ ਸਾਡਾ ਸਾਥ ਨਹੀਂ ਦੇਦੇ ? ਇਹ ਬੰਗਾਲੀ ਦਾਦੇ ਦੀ ਆਵਾਜ਼ ਸੀ ।
ਪੰਜਾਬੀਆਂ ਦੀ ਤੂੰ ਫ਼ਿਕਰ ਨਾ ਕਰ । ਪੰਜਾਬੀ ਦਾਦਾ ਬੋਲਿਆ, ਉਨ੍ਹਾਂ ਨੂੰ ਮੈਂ ਆਪੇ ਸੰਭਾਲਾਂਗਾ ।
ਦੂਸਰੇ ਪਲ ਦੋਵਾਂ ਦਾਦਿਆਂ ਨੇ ਦੇਖਿਆ ਕਿ ਸਰਦਾਰਾਂ ਦੀ ਕਾਰ ਝੁੰਜਲਾਈ ਹੋਈ ਤੇਜ਼ੀ ਨਾਲ ਸੈਂਟਰਲ ਐਵੇਨਯੂ ਨੂੰ ਮੁੜ ਗਈ ਸੀ।

***

## ਪੰਜਾਬ ਵਿੱਚ ਵੰਨਸਵੰਨਤਾ ਵਾਲੀ

ਪੰਛੀਆਂ ਦੀਆਂ ਅਨੇਕਾਂ ਪ੍ਰਜਾਤੀਆਂ ਵੀ ਇਨਸਾਨਾਂ ਦੀਆਂ ਅਜੋਕੀਆਂ ਮਨਹੂਸ ਲੋੜਾਂ ਦੀ ਭੇਟ ਚੜ੍ਹ ਗਈਆਂ ਹਨ। ਬਹੁਤੇ ਪੰਛੀ ਤਾਂ ਖੇਤਾਂ ਵਿੱਚ ਖੇਤੀ ਦੀ ਬਚਖੁਚ ਨੂੰ ਲਾਈ ਅੱਗ ਨੇ ਖਾ ਲਏ ਹਨ, ਕਣਕ ਦੇ ਨਾੜ ਤੇ ਹੋਰ ਬਚਖੁਚ ਦੀ ਅੱਗ ਨਾਲ ਜਿੱਥੇ ਸਾਡੇ ਜੀਵਨ ਦਾਤੇ ਬਿਰਛ ਸੁਆਹ ਦਾ ਢੇਰ ਬਣ ਜਾਂਦੇ ਹਨ, ਉੱਥੇ ਬਿਰਛਾਂ ਉੱਪਰ ਬਣੇ ਪੰਛੀਆਂ ਦੇ ਘਰਾਂ (ਆਲ੍ਹਣਿਆਂ) ਵਿੱਚ ਪਏ ਉਨਾਂ ਦੇ ਆਂਡੇ ਤੇ ਬੱਚੇ ਆਲ੍ਹਣਿਆਂ ਸਮੇਤ ਗਰਮ ਰਾਖ ਵਿੱਚ ਬਦਲ ਜਾਂਦੇ ਹਨ। ਆਪਣੇ ਮਿਹਨਤ ਨਾਲ ਬਣਾਏ ਆਲ੍ਹਣੇ ਤੇ ਆਪਣੇ ਬੱਚੇ ਸੜਦੇ ਵੇਖ ਕੇ ਪੰਛੀ ਵਿਰਲਾਪ ਕਰਦੇ ਹਨ। ਪਰ ਪਤਾ ਨਹੀਂ ਕਿਉਂ ਅੱਗ ਲਾਉਣ ਵਾਲੇ ਬਹੁਤੇ ਕਿਸਾਨਾਂ ਦੇ ਦਿਲਾਂ ਵਿੱਚ ਕੋਈ ਚੀਸ ਕਿਉਂ ਨਹੀਂ ਉੱਠਦੀ। ਸੈਂਕੜੇ ਫੁੱਟ ਉੱਚੇ ਪਹਾੜਾਂ ਦੀਆਂ ਚੋਟੀਆਂ ਨੂੰ ਕੌਣ ਕਰਦਾ ਹੈ ਹਰੇ ਭਰੇ ? ਇਹ ਕੰਮ ਕੇਵਲ ਪੰਛੀ ਕਰਦੇ ਹਨ, ਜੋ ਮੈਦਾਨਾਂ ਵਿਚੋਂ ਫਲ ਅਤੇ ਗੋਲ੍ਹਾਂ ਖਾ ਕੇ ਉਨ੍ਹਾਂ ਦੇ ਬੀਜ ਆਪਣੀਆਂ ਬਿੱਠਾਂ ਰਾਹੀਂ ਉੱਚੇ ਪਹਾੜਾਂ 'ਤੇ ਖਿਲਾਰਦੇ ਹਨ ਫਿਰ ਮੌਨਸੂਨ ਦਾ ਮੌਸਮ ਆਉਣ 'ਤੇ ਬੀਜ ਜੰਮਦੇ ਹਨ ਤੇ ਪਹਾੜ ਹਰਿਆਵਲ ਨਾਲ ਢਕੇ ਜਾਂਦੇ ਹਨ, ਇਉ ਇਸ ਹਰਿਆਵਲ ਨਾਲ ਵਾਤਾਵਰਨ ਵਿੱਚ ਸੰਤੁਲਨ ਸਥਾਪਤ ਹੁੰਦਾ ਹੈ।
ਮੱਝਾਂ, ਗਾਵਾਂ ਦਾ ਦੁੱਧ ਚੋਣ ਲਈ ਲਾਏ ਟੀਕਿਆਂ ਤੋਂ ਬਾਅਦ ਮਰੇ ਪਸ਼ੂਆਂ ਦਾ ਮਾਸ ਖਾ ਕੇ ਗਿਰਝਾਂ ਅਤੇ ਇੱਲਾਂ ਬਾਂਝ ਹੋ ਗਈਆਂ ਹਨ ਤੇ ਬੱਚੇ ਪੈਦਾ ਕਰਨ ਦੇ ਕਾਬਲ ਨਹੀਂ ਰਹੀਆਂ, ਇਕ ਬਹੁਤ ਸਮਰੱਥ ਤੇ ਖੂਬਸੂਰਤ ਪੰਛੀ ਨੀਲ ਕੰਠ, ਜਿਸ ਨੂੰ ਦੁਆਬੇ ਵਿੱਚ ਬੜਕੌਂਕ ਕਿਹਾ ਜਾਂਦਾ ਸੀ ਤੇ ਦੁਸਹਿਰੇ ਵਾਲੇ ਦਿਨ ਜਿਸ ਦੇ ਦਰਸ਼ਨ ਕਰਨ ਨੂੰ ਸ਼ਗਨ ਸਮਝਿਆ ਜਾਂਦਾ ਸੀ, ਨੂੰ ਪੂਰੀ ਤਰ੍ਹਾਂ ਖ਼ਤਮ ਹੋਇਆਂ ਕਈ ਦਹਾਕੇ ਹੋ ਚੁੱਕੇ ਹਨ। ਅੱਜ ਜੈਵਿਕ ਵਿਭਿੰਨਤਾ ਦੇ ਪੁਰਾਤਨ ਸੰਸਾਰ ਨੂੰ ਬੁਰੀ ਤਰ੍ਹਾਂ ਅਣਗੌਲਿਆ ਹੀ ਨਹੀਂ ਕੀਤਾ ਗਿਆ, ਸਗੋਂ ਇਸ ਤੋਂ ਖੁਰਾਕੀ ਲਾਭ ਲੈਣ ਦੀ ਲੋੜ ਵੀ ਤਿਆਗ ਦਿੱਤੀ ਗਈ ਹੈ, ਕਦੇ ਰਾਤ ਨੂੰ ਦੁੱਧ ਤੇ ਤੜਕੇ ਨੂੰ ਦ੍ਰਿੜਕੇ ਦੇ ਕੰਗਣੀ ਵਾਲੇ ਗਲਾਸ ਭਰ ਭਰ ਕੇ ਪੀਣ ਦਾ ਰਿਵਾਜ ਪ੍ਰਚੱਲਤ ਹੁੰਦਾ ਸੀ। ਲੱਸੀ ਅਤੇ ਗੰਨੇ ਦੀ ਤਾਜ਼ਾ ਰਸ ਦੇ ਛੰਨੇ ਭਰ ਭਰ ਕੇ ਪੰਜਾਬੀ ਪੀਂਦੇ ਸਨ, ਚਣ ਕਮਾਦੀ ਦੀ ਰਸ ਦੀ ਵਰਤੋਂ ਤਾਂ ਸਿਹਤ ਲਈ ਇਕ ਕੀਮਤੀ ਦਵਾਈ ਦੇ ਰੂਪ ਵਿੱਚ ਕੀਤੀ ਜਾਂਦੀ ਸੀ ਅਤੇ ਚਣ ਦੀਆਂ ਛਿੱਲਾਂ (ਪੀੜ) ਤੋਂ ਅਰਾਮਦੇਹ ਮੂੜ੍ਹੇ ਬਣਾਏ ਜਾਂਦੇ ਸਨ, ਚਣ ਦੇ ਗੰਨੇ ਹੁਣ ਤਾਂ ਸੁਫ਼ਨਿਆਂ ਵਿੱਚ ਚਲੇ ਗਏ ਹਨ। ਹਰੇ ਛੋਲੇ ਭੁੰਨ ਕੇ ਹੋਲਾਂ ਤੇ ਕਣਕ ਦੇ ਹਰੇ ਸਿੱਟੇ ਭੁੰਨ ਕੇ ਦਾਨਿਆਂ ਦੀਆਂ ਫੁੰਮਣੀਆਂ ਲੋਕ ਖਾਂਦੇ ਸਨ, ਰਾਤ ਨੂੰ ਖਾਣੇ ਤੋਂ ਬਾਅਦ ਸ਼ੱਕਰ ਘਿਓ ਖਾਂਦੇ ਸਨ, ਗਰਮੀਆਂ ਵਿੱਚ ਜੌਆਂ ਦੇ ਸੱਤੂ ਤੇ ਸਰਦੀਆਂ ਵਿੱਚ ਅਲਸੀ ਦੀਆਂ ਪਿੰਨੀਆਂ ਪੇਂਡੂ ਲੋਕ ਖਾਂਦੇ ਸਨ ਅਤੇ ਸਿਹਤਮੰਦ ਰਹਿੰਦੇ ਸਨ। ਅਲਸੀ ਤੇ ਹਾਲੋਂ ਪਸ਼ੂਆਂ ਦੀ ਸਿਹਤ ਲਈ ਤਾਕਤ ਦਾ ਖਜ਼ਾਨਾ ਸਮਝੀ ਜਾਂਦੀ ਸੀ, ਖ਼ੁਰਾਕ ਵਿੱਚ ਹਾਲੋਂ ਤੇ ਅਲਸੀ ਦੀ ਨਿਰੰਤਰ ਵਰਤੋਂ ਕਰਦਿਆਂ ਸਰੀਰ ਨੂੰ ਤਾਕਤ ਦੇਣ ਵਾਲੇ ਕਿਸੇ ਟੌਨਿਕ, ਟੀਕੇ, ਕੈਪਸੂਲ ਜਾਂ ਗੋਲੀ ਦੀ ਲੋੜ ਨਹੀਂ ਸੀ ਪੈਂਦੀ, ਇਕ ਪੁਰਾਣੀ ਕਹਾਵਤ ਹੈ ਕਿ ਹਾਲੋਂ ਤੇ ਅਲਸੀ ਕਹਿੰਦੀਆਂ ਸਨ ਕਿ ਅਸੀਂ ਕਿਸੇ ਮਰੇ ਹੋਏ ਇਨਸਾਨ ਜਾਂ ਪਸ਼ੂ ਨੂੰ ਜਿਉਂਦਾ ਤਾਂ ਨਹੀਂ ਕਰ ਸਕਦੀਆਂ, ਪਰ ! ਡਿੱਗੇ ਹੋਏ ਨੂੰ ਉਠਾ ਕੇ ਖੜ੍ਹਾ ਜ਼ਰੂਰ ਕਰ ਸਕਦੀਆਂ ਹਾਂ। ਪਰ ਅੱਜ ਆਮ ਖੇਤਾਂ ਵਿੱਚ ਅਲਸੀ ਤੇ ਹਾਲੋਂ ਦੀ ਕਾਸ਼ਤ ਕਿਤੇ ਨਜ਼ਰ ਨਹੀਂ ਆਉਂਦੀ। ਪੁਰਾਣੀਆਂ ਇਨ੍ਹਾਂ ਕਲਿਆਣਕਾਰੀ ਤੇ ਪੌਸ਼ਟਿਕ ਖੁਰਾਕਾਂ ਦੇ ਮੁਕਾਬਲੇ ਅੱਜ ਪੀਜ਼ੇ, ਬਰਗਰ ਤੇ ਫਾਸਟ ਫੂਡ ਅਤੇ ਜ਼ੰਕ ਫੂਡ ਆ ਗਏ ਹਨ, ਜੋ ਆਪਣੇ ਨਾਲ ਹੀ ਅਜੋਕੇ ਇਨਸਾਨ ਲਈ ਮੋਟਾਪਾ ਅਤੇ ਕਈ ਜਾਨਲੇਵਾ ਰੋਗ ਵੀ ਲੈ ਕੇ ਆਏ ਹਨ।

***

## ਪੰਜਾਬ 'ਚ ਰੀਅਲ ਅਸਟੇਟ ਦੇ ਸਿੱਧੇ-ਅਸਿੱਧੇ

ਅਤੇ ਆਸੇ-ਪਾਸੇ ਦੀ ਜ਼ਮੀਨ ਖਰੀਦਣਾ ਸ਼ੁਰੂ ਕਰ ਦਿੰਦੇ ਹਨ। ਜਿਹੜੇ ਪਿੰਡਾਂ ਤੇ ਕਸਬਿਆਂ ਵਿਚੋਂ ਦੀ ਹਾਈਵੇਅਜ਼ ਉਸਾਰੀ ਅਧੀਨ ਹਨ, ਉਨ੍ਹਾਂ ਦੀਆਂ ਟੈਂਕੀਆਂ ਉੱਪਰ 'ਜ਼ਮੀਨ ਖਰੀਦਣ-ਵੇਚਣ ਲਈ ਮਿਲੋ' ਦੇ ਬੋਰਡ ਅਤੇ ਲਿਖੇ ਮੋਬਾਈਲ ਨੰਬਰ ਦੂਰੋਂ ਨਜ਼ਰ ਆਉਂਦੇ ਹਨ। ਜਦ ਸ਼ਿਕਾਰੀ ਏਨੀ ਉਚਾਈ ਤੋਂ ਸ਼ਿਸਤ ਲਾਈ ਬੈਠੇ ਹੋਣ ਫੇਰ ਖੇਤ ਕਿਵੇਂ ਬਚ ਸਕਣਗੇ। ਇਉਂ ਹੀ ਹੋਇਆ, ਵੇਖਦਿਆਂ-ਵੇਖਦਿਆਂ ਹੀ ਕਾਲੋਨੀਆਂ, ਸ਼ਾਪਿੰਗ ਮਾਲ ਤੇ ਫਾਰਮ ਹਾਊਸ ਇਨ੍ਹਾਂ ਹਾਈਵੇਅਜ਼ ਦੇ ਆਸੇ-ਪਾਸੇ ਹੋਂਦ ਵਿੱਚ ਆ ਗਏ ਹਨ। ਵੱਡੀਆਂ-ਵੱਡੀਆਂ ਕੰਪਨੀਆਂ ਦੀਆਂ ਫਰੈਂਚਾਈਜ਼ ਪਿੰਡਾਂ ਤੇ ਕਸਬਿਆਂ ਵਿੱਚ ਪੁੱਜ ਗਈਆਂ ਹਨ।

ਸੂਬੇ ਵਿੱਚ ਇੱਕ-ਤਿਹਾਈ ਗਿਣਤੀ ਬਹੁਤ ਛੋਟੇ ਅਤੇ ਛੋਟੇ ਕਿਸਾਨਾਂ ਦੀ ਹੈ ਜਿਨ੍ਹਾਂ ਕੋਲ 2 ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਅਜਿਹੇ ਖੇਤਾਂ ਵਿੱਚੋਂ ਜਦ ਛੇ-ਲੇਨ ਹਾਈਵੇਅਜ਼ ਲੰਘਦੇ ਹਨ ਤਾਂ ਬਾਕੀ ਬਚੀ ਜ਼ਮੀਨ ਖੇਤੀਯੋਗ ਨਹੀਂ ਰਹਿੰਦੀ। ਹਾਈਵੇਅ ਲੰਘਣ ਨਾਲ ਅਕਸਰ ਜ਼ਮੀਨ ਟੁਕੜਿਆਂ ਵਿੱਚ ਵੰਡੀ ਜਾਂਦੀ ਹੈ। ਗ੍ਰਹਿਣ ਕੀਤੀ ਜਾ ਰਹੀ ਜ਼ਮੀਨ ਦੀ ਕੀਮਤ ਦਾ ਫ਼ੈਸਲਾ ਇੱਕ ਫਾਰਮੂਲੇ ਤਹਿਤ ਕੀਤਾ ਜਾਂਦਾ ਹੈ ਜਿਸ ਵਿੱਚ ਉਜਾੜਾ
ਭੱਤਾ ਵੀ ਸ਼ਾਮਲ ਹੈ ਪਰ ਕਿਰਤ ਤੋਂ ਉਜਾੜੇ ਕਿਸਾਨਾਂ ਲਈ ਸਿਰਫ਼ ਭੱਤੇ ਹੀ ਕਾਫ਼ੀ ਨਹੀਂ ਹੁੰਦੇ। ਘਰ ਦੂਜੀ ਥਾਂ ਬੰਨ੍ਹਣਾ ਸੌਖਾ ਹੈ ਪਰ ਖੇਤ ਨੂੰ ਦੂਜੀ ਥਾਂ ਵਸਾਉਣਾ ਅਤਿਅੰਤ ਔਖਾ ਹੈ। ਅਜਿਹੀ ਸਥਿਤੀ ਦਾ ਸਾਹਮਣਾ ਕਰਦੇ ਬਹੁਤੇ ਪਰਿਵਾਰ ਛੇਤੀ ਹੀ ਜ਼ਿੰਦਗੀ ਦੇ ਸਫ਼ਰ ਤੋਂ ਬਾਹਰ ਹੋ ਜਾਂਦੇ ਹਨ। ਨਵੀਂ ਥਾਂ 'ਤੇ ਜ਼ਮੀਨ ਖਰੀਦਦਿਆਂ ਉਨ੍ਹਾਂ ਦਾ ਸਾਹਮਣਾ ਅਚਾਨਕ ਅਜਿਹੇ ਲੋਕਾਂ ਨਾਲ ਹੋ ਜਾਂਦਾ ਹੈ ਜਿਨ੍ਹਾਂ ਕੋਲ ਕਾਲਾ ਧਨ ਵੀ ਹੈ ਅਤੇ ਉਨ੍ਹਾਂ ਨੂੰ 'ਗੱਠਜੋੜ' ਦੀ ਸਹਾਇਤਾ ਪ੍ਰਾਪਤ ਹੈ। ਭੂਮੀ ਗ੍ਰਹਿਣ ਕਾਨੂੰਨ ਤਹਿਤ ਸਬੰਧਿਤ ਪਰਿਵਾਰਾਂ 'ਤੇ ਉਜਾੜੇ ਦੇ ਪ੍ਰਭਾਵਾਂ ਨੂੰ ਜਾਣਨ ਲਈ ਸਮਾਜਿਕ-ਆਰਥਿਕ ਪ੍ਰਭਾਵ ਸਰਵੇਖਣ ਕਰਵਾਉਣ ਦੀ ਤਜਵੀਜ਼ ਵੀ ਹੈ। ਇਸ ਯਤਨ ਦਾ ਮਕਸਦ ਗ੍ਰਹਿਣ ਕੀਤੀ ਗਈ ਜ਼ਮੀਨ ਤੋਂ ਉੱਜੜੇ ਪਰਿਵਾਰਾਂ ਦੀ ਜ਼ਿੰਦਗੀ ਦੇ ਅਗਲੇ ਸਫ਼ਰ ਦੇ ਹਾਲਾਤ ਜਾਣਨ ਅਤੇ ਰਿਪੋਰਟ ਕਰਨ ਤੱਕ ਸੀਮਤ ਹੈ।
ਦੂਜੇ ਪਾਸੇ, ਕਿਸਾਨ ਪਰਿਵਾਰਾਂ ਵੱਲੋਂ ਵਿਆਹਾਂ 'ਤੇ ਵੱਡੇ ਖਰਚਿਆਂ ਅਤੇ ਹੁਣ ਆਈਲੈਟਸ ਦੀ ਲੋੜ ਨੇ ਜ਼ਮੀਨ ਨੂੰ ਵਸਤਾਂ ਵਾਂਗ ਵਿਕਣ ਦੇ ਰਾਹ ਪਾਇਆ। ਅਜਿਹੇ ਹਾਲਾਤ ਕਿਰਤੀਆਂ ਤੇ ਕਾਮਿਆਂ ਲਈ ਬਦਕਿਸਮਤੀ ਹਨ। ਜ਼ਮੀਨ ਪੁਸ਼ਤਾਂ ਦਾ ਰੁਜ਼ਗਾਰ ਹੈ। ਪਾਣੀ ਤੇ ਵਾਤਾਵਰਣ ਵਾਂਗ ਜ਼ਮੀਨ ਕੁਦਰਤ ਦਾ ਵੱਡਮੁੱਲਾ ਤੋਹਫ਼ਾ ਹੈ। ਜ਼ਮੀਨ ਮਨੁੱਖ ਤੇ ਹਰ ਜੀਵ ਲਈ ਖੁਰਾਕ ਦਾ ਅਧਾਰ ਹੈ। ਭੋਜਨ ਦੀ ਬਰਬਾਦੀ ਨੂੰ ਰੋਕਣ ਲਈ ਮਾਵਾਂ ਬਚਪਨ ਵਿੱਚ ਸੁਚੇਤ ਕਰਦੀਆਂ ਸਨ ਕਿ ਜੋ ਲੂਣ ਡੋਲ੍ਹੇਗਾ ਉਸ ਨੂੰ ਅਗਲੇ ਜਨਮ ਵਿੱਚ ਅੱਖਾਂ ਦੀਆਂ ਪਲਕਾਂ ਨਾਲ ਚੁਗਣਾ ਪਵੇਗਾ। ਜ਼ਮੀਨ ਤੇ ਮਾਂ ਮਿੱਟੀ, ਜਿਸ ਨੂੰ ਅਸੀਂ ਬੇਫ਼ਿਕਰ ਹੋ ਕੇ ਵੇਚੀ ਜਾ ਰਹੇ ਹਾਂ, ਦਾ ਕਣ-ਕਣ ਇਸੇ ਜਨਮ ਵਿੱਚ ਚੁਗਣਾ ਪਵੇਗਾ।
ਪਾਣੀ ਵਿੱਚ ਪਤਾਸਿਆਂ ਦੀ ਹੋਂਦ ਵਾਂਗ ਵੱਡੇ ਸ਼ਹਿਰਾਂ ਨੇ ਕਈ ਪਿੰਡਾਂ ਨੂੰ ਆਪਣੇ ਵਿੱਚ ਸਮੋ ਲਿਆ ਹੈ। ਸਮੇਂ ਨੇ ਲੁਧਿਆਣਾ ਸ਼ਹਿਰ ਦੇ 100 ਤੋਂ ਵੱਧ ਪਿੰਡਾਂ ਦੀ ਹੋਂਦ ਨੂੰ ਖ਼ਤਮ ਕਰ ਦਿੱਤਾ ਹੈ। ਬਾੜੇਵਾਲ, ਸੁਨੇਤ, ਜਵੱਦੀ, ਲੋਹਾਰਾ, ਦੁੱਗਰੀ, ਫੁੱਲਾਂਵਾਲ, ਕਾਰਾਬਾਰਾ, ਰਾਜਪੁਰਾ, ਗੁਰੂਨਾਨਕਪੁਰਾ, ਹੈਬੋਵਾਲ ਜਿਹੇ ਕਈ ਪਿੰਡਾਂ ਦੀ ਹੋਂਦ ਲੁਧਿਆਣੇ ਸ਼ਹਿਰ ਵਿੱਚ ਖ਼ਤਮ ਹੋ ਚੁੱਕੀ ਹੈ। ਵਧਦੀ ਅਬਾਦੀ ਦੇ ਦਬਾਅ ਨੇ ਕਈ ਪਿੰਡਾਂ ਦੀ ਛੋਟੀ-ਛੋਟੀ ਯਾਦ ਹੀ ਪਿੱਛੇ ਛੱਡੀ ਹੈ। ਢੋਲੇਵਾਲ ਪਿੰਡ ਨੇੜੇ ਇੱਕ ਚੌਕ ਦਾ ਨਾਮ 'ਢੋਲੇਵਾਲ ਚੌਕ' ਹੈ। ਸਮੇਂ ਨੇ ਘੁੱਗ ਵਸਦੇ ਟਿੱਬਾ ਪਿੰਡ ਨੂੰ ਟਿੱਬਾ ਰੋਡ ਤੱਕ ਸੀਮਤ ਕਰ ਦਿੱਤਾ ਹੈ। ਹਜ਼ਾਰ-ਹਜ਼ਾਰ ਏਕੜ ਵਾਲੇ ਇਨ੍ਹਾਂ ਪਿੰਡਾਂ ਦੇ ਖੇਤ ਕਿੱਥੇ ਚਲੇ ਗਏ ? ਬਹੁਤ ਸਾਰੀਆਂ ਨਵੀਆਂ ਸੜਕਾਂ (2019-20) ਵਿਛਾਉਣ ਨਾਲ ਸ਼ਹਿਰਾਂ ਦੁਆਲੇ ਖੇਤ ਖ਼ਤਮ ਹੋਣ ਦੀ ਰਫ਼ਤਾਰ ਵਿੱਚ ਤੇਜ਼ੀ ਆਈ ਹੈ।
ਖੇਤਾਂ ਵਿਚੋਂ ਦੀ ਨਵੇਂ ਬਣ ਰਹੇ ਹਾਈਵੇਅਜ਼, ਬਾਈਪਾਸ ਤੇ ਲਿੰਕ ਸੜਕਾਂ ਨੇ ਵਪਾਰੀਆਂ ਅਤੇ ਕਾਰੋਬਾਰੀਆਂ ਲਈ ਟੈਕਸ ਚੋਰੀ ਦੇ ਹਾਲਾਤ ਹੋਰ ਅਨੁਕੂਲ ਕਰ ਦਿੱਤੇ ਹਨ। ਰੀਅਲ ਐਸਟੇਟ ਰਾਹੀਂ ਆਸੇ-ਪਾਸੇ ਦੀਆਂ ਜ਼ਮੀਨਾਂ ਵਿੱਚ ਪੈਸੇ ਲਾ ਕੇ ਉਹ ਵੱਡੀ ਪੱਧਰ 'ਤੇ ਹੋਰ ਜ਼ਮੀਨਾਂ ਖਰੀਦ ਲੈਂਦੇ ਹਨ। ਇਉਂ ਪੰਜਾਬ ਦੀਆਂ ਮੁੱਖ ਸੜਕਾਂ ਦੇ ਆਸੇ-ਪਾਸੇ ਵਾਲੇ ਖੇਤ ਲਗਭਗ ਖ਼ਤਮ ਹੋ ਚੁੱਕੇ ਹਨ। 'ਲੁਧਿਆਣਾ ਸਦਰਨ ਬਾਈਪਾਸ' ਦੋਰਾਹੇ ਤੋਂ ਲਾਡੂਵਾਲ ਤੱਕ ਨੈਸ਼ਨਲ ਹਾਈਵੇਅ 1 ਨੂੰ ਲੁਧਿਆਣਾ ਸ਼ਹਿਰ ਤੋਂ ਬਾਈਪਾਸ ਕਰਦਾ ਹੈ। ਇਸ ਸੜਕ 'ਤੇ ਸਫ਼ਰ ਕਰਦਿਆਂ ਬਾਈਪਾਸ ਦੇ ਆਸੇ-ਪਾਸੇ ਜ਼ਮੀਨ ਦੀ ਖਪਤਕਾਰੀ ਤੇ ਇਮਾਰਤਾਂ ਦੀ ਉਸਾਰੀ ਇਸ ਸਥਿਤੀ ਨੂੰ ਪੂਰਨ ਸਪੱਸ਼ਟ ਕਰਦੀ ਹੈ। ਉੱਘਾ ਲੇਖਕ ਖੁਸ਼ਵੰਤ ਸਿੰਘ ਆਪਣੀ ਕਿਤਾਬ 'ਹਿਸਟਰੀ ਆਫ ਦਿ ਸਿੱਖਜ਼' ਵਿੱਚ ਲਿਖਦਾ ਹੈ ਕਿ ਜਦ ਬਾਰਾਂ ਆਬਾਦ ਹੋਈਆਂ ਤੇ ਨਹਿਰਾਂ ਦਾ ਪਾਣੀ ਖੇਤਾਂ ਵਿੱਚ ਪੈਣ ਲੱਗਾ ਤਾਂ ਦਸ ਰੁਪਏ ਏਕੜ ਵਾਲੇ ਖੇਤ ਦੀ ਕੀਮਤ ਸੌ ਰੁਪਏ ਪ੍ਰਤੀ ਏਕੜ ਹੋ ਗਈ ਸੀ। ਸਦਰਨ ਲੁਧਿਆਣਾ ਬਾਈਪਾਸ 'ਤੇ ਇੱਕ ਕਰੋੜ ਪ੍ਰਤੀ ਏਕੜ ਵਾਲੀ ਜ਼ਮੀਨ ਦੀ ਕੀਮਤ ਦਸ ਕਰੋੜ ਪ੍ਰਤੀ ਏਕੜ ਤੱਕ ਅੱਪੜ ਗਈ ਹੈ। ਪੈਦਾਵਾਰ ਵਧਣ ਕਾਰਨ ਉਹ ਉਛਾਲ ਜ਼ਮੀਨੀ ਸੀ, ਇਹ ਉਛਾਲ ਅਸਮਾਨੀ ਹੈ। ਇਹ ਉਛਾਲ ਅਸੁਭਾਵਿਕ ਵੀ ਹੈ ਅਤੇ ਇਸ ਦੀ ਤਿੰਨ-ਚੌਥਾਈ ਤੋਂ ਵੱਧ ਕੀਮਤ ਕੱਚੇ ਰਾਹਾਂ 'ਤੇ ਸਫ਼ਰ ਕਰਦੀ ਹੈ।
ਧਰਤੀ ਨੂੰ ਮਾਂ ਦਾ ਦਰਜਾ ਹਾਸਲ ਹੈ। ਜਿਹੜੀ ਧਰਤੀ ਮਾਂ ਸਭ ਜੀਵਾਂ ਨੂੰ ਪਾਲਦੀ ਹੈ, ਉਸੇ ਧਰਤੀ ਨੂੰ ਅਮੀਰ ਲੋਕਾਂ ਵੱਲੋਂ ਕਾਲਾ ਧਨ ਛੁਪਾਉਣ ਲਈ ਵਰਤਿਆ ਜਾ ਰਿਹਾ ਹੈ। ਇਹ ਧਰਤੀ ਮਾਂ ਦੇ ਮੱਥੇ 'ਤੇ ਕਲੰਕ ਹੈ। ਕਿਰਤੀ, ਕਾਮੇ ਤੇ ਕਿਸਾਨ ਇਸੇ ਅਵਸਥਾ 'ਤੇ ਜ਼ਿੰਦਗੀ ਦੇ ਹਾਸ਼ੀਏ ਤੋਂ ਬਾਹਰ ਡਿੱਗ ਜਾਂਦੇ ਹਨ, ਖ਼ੁਦਕੁਸ਼ੀਆਂ ਇਸੇ ਸਥਿਤੀ ਦੀ ਉਪਜ ਹਨ। 'ਚਿਪਕੋ' ਅੰਦੋਲਨ ਜਿਹੀ ਭਾਵਨਾ ਇਸ ਸਮੇਂ ਧਰਤੀ ਮਾਂ ਦੀ ਪੁਕਾਰ ਹੈ।ਪੰਜਾਬ ਵਿੱਚ ਡੇਰਿਆਂ ਦਾ ਬੋਲਬਾਲਾ ਕਿਉਂ ?

***

## ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ

ਹੀ ਮੰਨੇ, ਗੁਰੂ ਗ੍ਰੰਥ ਸਾਹਿਬ ਤੋਂ ਹੀ ਸੇਧ ਲਵੇ, ਜਿਸ ਦਾ ਆਚਰਣ ਉੱਚਾ ਤੇ ਸੁੱਚਾ ਹੋਵੇ, ਜੋ ਜ਼ੁਲਮ ਦੇ ਖ਼ਿਲਾਫ਼ ਆਪਣੀ ਆਵਾਜ਼ ਚੁੱਕੇ ਤੇ ਲੋੜਵੰਦਾਂ ਦੀ ਮਦਦ ਕਰੇ, ਜੋ ਕਥਨੀ ਅਤੇ ਕਰਨੀ ਦਾ ਪੂਰਾ ਹੋਵੇ, ਜੋ ਹੱਕ ਸੱਚ ਦੀ ਕਮਾਈ ਕਰੇ ਅਤੇ ਦਸਵੰਧ ਕੱਢੇ, ਜਿਸ ਵਿਚ ਕਿਸੇ ਪ੍ਰਤੀ ਵੈਰ ਵਿਰੋਧ ਦੀ ਭਾਵਨਾ ਨਾ ਹੋਵੇ। ਜੋ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ 'ਤੇ ਕਾਬੂ ਪਾ ਸਕੇ।
ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਬੀਬੀਆਂ ਦੇ ਸਿਦਕ ਨੂੰ ਅਸੀਂ ਹਰ ਰੋਜ਼ ਅਰਦਾਸ ਵਿੱਚ ਯਾਦ ਕਰਦੇ ਹਾਂ ਕਿ ਛੋਟੇ-ਛੋਟੇ ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿੱਚ ਹਾਰ ਪਵਾਏ, ਪਰ ਸਿੱਖੀ ਸਿਦਕ ਨਹੀਂ ਡੋਲਿਆ। ਜ਼ਰਾ ਸੋਚੀਏ, ਉਹ ਸਿੱਖੀ ਸਿਦਕ ਅੱਜ ਸਾਡੇ ਵਿੱਚ ਹੈ ? ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਖ਼ਾਲਸੇ ਲਈ ਆਪਣਾ ਸਰਬੰਸ ਕੁਰਬਾਨ ਕਰ ਦਿੱਤਾ, ਕੀ ਅਸੀਂ ਉਸ ਨੂੰ ਸੰਭਾਲਿਆ ਹੈ ? 'ਖਾਲਸਾ ਸਾਜਨਾ ਦਿਵਸ' ਮੌਕੇ ਜਿੱਥੇ ਗੁਰਦੁਆਰਿਆਂ ਵਿੱਚ ਵੱਡੇ-ਵੱਡੇ ਸਮਾਗਮ ਹੁੰਦੇ ਨੇ, ਕਥਾ-ਕੀਰਤਨ ਚੱਲਦੇ ਨੇ, ਲੰਗਰਾਂ ਵਿੱਚ ਅਨੇਕਾਂ ਪਦਾਰਥ ਬਣਦੇ ਨੇ, ਅਨੇਕਾਂ ਦਾਨ-ਪੁੰਨ ਕੀਤੇ ਜਾਂਦੇ ਨੇ, ਉਥੇ ਇਹ ਵੀ ਵਿਸ਼ਲੇਸ਼ਣ ਕਰੀਏ ਕਿ ਕਥਾ-ਕੀਰਤਨ ਵਿੱਚ ਮਨ ਕਿੰਨੇ ਕੁ ਜੁੜੇ, ਕੀ ਅਸੀਂ ਸਿੱਖੀ ਦੇ ਅਸਲ ਮਾਰਗ 'ਤੇ ਚੱਲ ਰਹੇ ਹਾਂ ?
ਆਓ, ਇਸ ਖ਼ਾਲਸਾ ਸਾਜਨਾ ਦਿਵਸ ਮੌਕੇ ਆਪ ਵੀ ਇਤਿਹਾਸ ਪੜ੍ਹੀਏ, ਆਪਣੇ ਬੱਚਿਆਂ ਨੂੰ ਵੀ ਸੁਣਾਈਏ। ਆਪ ਵੀ ਸਿੱਖੀ ਦੇ ਮਾਰਗ 'ਤੇ ਤੁਰੀਏ ਅਤੇ ਬੱਚਿਆਂ ਨੂੰ ਵੀ ਤੋਰੀਏ ਤੇ ਆਪਣੀ ਕੌਮ ਦਾ ਨਿਆਰਾਪਨ ਬਰਕਰਾਰ ਰੱਖੀਏ।

***

## ਮਾਹੌਲ ਵਿੱਚ ਤਲਖੀ ਪੈਦਾ ਕਰਨ ਤੋਂ

ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਦਿਆਂ ਕੀਤੇ ਜਾ ਰਹੇ ਸ਼ਾਂਤਮਈ ਸੰਘਰਸ਼ ਤਹਿਤ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਆਰੰਭ ਹੋਣ ਵਾਲੇ ਖ਼ਾਲਸਾ ਚੇਤਨਾ ਮਾਰਚ ਨੂੰ ਰੋਕਣ ਲਈ ਸਰਕਾਰ ਵੱਲੋਂ ਵਰਤੇ ਜਾ ਰਹੇ ਹਥਕੰਡੇ ਪੰਜਾਬ ਦੀ ਅਮਨ-ਸ਼ਾਂਤੀ ਵਾਲੇ ਮਾਹੌਲ ਦੇ ਹਿਤ ਵਿਚ ਨਹੀਂ ਹਨ।
ਉਨ੍ਹਾਂ ਆਖਿਆ ਕਿ ਸਰਕਾਰ ਨੂੰ ਅਤੀਤ ਤੋਂ ਸਬਕ ਲੈਂਦਿਆਂ ਕੋਈ ਵੀ ਅਜਿਹੀ ਕਾਰਵਾਈ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਸ ਦੇ ਨਾਲ ਸਿੱਖਾਂ ਵਿੱਚ ਰੋਸ ਤੇ ਅਲਹਿਦਗੀ ਦੀ ਭਾਵਨਾ ਵੱਧਦੀ ਹੋਵੇ ਅਤੇ ਪੰਜਾਬ ਦਾ ਮਾਹੌਲ ਖ਼ਰਾਬ ਹੁੰਦਾ ਹੋਵੇ। ਉਨ੍ਹਾਂ ਆਖਿਆ ਕਿ ਪੁਲਿਸ ਦੇ ਬਲ ਦੀ ਦੁਰਵਰਤੋਂ ਕਰਦਿਆਂ ਭਾਈ ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਦੇ ਮਨੁੱਖੀ ਅਧਿਕਾਰਾਂ ਲਈ ਉਨ੍ਹਾਂ ਦੇ ਪਰਿਵਾਰਾਂ ਵਲੋਂ ਚੁੱਕੀ ਜਾ ਰਹੀ ਆਵਾਜ਼ ਨੂੰ ਦਬਾਉਣ ਲਈ ਸਰਕਾਰ ਦੁਆਰਾ ਵਰਤੀ ਜਾ ਰਹੀ ਜਬਰ ਦੀ ਨੀਤੀ ਬੇਹੱਦ ਨਿੰਦਣਯੋਗ ਹੈ।

***

## ਗਾਜ਼ਾ ਪੱਟੀ: ਕਦੋਂ ਤੱਕ ਹੁੰਦਾ ਰਹੇਗਾ

ਸਿਰਫ਼ ਇੱਕ ਬ੍ਰਿਗੇਡ 'ਨਾਹਲ ਬ੍ਰਿਗੇਡ' ਇਸ ਸਮੇਂ ਗਾਜ਼ਾ ਪੱਟੀ 'ਚ ਹੈ। ਨਾਹਲ ਬ੍ਰਿਗੇਡ ਨੂੰ ਨੇਟਜ਼ਾਰਿਮ ਕੋਰੀਡੋਰ ਨੂੰ ਸੁਰੱਖਿਅਤ ਕਰਨ ਦਾ ਕੰਮ ਸੌਂਪਿਆ ਗਿਆ ਹੈ। ਇਹ ਕੋਰੀਡੋਰ ਆਈ. ਡੀ. ਐੱਫ. ਨੂੰ ਉੱਤਰੀ ਤੇ ਮੱਧ ਗਾਜ਼ਾ 'ਚ ਛਾਪੇਮਾਰੀ ਕਰਨ ਦੇ ਯੋਗ ਬਣਾਉਂਦਾਹੈ ਤੇ ਫਿਲਸਤੀਨੀਆਂ ਨੂੰ ਪੱਟੀ ਦੇ ਉੱਤਰੀ ਹਿੱਸੇ 'ਚ ਵਾਪਸ ਜਾਣ ਤੋਂ ਰੋਕਦਾ ਹੈ।

**ਮਨੁੱਖੀ ਆਧਾਰ 'ਤੇ ਟਕਰਾਅ ਨੂੰ ਰੋਕਿਆ ਜਾਵੇ : ਸੁਨਕ**

ਬ੍ਰਿਟੇਨ ਦੇ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਮਾਸੂਮ ਬੱਚਿਆਂ ਦੀ ਖ਼ਾਤਰ ਗਾਜ਼ਾ 'ਚ ਚੱਲ ਰਹੇ ਇਜ਼ਰਾਈਲ-ਹਮਾਸ ਸੰਘਰਸ਼ ਨੂੰ ਮਨੁੱਖੀ ਆਧਾਰ 'ਤੇ ਬੰਦ ਕਰਨ ਦੇ ਆਪਣੇ ਸੱਦੇ ਨੂੰ ਦੁਹਰਾਇਆ। ਬ੍ਰਿਟੇਨ ਨੇ 6 ਮਹੀਨਿਆਂ ਦੇ ਸੰਘਰਸ਼ ਦੇ ਪੂਰਾ ਹੋਣ 'ਤੇ ਗਾਜ਼ਾ ਲਈ ਇੱਕ ਸਮੁੰਦਰੀ ਸਹਾਇਤਾ ਕੋਰੀਡੋਰ ਸਥਾਪਤ ਕਰਨ ਲਈ ਫੌਜੀ ਤੇ ਨਾਗਰਿਕ ਸਹਾਇਤਾ ਦੇ ਇੱਕ ਨਵੇਂ ਪੈਕੇਜ ਦਾ ਐਲਾਨ ਕੀਤਾ।

**ਇਰਾਨੀ ਅਧਿਕਾਰੀ ਨੇ ਦਿੱਤੀ ਚਿਤਾਵਨੀ, ਦੁਨੀਆਂ ਭਰ 'ਚ ਇਜ਼ਰਾਈਲੀ ਦੂਤਘਰ ਸੁਰੱਖਿਅਤ ਨਹੀਂ**

ਇੱਕ ਚੋਟੀ ਦੇ ਇਰਾਨੀ ਫ਼ੌਜੀ ਸਲਾਹਕਾਰ ਨੇ ਇਜ਼ਰਾਈਲ ਨੂੰ ਚਿਤਾਵਨੀ ਦਿੱਤੀ ਹੈ ਕਿ ਦਮਿਸ਼ਕ 'ਚ ਪਿਛਲੇ ਹਫ਼ਤੇ ਹੋਏ ਹਮਲੇ ਤੋਂ ਬਾਅਦ ਉਸ ਦਾ ਕੋਈ ਵੀ ਦੂਤਘਰ ਸੁਰੱਖਿਅਤ ਨਹੀਂ ਹੈ। ਇਸ ਹਮਲੇ 'ਚ 2 ਮਸ਼ਹੂਰ ਇਰਾਨੀ ਜਨਰਲਾਂ ਸਮੇਤ 12 ਲੋਕ ਮਾਰੇ ਗਏ ਸਨ। ਜਨਰਲ ਰਹੀਮ ਸਫਾਵੀ ਦੀਆਂ ਟਿੱਪਣੀਆਂ ਤੋਂ ਸੰਕੇਤ ਮਿਲਦਾ ਹੈ ਕਿ ਕੂਟਨੀਤਕ ਮਿਸ਼ਨ 'ਤੇ ਹਮਲੇ ਨਾਲ ਵੀ ਇਸੇ ਤਰ੍ਹਾਂ ਦੀ ਪ੍ਰਤੀਕਿਰਿਆ ਦਿੱਤੀ ਜਾ ਸਕਦੀ ਹੈ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਇਜ਼ਰਾਈਲ ਕਿਸੇ ਵੀ ਜਵਾਬ ਲਈ ਤਿਆਰ ਹੈ।

***

## ਕੋਰੋਨਾ ਤੋਂ ਵੀ 100 ਗੁਣਾ ਵੱਧ ਖ਼ਤਰਨਾਕ

ਲਗਾਤਾਰ ਵਿਕਸਿਤ ਹੋ ਰਿਹਾ ਹੈ। ਇਹ ਸੱਚਮੁੱਚ ਸਹੀ ਸਮਾਂ ਹੈ ਕਿ ਅਸੀਂ ਤਿਆਰ ਹੋ ਜਾਈਏ।'
ਕੈਨੇਡਾ ਸਥਿਤ ਫਾਰਮਾਸਿਊਟੀਕਲ ਕੰਪਨੀ ਬਾਇਓਨੀਆਗਰਾ ਦੇ ਸੰਸਥਾਪਕ ਜੌਹਨ ਫੁਲਟਨ ਨੇ ਇਨ੍ਹਾਂ ਚਿੰਤਾਵਾਂ ਨੂੰ ਦੁਹਰਾਇਆ। ਉਨ੍ਹਾਂ ਨੇ ਐਚ5 ਐਨ1ਮਹਾਮਾਰੀ ਦੀ ਗੰਭੀਰਤਾ 'ਤੇ ਜ਼ੋਰ ਦਿੱਤਾ ਅਤੇ ਇਹ ਵੀ ਕਿਹਾ ਕਿ ਇਹ ਕੋਵਿਡ-19 ਤੋਂ ਵੀ ਜ਼ਿਆਦਾ ਘਾਤਕ ਹੋ ਸਕਦਾ ਹੈ। ਫੁਲਟਨ ਨੇ ਕਿਹਾ, 'ਇਹ ਕੋਵਿਡ ਨਾਲੋਂ 100 ਗੁਣਾ ਮਾੜਾ ਜਾਪਦਾ ਹੈ, ਜਾਂ ਇਹ ਉਦੋਂ ਹੋ ਸਕਦਾ ਹੈ ਜਦੋਂ ਇਹ ਬਦਲਦਾ ਹੈ ਅਤੇ ਆਪਣੀ ਉੱਚ ਮੌਤ ਦਰ ਨੂੰ ਕਾਇਮ ਰੱਖਦਾ ਹੈ।'
ਵਰਲਡ ਹੈਲਥ ਆਰਗੇਨਾਈਜ਼ੇਸ਼ਨ ਦੇ ਅਨੁਸਾਰ, 2003 ਤੋਂ ਐਚ5 ਐਨ1ਬਰਡ ਫਲੂ ਨਾਲ ਸੰਕਰਮਿਤ ਹਰ 100 ਲੋਕਾਂ ਵਿੱਚੋਂ 52 ਦੀ ਮੌਤ ਹੋ ਗਈ ਹੈ। 887 ਮਾਮਲਿਆਂ ਵਿੱਚੋਂ ਕੁੱਲ 462 ਮੌਤਾਂ ਹੋ ਚੁੱਕੀਆਂ ਹਨ। ਇਸ ਦੇ ਉਲਟ, ਕੋਵਿਡ ਲਈ ਮੌਜੂਦਾ ਮੌਤ ਦਰ 0.1 ਪ੍ਰਤੀਸ਼ਤ ਤੋਂ ਘੱਟ ਹੈ। ਹਾਲਾਂਕਿ, ਮਹਾਂਮਾਰੀ ਦੀ ਸ਼ੁਰੂਆਤ ਵਿੱਚ ਇਹ ਲਗਭਗ 20 ਪ੍ਰਤੀਸ਼ਤ ਸੀ।

***

## ਬੈਲਜੀਅਮ ਵਿੱਚ ਵਿਸਾਖੀ ਪੁਰਬ ਨੂੰ

ਅਸੀਂ ਉਨ੍ਹਾਂ ਨੂੰ ਜੀ ਆਇਆ ਆਖਦੇ ਹਾਂ। ਅੰਤ ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸਰਦਾਰ ਕਰਮ ਸਿੰਘ ਅਤੇ ਮੈਂਬਰਾਂ ਨੇ ਨਗਰ ਕੀਰਤਨ ਵਿੱਚ ਸ਼ਾਮਿਲ ਹੋਈਆਂ ਸੰਗਤਾਂ ਦਾ ਧੰਨਵਾਦ ਕਰਨ ਦੇ ਨਾਲ ਯੂਰੋਪੀਅਨ ਸਿੱਖ ਓਰਗੇਨਾਈਜੇਸ਼ਨ ਦੇ ਮੁਖੀ ਸਰਦਾਰ ਬਿੰਦਰ ਸਿੰਘ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਇਸ ਨਗਰ ਕੀਰਤਨ ਨੂੰ ਯਾਦਗਾਰ ਬਣਾਉਣ ਵਿੱਚ ਬਹੁਤ ਮਿਹਨਤ ਕੀਤੀ ਸੀ ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com